ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 19 | Issue 90 | 27 Sept. to 3 Oct., 2023 | Ph.: (510) 240-5949 | Email: asrtimes@gmail.com



# ਮਹਿਲਾ ਰਾਖਵਾਂਕਰਨ ਬਿੱਲ

## ਸਰਬਸੰਮਤੀ ਨਾਲ ਹੋਇਆ ਪਾਸ



- ਨਵੀਂ ਸੰਸਦ 'ਚ ਪਾਸ ਹੋਣ ਵਾਲਾ ਇਹ ਪਹਿਲਾ ਕਾਨੂੰਨ ਕਦੋਂ ਤੋਂ ਹੋਵੇਗਾ ਲਾਗੂ ?
- ਕੀ ਭਾਰਤ ਦੀ ਸਿਆਸਤ 'ਚ ਮਹਿਲਾਵਾਂ ਨੂੰ ਮਿਲੇਗੀ ਢੁਕਵੀਂ ਨੁਮਾਇੰਦਗੀ
- 1996 ਅਤੇ 2010 ਵਿੱਚ ਵੀ ਹੋਈ ਸੀ ਲੋਕ ਸਭਾ ਅਤੇ ਰਾਜ ਸਭਾ ਵਿੱਚ ਮਹਿਲਾਵਾਂ ਲਈ ਕੋਟਾ ਰੱਖਣ ਦੀ ਕੋਸ਼ਿਸ਼
- ਕਈ ਵਾਰ ਬਹਿਸ ਦੇ ਵਿੱਚ ਗਵਾਚ ਗਿਆ ਸੀ ਮਹਿਲਾ ਰਾਖਵਾਂਕਰਨ ਕਾਨੂੰਨ ਪਾਸ ਕਰਨ ਦਾ ਯਤਨ

ਸੰਵਿਧਾਨ ਦੇ ਵਿੱਚ ਸੋਧ ਕਰਕੇ ਨਾਰੀ ਸ਼ਕਤੀ ਦਾ ਕਾਨੂੰਨ ਪਾਸ ਕਰਕੇ ਮੋਦੀ ਸਰਕਾਰ ਇਸ ਨੂੰ ਇਨਕਲਾਬੀ ਕਦਮ ਦਰਸਾਅ ਰਹੀ ਹੈ। ਲੋਕ ਸਭਾ ਅਤੇ ਰਾਜ ਸਭਾ ਵਿੱਚ ਸਾਂਸਦਾ ਲਈ ਇੱਕ ਤਿਹਾਈ ਰਾਖਵਾਂਕਰਨ ਦੇ ਕੇ 25-30 ਸਾਲਾਂ ਤੋਂ ਲਟਕਿਆ ਕਾਨੂੰਨ ਪਾਸ ਕਰਨ ਦੇ ਦਮਗਜੇ ਮਾਰੇ ਗਏ। 1993 ਵਿੱਚ ਜਦੋਂ ਪੰਚਾਇਤੀ ਰਾਜ ਐਕਟ ਪਾਸ ਕੀਤਾ ਗਿਆ ਸੀ, ਤਾਂ ਔਰਤਾਂ ਲਈ ਇੱਕ ਤਿਹਾਈ ਕੋਟਾ ਰਖਿਆ ਗਿਆ ਸੀ ਤੇ ਕੋਸ਼ਿਸ਼ ਉਦੋਂ ਤੋਂ ਹੀ ਸ਼ੁਰੂ ਹੋ ਗਈ ਸੀ, ਕਿ ਲੋਕ ਸਭਾ ਅਤੇ ਰਾਜ ਸਭਾ ਵਿੱਚ ਵੀ ਇਹ ਕੋਟਾ ਰੱਖਿਆ ਜਾਵੇ। ਕੋਸ਼ਿਸ਼ 1996 ਵਿੱਚ ਵੀ ਹੋਈ ਅਤੇ 2010 ਦੇ ਵਿੱਚ ਵੀ ਤੇ ਹਰ ਵਾਰ ਬਹਿਸ ਦੇ ਵਿੱਚ ਗਵਾਚ ਕੇ ਰਹਿ ਗਈ। ਮੋਦੀ ਸਰਕਾਰ ਨੂੰ ਸਾਢੇ ਨੌ ਸਾਲ ਬਾਅਦ ਆਪਣੀ ਦੂਜੀ ਟਰਨ ਦੇ ਵਿੱਚ ਇਹ ਪੱਤਾ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ। ਨਵੀਂ ਸੰਸਦ ਦੇ ਵਿੱਚ ਇਹ ਪਹਿਲਾ ਕਾਨੂੰਨ



ਸਰਬ ਸੰਮਤੀ ਨਾਲ ਪਾਸ ਹੋਇਆ, ਲਾਗੂ ਕਦੋਂ ਹੋਵੇਗਾ, ਕਿੰਨੀਆਂ ਸੀਟਾਂ ਪਤਾ ਨਹੀਂ ? ਪਰ ਫਿਰ ਵੀ ਇਨਕਲਾਬੀ ਕਾਨੂੰਨ ਹੈ। ਜਿਹੜੀ ਕਮੇਟੀ ਲੈ ਕੇ ਆਈ ਹੈ, ਉਸ ਦੇ ਵਿੱਚ ਭਲਾ ਕੌਣ ਮਹਿਲਾ ਸੀ, ਤੇ ਕਿੰਨਾ ਗੱਲਾਂ 'ਤੇ ਇਹ ਕਮੇਟੀ ਕਾਨੂੰਨ ਲੈ ਕੇ ਆਈ ਹੈ, ਉਸ ਦਾ ਵੀ ਕੋਈ ਪਤਾ ਨਹੀਂ। ਕਈ ਵਾਰ ਤਾਂ ਇਸ ਤਰਾਂ ਲੱਗਦਾ ਹੈ ਕਿ ਇਹ ਕਾਨੂੰਨ (ਬਾਕੀ ਸਫ਼ਾ 29 'ਤੇ)

## ਮਹਿਲਾ ਰਾਖਵਾਂਕਰਨ ਬਿੱਲ



ਭਾਰਤ ਦੀ ਲੋਕ ਸਭਾ ਤੋਂ ਬਾਅਦ ਰਾਜ ਸਭਾ 'ਚ ਵੀ ਮਹਿਲਾ ਰਾਖਵਾਂਕਰਨ ਬਿੱਲ ਪਾਸ ਹੋ ਗਿਆ ਹੈ। ਇਸ ਬਿੱਲ ਵਿੱਚ ਔਰਤਾਂ ਨੂੰ ਸੰਸਦ ਅਤੇ ਅਸੈਂਬਲੀਆਂ ਵਿੱਚ 33 ਫੀਸਦੀ ਰਾਖਵਾਂਕਰਨ ਦੇਣ ਦੀ ਵਿਵਸਥਾ ਕੀਤੀ ਗਈ ਹੈ। ਔਰਤਾਂ ਦੇ ਰਾਖਵੇਂਕਰਨ ਲਈ ਪੇਸ਼ ਕੀਤਾ ਗਿਆ ਬਿੱਲ 128ਵਾਂ ਸੰਵਿਧਾਨਕ ਸੋਧ ਬਿੱਲ ਹੈ। ਭਾਵੇਂ ਕਿ ਇਸ ਬਿੱਲ ਨੂੰ ਲਾਗੂ ਕਰਨ ਦੇ ਰਾਹ ਵਿੱਚ ਕਈ ਰੁਕਾਵਟਾਂ ਹਨ, ਜਿਸ ਕਾਰਨ ਲੰਬਾ ਇੰਤਜ਼ਾਰ ਕਰਨਾ ਪੈ ਸਕਦਾ ਹੈ। ਇਸ ਬਿੱਲ ਵਿੱਚ ਕਿਹਾ ਗਿਆ ਹੈ ਕਿ ਇਸ ਦੀਆਂ ਵਿਵਸਥਾਵਾਂ ਨੂੰ ਜਨਗਣਨਾ ਦੇ ਅੰਕੜਿਆਂ ਅਤੇ ਹੱਦਬੰਦੀ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਹੀ ਲਾਗੂ ਕੀਤਾ ਜਾਵੇਗਾ। ਹੱਦਬੰਦੀ ਵਿੱਚ, ਸੀਮਾਵਾਂ ਲੋਕ ਸਭਾ ਅਤੇ ਵਿਧਾਨ ਸਭਾ ਹਲਕਿਆਂ ਦੀ ਆਬਾਦੀ ਦੇ ਅੰਕੜਿਆਂ ਦੇ ਆਧਾਰ 'ਤੇ ਤੈਅ ਕੀਤੀਆਂ ਜਾਂਦੀਆਂ ਹਨ।

ਲੋਕ ਸਭਾ ਅਤੇ ਵਿਧਾਨ ਸਭਾਵਾਂ ਦੇ ਭੰਗ ਹੋਣ ਅਤੇ ਹੱਦਬੰਦੀ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਔਰਤਾਂ ਦਾ ਰਾਖਵਾਂਕਰਨ ਪ੍ਰਭਾਵੀ ਹੋ ਸਕਦਾ ਹੈ।

## ਹੱਕ ਵਿੱਚ ਕਿੰਨੀਆਂ ਵੋਟਾਂ ?

ਕੇਂਦਰ ਸਰਕਾਰ ਨੇ 18 ਤੋਂ 22 ਸਤੰਬਰ ਤੱਕ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਸੀ। ਸੰਸਦ ਦੀ ਨਵੀਂ ਇਮਾਰਤ ਵਿੱਚ 19 ਸਤੰਬਰ ਨੂੰ ਕਾਰਵਾਈ ਸ਼ੁਰੂ ਹੋਈ। ਪਹਿਲੇ ਦਿਨ ਹੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਔਰਤਾਂ ਦੇ ਰਾਖਵੇਂਕਰਨ ਨਾਲ ਸਬੰਧਿਤ ਬਿੱਲ ਪੇਸ਼ ਕੀਤਾ। ਕਰੀਬ ਸੱਤ ਘੰਟੇ ਦੀ ਚਰਚਾ ਤੋਂ ਬਾਅਦ 20 ਸਤੰਬਰ ਨੂੰ ਲੋਕ ਸਭਾ ਵਿੱਚ ਇਹ ਬਿੱਲ ਪਾਸ ਕੀਤਾ ਗਿਆ ਸੀ। ਇਸ ਦੇ ਹੱਕ ਵਿੱਚ 454 ਵੋਟਾਂ ਪਈਆਂ, ਜਦਕਿ ਦੋ ਸੰਸਦ ਮੈਂਬਰਾਂ ਨੇ ਇਸ ਦੇ ਵਿਰੋਧ ਵਿੱਚ ਵੋਟ ਪਾਈ।21 ਸਤੰਬਰ ਨੂੰ ਰਾਜ ਸਭਾ 'ਚ 'ਨਾਰੀ ਸ਼ਕਤੀ ਵੰਦਨ ਬਿੱਲ' ਪਾਸ ਕੀਤਾ ਗਿਆ, ਜਿੱਥੇ 215 ਸੰਸਦ ਮੈਂਬਰਾਂ ਨੇ ਇਸ ਦੇ ਸਮਰਥਨ 'ਚ ਵੋਟਿੰਗ ਕੀਤੀ। ਇੱਥੇ ਇਸ ਦੇ ਖ਼ਿਲਾਫ਼ ਇੱਕ ਵੀ ਵੋਟ ਨਹੀਂ ਪਈ। (ਬਾਕੀ ਸਫ਼ਾ 29 'ਤੇ)

## ਸਿਆਸਤ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਮਹਿਲਾ ਵੋਟਰ

1962 ਦੀਆਂ ਚੋਣਾਂ ਵਿੱਚ ਔਰਤਾਂ ਨਾਲੋਂ 16 ਫੀਸਦੀ ਵੱਧ ਮਰਦਾਂ ਨੇ ਵੋਟਾਂ ਪਾਈਆਂ। ਜੋ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਘਟ ਕੇ 8.4 ਫੀਸਦੀ ਰਹਿ ਗਿਆ ਸੀ, ਜਦੋਂ ਕਿ 2014 ਵਿੱਚ ਇਹ ਹੋਰ ਘਟ ਕੇ 1.8 ਫੀਸਦੀ ਰਹਿ ਗਿਆ ਸੀ। ਫਿਰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਮਾਲ ਹੋਇਆ। ਇਸ ਚੋਣ ਵਿੱਚ ਔਰਤਾਂ ਦੀ ਗਿਣਤੀ ਮਰਦ ਵੋਟਰਾਂ ਨਾਲੋਂ ਵੱਧ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ 67% ਤੋਂ ਵੱਧ ਮਹਿਲਾ ਵੋਟਰਾਂ ਨੇ ਵੋਟ ਪਾਈ ਸੀ। ਚੋਣ ਕਮਿਸ਼ਨ ਨੇ ਇਸ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਸੀ ਕਿ 1962 ਵਿੱਚ ਮਰਦ ਅਤੇ ਔਰਤ ਵੋਟਰਾਂ ਵਿੱਚ ਅੰਤਰ 16.71% ਸੀ ਅਤੇ 2019 ਤੱਕ ਮਰਦ ਵੋਟਰਾਂ ਨਾਲੋਂ 0.17% ਵੱਧ (ਬਾਕੀ ਸਫ਼ਾ 29 'ਤੇ)

## ਭਾਰਤ ਵਿੱਚ ਮਹਿਲਾ ਵੋਟਰਾਂ ਦੀ ਸਥਿਤੀ



1980 ਤੋਂ 2014 ਦਰਮਿਆਨ ਮਹਿਲਾ ਵੋਟਰਾਂ ਦੀ ਗਿਣਤੀ ਵਿੱਚ 15 ਫੀਸਦੀ ਵਾਧਾ ਹੋਇਆ ਹੈ। ਜਿੱਥੇ 1980 ਵਿੱਚ ਮਹਿਲਾ ਵੋਟਰਾਂ ਦੀ ਗਿਣਤੀ 51 ਫ਼ੀਸਦੀ ਸੀ, ਉਹ 2014 ਵਿੱਚ ਵੱਧ ਕੇ 66 ਫ਼ੀਸਦੀ ਹੋ ਗਈ ਹੈ। 1990 ਦੇ ਦਹਾਕੇ ਵਿੱਚ ਮਹਿਲਾ ਵੋਟਰਾਂ ਦੀ ਗਿਣਤੀ ਵਧਣੀ ਸ਼ੁਰੂ ਹੋਈ ਅਤੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਮਹਿਲਾ ਵੋਟਰਾਂ ਨੇ ਮਤਦਾਨ ਕੀਤਾ ਪਰ ਫਿਰ ਵੀ ਸਥਿਤੀ ਨੂੰ ਪੂਰੀ ਤਰ੍ਹਾਂ ਸੁਧਰਿਆ ਨਹੀਂ ਮੰਨਿਆ ਜਾ ਸਕਦਾ ਹੈ। ਪ੍ਰਤੀਸ਼ਤਤਾ ਪੱਖੋਂ ਮਹਿਲਾ ਵੋਟਰਾਂ ਦੀ ਸਥਿਤੀ ਕਮਜ਼ੋਰ ਹੈ, ਇਸ ਦੇ ਨਾਲ ਹੀ ਵੋਟ ਪਾਉਣ ਜਾਣ ਵਾਲੀਆਂ ਔਰਤਾਂ ਦਾ ਵੱਡਾ ਹਿੱਸਾ ਵੋਟ ਦੇ ਮਾਮਲੇ ਵਿੱਚ ਆਪਣੇ ਤੌਰ 'ਤੇ ਫੈਸਲਾ ਨਹੀਂ ਲੈ ਪਾ ਰਿਹਾ ਹੈ। ਉਨ੍ਹਾਂ ਦੀ ਵੋਟ ਕਿਸ ਪਾਰਟੀ ਜਾਂ ਨੇਤਾ ਨੂੰ ਜਾਵੇਗੀ, ਇਹ ਘਰ ਦੇ ਮਰਦ ਹੀ ਤੈਅ ਕਰਦੇ ਹਨ ਅਤੇ ਉਹੀ ਹਦਾਇਤਾਂ ਮੰਨ ਕੇ ਵੋਟ ਪਾਉਣ ਜਾਂਦੇ ਹਨ। ਸਰਗਰਮ ਸਿਆਸਤ ਵਿੱਚ ਔਰਤਾਂ ਦੀ (ਬਾਕੀ ਸਫ਼ਾ 29 'ਤੇ)

## ਅਨੇਕਾਂ ਟਿੱਪਣੀਆਂ ਦਾ ਸ਼ਿਕਾਰ ਮਹਿਲਾ ਨੇਤਾਵਾਂ

ਜੇਕਰ ਪ੍ਰਿਯੰਕਾ ਗਾਂਧੀ ਰਾਜਨੀਤੀ ਵਿੱਚ ਆ ਜਾਂਦੀ ਹੈ, ਤਾਂ ਉਸ ਦੇ ਕੱਪੜਿਆਂ ਤੋਂ ਲੈ ਕੇ ਉਸ ਦੇ ਚਿਹਰੇ ਦੀਆਂ ਵਿਸ਼ੇਸ਼ਤਾਵਾਂ ਤੱਕ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ। ਪ੍ਰਿਅੰਕਾ ਬਾਰੇ ਬਹੁਤ ਕੁਝ ਕਿਹਾ ਗਿਆ ਹੈ ਕਿ ਰਾਜਨੀਤੀ ਵਿੱਚ ਇੱਕ ਖ਼ੂਬਸੂਰਤ ਔਰਤ ਕੀ ਕਰ ਸਕੇਗੀ।

ਦੂਜੇ ਪਾਸੇ, ਤੁਹਾਨੂੰ ਵਸੁੰਧਰਾ ਰਾਜੇ 'ਤੇ ਸ਼ਰਦ ਯਾਦਵ ਦੀ ਟਿੱਪਣੀ ਯਾਦ ਹੋਵੇਗੀ ਜਦੋਂ ਉਨ੍ਹਾਂ ਨੇ ਉਨ੍ਹਾਂ ਦੇ ਮੋਟਾਪੇ 'ਤੇ ਟਿੱਪਣੀ ਕੀਤੀ ਸੀ ਕਿ 'ਵਸੁੰਧਰਾ ਰਾਜੇ ਮੋਟੀ ਹੋ ਗਈ ਹੈ, ਉਨ੍ਹਾਂ ਨੂੰ ਆਰਾਮ ਦੀ ਲੋੜ ਹੈ।' ਇਸੇ ਤਰ੍ਹਾਂ ਮਮਤਾ ਬੈਨਰਜੀ, ਮਾਇਆਵਤੀ, ਸੁਸ਼ਮਾ ਸਵਰਾਜ ਤੋਂ ਲੈ ਕੇ ਸਾਰੀਆਂ ਮਹਿਲਾ ਸਿਆਸਤਦਾਨਾਂ ਨੂੰ ਅਜਿਹੀਆਂ (ਬਾਕੀ ਸਫ਼ਾ 29 'ਤੇ)

# ਕੈਨੇਡਾ-ਭਾਰਤ ਵਿਵਾਦ ਦੌਰਾਨ ਆਸਟ੍ਰੇਲੀਆ ਤੇ ਅਮਰੀਕਾ ਨੇ ਸਿੱਖਾਂ ਲਈ ਜਾਰੀ ਕੀਤੀਆਂ ਹਦਾਇਤਾਂ

## ਖ਼ਤਰਾ ਹੋਵੇ ਤਾਂ ਸੁਰਖਿਆ ਏਜੰਸੀਆਂ ਨੂੰ ਕਰੋ ਸ਼ਿਕਾਇਤ

ਨਿਊਯਾਰਕ/ ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੇ ਕਤਲ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੋਣ ਦਾ ਖ਼ਦਸ਼ਾ ਜ਼ਾਹਿਰ ਕੀਤੇ ਜਾਣ ਮਗਰੋਂ ਨਾ ਸਿਰਫ਼ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਤੇ ਡੂੰਘਾ ਪ੍ਰਭਾਵ ਪਿਆ ਹੈ, ਸਗੋਂ ਇਸ ਦਾ ਕੌਮਾਂਤਰੀ ਪੱਧਰ 'ਤੇ ਅਸਰ ਵੇਖਣ ਨੂੰ ਮਿਲ ਰਿਹਾ ਹੈ। ਇਸ ਵਿਚਾਲੇ ਹੁਣ ਆਸਟ੍ਰੇਲੀਆ ਤੇ ਅਮਰੀਕਾ ਨੇ ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਸਿੱਖਾਂ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਆਸਟ੍ਰੇਲੀਅਨ ਫ਼ੈਡਰਲ ਪੁਲਿਸ ਅਤੇ ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਆਪਣੇ ਦੇਸ਼ ਵਿੱਚ ਰਹਿ ਰਹੇ ਨਾਗਰਿਕਾਂ ਲਈ ਪੰਜਾਬੀ ਵਿੱਚ ਵਿਸਥਾਰਤ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ ਐਫਬੀਆਈ ਨੇ ਆਪਣੇ ਦੇਸ਼ ਵਿੱਚ ਰਹਿੰਦੇ ਲੋਕਾਂ ਲਈ ਪੰਜਾਬੀ ਵਿੱਚ ਧਮਕੀ ਅਤੇ ਡਰਾਉਣ 'ਤੇ ਪ੍ਰਤੀਕਿਰਿਆ ਗਾਈਡ ਜਾਰੀ ਕੀਤੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਜੇਕਰ ਤੁਹਾਨੂੰ ਧਮਕੀਆਂ ਜਾਂ ਡਰਾਵੇ ਮਿਲਦੇ ਹਨ ਤਾਂ ਤੁਸੀਂ ਇਸ 'ਤੇ ਕਿਵੇਂ ਸ਼ਿਕਾਇਤ ਕਰਨੀ ਹੈ। ਇਸ ਵਿੱਚ ਵਿਅਕਤੀਗਤ ਧਮਕੀ, ਫ਼ੋਨ 'ਤੇ ਧਮਕੀ, ਇਲੈਕਟ੍ਰਾਨਿਕ ਮੈਸੇਜ ਰਾਹੀਂ ਧਮਕੀ ਦੇ ਨਾਲ-ਨਾਲ ਸਾਈਬਰ ਹਮਲੇ ਤਕ ਨੂੰ ਲੈ ਕੇ ਵਿਸਥਾਰਤ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਅਜਿਹਾ ਖ਼ਤਰਾ ਮਹਿਸੂਸ ਕਰਨ 'ਤੇ ਸਿੱਧਾ ਐਫਬੀਆਈ ਨਾਲ ਸੰਪਰਕ ਕਰਨ।


ਯੂ.ਐਸ ਡਿਪਾਰਟਮੈਂਟ ਆਫ ਜਸਟਿਸ
ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ
ਧਮਕੀ ਅਤੇ ਡਰਾਉਣਾ
ਪ੍ਰਤੀਕਿਰਿਆ ਗਾਈਡ

ਇਸੇ ਤਰ੍ਹਾਂ ਆਸਟ੍ਰੇਲੀਅਨ ਫੈਡਰਲ ਪੁਲਿਸ ਨੇ ਵੀ ਪੰਜਾਬੀ ਵਿੱਚ ਪੱਤਰ ਜਾਰੀ ਕਰ ਆਪਣੇ ਨਾਗਰਿਕਾਂ ਨੂੰ ਦੱਸਿਆ ਹੈ ਕਿ ਵਿਦੇਸ਼ੀ ਸਰਕਾਰਾਂ ਤੋਂ ਖ਼ਤਰੇ ਤੇ ਡਰ ਦੀ ਰਿਪੋਰਟ ਕਿਵੇਂ ਕਰਨੀ ਹੈ। ਆਸਟ੍ਰੇਲੀਅਨ ਫੈਡਰਲ ਪੁਲਿਸ ਨੇ ਕਿਹਾ ਹੈ ਕਿ ਵਿਦੇਸ਼ੀ ਦਖ਼ਲ ਆਸਟ੍ਰੇਲੀਆ ਦੇ ਲੋਕਾਂ, ਸੁਤੰਤਰਤਾ ਤੇ ਸੁਰੱਖਿਆ ਅਤੇ ਰਾਸ਼ਟਰੀ ਸੰਸਥਾਵਾਂ ਦੀ ਅਖੰਡਤਾ ਲਈ ਗੰਭੀਰ ਖ਼ਤਰੇ ਨੂੰ ਦਰਸਾਉਂਦੀ ਹੈ। ਵਿਦੇਸ਼ ਦਖ਼ਲ ਦੇ ਖ਼ਤਰੇ ਆਸਟ੍ਰੇਲੀਆਈ ਭਾਈਚਾਰੇ ਦੇ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ ਹਨ ਤੇ ਨਾ ਹੀ ਕਿਸੇ ਇੱਕ ਰਾਸ਼ਟਰ-ਰਾਜ ਦੁਆਰਾ ਕੀਤਾ ਜਾਂਦਾ ਹੈ। ਇਸ ਪੱਤਰ ਵਿੱਚ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਦੀਆਂ ਘਟਨਾਵਾਂ ਦੀ ਰਿਪੋਰਟ ਨੈਸ਼ਨਲ ਸਿਕਿਓਰਿਟੀ ਹੌਟਲਾਈਨ ਨੂੰ ਕੀਤੀ ਜਾ ਸਕਦੀ ਹੈ।

## ਕਤਲ ਤੋਂ ਪਹਿਲਾਂ ਭਾਈ ਨਿੱਝਰ ਦੇ 90 ਸੈਕੰਡ ਦੇ ਵੀਡੀਓ ਨੂੰ ਲੈਕੇ ਵਾਸ਼ਿੰਗਟਨ ਪੋਸਟ ਵੱਲੋਂ ਕਈ ਖ਼ੁਲਾਸੇ

ਵਾਸ਼ਿੰਗਟਨ/ਏ.ਟੀ.ਨਿਊਜ਼ : ਕਤਲ ਤੋਂ ਪਹਿਲਾਂ ਹਰਦੀਪ ਸਿੰਘ ਨਿੱਝਰ ਦੇ 90 ਸੈਕੰਡ ਦੇ ਵੀਡੀਓ ਨੂੰ ਲੈਕੇ ਵਾਸ਼ਿੰਗਟਨ ਪੋਸਟ ਨੇ ਕਈ ਵੱਡੇ ਖ਼ੁਲਾਸੇ ਕੀਤੇ ਹਨ । ਅਖ਼ਬਾਰ ਨੇ ਵੀਡੀਓ ਦੇ ਜ਼ਰੀਏ ਦਾਅਵਾ ਕੀਤਾ ਹੈ ਕਿ ਇਸ ਕਤਲ ਕਾਂਡ ਵਿੱਚ 2 ਗੱਡੀਆਂ ਅਤੇ 6 ਲੋਕ ਸ਼ਾਮਲ ਸਨ ਅਤੇ ਨਿੱਝਰ ਨੂੰ 50 ਗੋਲੀਆਂ ਮਾਰੀਆਂ ਗਈਆਂ ਸਨ ਅਤੇ 34 ਗੋਲੀਆਂ ਨਿੱਝਰ ਨੂੰ ਲੱਗੀਆਂ ਸਨ । ਕਤਲ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਿਸ ਨੂੰ ਲੈਕੇ ਵੀ ਕਈ ਸਵਾਲ ਖੜੇ ਕੀਤੇ ਗਏ ਹਨ ।



ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਭਾਈ ਨਿੱਝਰ ਦੀ ਜਾਨ ਨੂੰ ਖ਼ਤਰਾ ਸੀ ਇਸ ਦੇ ਬਾਵਜੂਦ ਪੁਲਿਸ ਨੇ ਉਸ ਨੂੰ ਸੁਰੱਖਿਆ ਨਹੀਂ ਆਫਰ ਕੀਤੀ । ਨਿੱਝਰ ਦੇ ਪੁੱਤਰ ਬਲਰਾਜ ਸਿੰਘ ਨਿੱਝਰ ਦਾ ਕਹਿਣਾ ਹੈ ਕਿ ਮੇਰੇ ਪਿਤਾ ਨੇ ਬਹੁਤ ਵਾਰ ਪੁਲਿਸ ਨੂੰ ਕਿਹਾ ਸੀ ਕਿ ਗੁਰਦੁਆਰੇ ਦੇ ਆਲੇ ਦੁਆਲੇ ਸੁਰੱਖਿਆ ਵਧਾਈ ਜਾਵੇ ਕਿਉਂਕਿ ਸਿੱਖ ਭਾਈਚਾਰੇ ਨੂੰ ਕਾਫੀ ਖਤਰਾ ਹੈ । ਪਰ ਪੁਲਿਸ ਨੇ ਇਸ ਨੂੰ ਨਜ਼ਰ ਅੰਦਾਜ਼ ਕੀਤਾ ਅਤੇ ਸੁਰੱਖਿਆ ਨਹੀਂ ਵਧਾਈ ਗਈ ।ਮਲਕੀਤ ਸਿੰਘ ਨੇ ਕਿਹਾ ਕੁਝ ਹਫਤਿਆਂ ਪਹਿਲਾਂ ਸਾਨੂੰ ਬਿਲਕੁਲ ਵੀ ਉਮੀਦ ਨਹੀਂ ਸੀ ਕਿ ਟਰੂਡੋ ਸਰਕਾਰ ਨਿੱਝਰ ਦੇ ਮਾਮਲੇ ਵਿੱਚ ਕੁਝ ਕਰੇਗੀ ਪਰ ਪਿਛਲੇ ਹਫਤੇ ਜਿਸ ਤਰ੍ਹਾਂ ਨਾਲ ਪ੍ਰਧਾਨ ਮੰਤਰੀ ਟਰੂਡੋ ਨੇ ਭਾਰਤੀ ਏਜੰਸੀਆਂ 'ਤੇ ਸ਼ੱਕ ਜਤਾਇਆ ਹੈ ਉਸ ਤੋਂ ਬਾਅਦ ਸਾਨੂੰ ਇਨਸਾਫ ਦੀ ਉਮੀਦ ਜਾਗੀ ਹੈ ।

**ਪੁਲਿਸ ਜਾਂਚ ਸਵਾਲਾਂ ਵਿੱਚ**

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਦੇ ਮੁਤਾਬਿਕ ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਸਾਨੂੰ ਅਥਾਰਿਟੀ ਨੇ ਜਾਂਚ ਦੇ ਬਾਰੇ ਬਹੁਤ ਹੀ ਘੱਟ ਜਾਣਕਾਰੀ ਦਿੱਤੀ ਸੀ ।18 ਜੂਨ ਨੂੰ ਹਰਦੀਪ ਸਿੰਘ ਨਿੱਝਰ ਦਾ ਕਤਲ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਕੀਤਾ ਗਿਆ ਸੀ ।ਆਲੇ ਦੁਆਲੇ ਦੇ ਲੋਕਾਂ ਦਾ ਕਹਿਣਾ ਹੈ ਕਿ ਜਿਸ ਵੇਲੇ ਕਤਲ ਹੋਇਆ ਉਸ ਤੋਂ ਬਾਅਦ ਪੁਲਿਸ ਦਾ ਕੋਈ ਵੀ ਵੱਡਾ ਜਾਂਚ ਅਧਿਕਾਰੀ ਨਹੀਂ ਪਹੁੰਚਿਆ ਅਤੇ ਕਿਸੇ ਨੇ ਵੀ ਸਵਾਲ ਜਵਾਬ ਨਹੀਂ ਕੀਤਾ ਅਤੇ ਕਿਸੇ ਤਰ੍ਹਾਂ ਦੇ ਵੀਡੀਓ ਦੀ ਡਿਮਾਂਡ ਨਹੀਂ ਕੀਤੀ । ਭੁਪਿੰਦਰ ਸਿੰਘ ਨਾਂ ਦੇ ਵਿਅਕਤੀ ਨੇ ਦੱਸਿਆ ਕਾਫ਼ੀ ਦੇਰ ਤੱਕ ਸਰੀ ਪੁਲਿਸ ਤੇ ਆਰਸੀਐਮਪੀ ਵਿਚਾਲੇ ਇਸ ਗੱਲ ਨੂੰ ਲੈਕੇ ਬਹਿਸ ਹੁੰਦੀ ਰਹੀ ਕਿ ਕੌਣ ਇਸ ਦੀ ਜਾਂਚ ਕਰੇਗਾ ?

## ਵਾਸ਼ਿੰਗਟਨ ਡੀ.ਸੀ ਵਿੱਚ ਗਲੋਬਲ ਜਸ਼ਨ ਵਿਸ਼ਵ ਸੱਭਿਆਚਾਰ ਉਤਸਵ ਦਾ ਆਯੋਜਨ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ : ਇਸ ਹਫਤੇ ਦੇ ਅੰਤ ਵਿੱਚ, ਦੁਨੀਆਂ ਭਰ ਦੀਆਂ ਸਾਰੀਆਂ ਨਜ਼ਰਾਂ ਵਾਸ਼ਿੰਗਟਨ ਡੀਸੀ 'ਤੇ ਹੋਣਗੀਆਂ, ਕਿਉਂਕਿ 29 ਸਤੰਬਰ ਤੋਂ 1 ਅਕਤੂਬਰ ਤੱਕ ਅਮਰੀਕੀ ਰਾਜਧਾਨੀ ਵਿਭਿੰਨਤਾ ਅਤੇ ਏਕਤਾ ਦੇ ਇੱਕ ਅਭੁੱਲ ਜਸ਼ਨ ਦੀ ਮੇਜ਼ਬਾਨੀ ਕਰੇਗੀ, ਇਹ ਆਰਟ ਆਫ਼ ਲਿਵਿੰਗ ਦੇ ਵਿਸ਼ਵ ਸੱਭਿਆਚਾਰ ਉਤਸਵ ਹਜ਼ਾਰਾਂ ਲੋਕਾਂ ਦੇ ਸਿਰ ਚੜ ਬੋਲੇਗਾ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਦੇ ਵਿੱਚ ਸੈੱਟ ਕੀਤਾ ਗਿਆ ਸਟੇਜ ਫੁੱਟਬਾਲ ਦੇ ਮੈਦਾਨ ਦੇ ਆਕਾਰ ਦਾ ਹੈ। ਇਹ ਸਮਾਗਮ 17,000 ਕਲਾਕਾਰਾਂ, ਰਾਜਾਂ ਦੇ ਕਈ ਮੁਖੀਆਂ, ਅਤੇ 100 ਤੋਂ ਵੱਧ ਦੇਸ਼ਾਂ ਦੇ ਵਿਚਾਰਵਾਨ ਨੇਤਾਵਾਂ ਦੇ ਇੱਕ ਯਾਦਗਾਰੀ ਇਕੱਠ ਦਾ ਗਵਾਹ ਹੋਵੇਗਾ, ਸਾਰੇ ਨੈਸ਼ਨਲ ਮਾਲ ਵਿੱਚ ਇਕੱਠੇ ਹੋਣਗੇ। ਇਸ ਨੂੰ ਬੇਮਿਸਾਲ ਅਨੁਪਾਤ ਦਾ ਇੱਕ ਵਿਸ਼ਵ ਰੰਗਮੰਚ ਬਣਾਉਂਦੇ ਹੋਏ ਹੈਰਾਨੀਜਨਕ ਅੱਧਾ ਮਿਲੀਅਨ ਲੋਕਾਂ ਦੇ ਭਾਗ ਲੈਣ ਦੀ ਉਮੀਦ ਹੈ। ਇਸ ਵੱਡੇ ਸਮਾਗਮ ਵਿੱਚ 50 ਤੋਂ ਵੱਧ ਪ੍ਰਦਰਸ਼ਨ ਸ਼ਾਮਲ ਹਨ ਜਿਨਾਂ ਚ 1,000 ਗਾਇਕਾਂ ਅਤੇ ਡਾਂਸਰਾਂ ਨਾਲ ਇੱਕ ਰਵਾਇਤੀ ਚੀਨੀ ਸੱਭਿਆਚਾਰਕ ਪ੍ਰਦਰਸ਼ਨ, 7,000 ਡਾਂਸਰਾਂ ਦੇ ਨਾਲ ਇੱਕ ਅਸਾਧਾਰਨ ਗਰਬਾ, ਲਾਈਵ ਜੁਗਲਬੰਦੀ ਦੇ ਨਾਲ 700 ਭਾਰਤੀ ਕਲਾਸੀਕਲ ਡਾਂਸਰ, ਕਿੰਗ ਚਾਰਲਸ ਅਤੇ ਕੈਲੀ ਫੋਰਮੈਨ ਦੁਆਰਾ ਕੋਰੀਓਗ੍ਰਾਫੀ ਦੀ ਸ਼ੁਰੂਆਤ ਕਰਨ ਵਾਲੇ 100 ਬ੍ਰੇਕ ਡਾਂਸਰਾਂ ਦੇ ਨਾਲ ਕੁਰਟਿਸ ਬਲੋ, ਸੀਕਵੈਂਸ ਗਰਲਜ਼ ਅਤੇ ਡੀਜੇ ਕੂਲ ਅਤੇ ਹਿਪ-ਹੌਪ ਦੇ ਹੋਰ ਦੰਤਕਥਾਵਾਂ ਦੁਆਰਾ ਹਿੱਪ-ਹੌਪ ਨੂੰ 50ਵੀਂ ਵਰ੍ਹੇਗੰਢ ਦੀ ਸ਼ਰਧਾਂਜਲੀ, 100 ਯੂਕਰੇਨੀ ਡਾਂਸਰ ਆਪਣੇ ਰਵਾਇਤੀ ਹੋਪਾਕ ਦਾ ਪ੍ਰਦਰਸ਼ਨ, ਗ੍ਰੈਮੀ ਅਵਾਰਡ ਜੇਤੂ ਮਿਕੀ ਫ੍ਰੀ ਦੀ ਅਗਵਾਈ ਵਿੱਚ 1000 ਗਿਟਾਰਿਸਟ, ਬੌਬ ਮਾਰਲੇ ਦੇ ਮਹਾਨ ਕਲਾਸਿਕ ਅਤੇ ਵਨ ਲਵ ਦਾ ਉਸਦੇ ਪੋਤੇ ਸਕਿੱਪ ਮਾਰਲੇ ਦੁਆਰਾ ਮਨੋਰੰਜਨ ਹੋਵੇਗਾ। ਵਰਨਣਯੋਗ ਹੈ ਕਿ ਇਸ ਨੈਸ਼ਨਲ ਮਾਲ ਵਿਖੇ ਮਾਰਟਿਨ ਲੂਥਰ ਕਿੰਗਜ਼ ਨੇ 1963 ਵਿੱਚ ਵਿਸ਼ਵ ਵਿੱਚ ਸਮਾਨਤਾ ਅਤੇ ਏਕਤਾ ਦਾ ਸੰਦੇਸ਼ ਫੈਲਾਉਣ ਲਈ ਮਸ਼ਹੂਰ ਆਈ ਹੈਵ ਏ ਡ੍ਰੀਮ ਐਂਡ , ਭਾਸ਼ਣ ਦਿੱਤਾ ਸੀ। 29 ਸਤੰਬਰ, 2023 ਨੂੰ ਨੈਸ਼ਨਲ ਮਾਲ ਵਿਖੇ ਸ਼੍ਰੀ ਸ਼੍ਰੀ ਰਵੀ ਸ਼ੰਕਰ ,ਇੱਕ ਵਿਸ਼ਵ ਪਰਿਵਾਰ ਦੇ ਬੈਨਰ ਹੇਠ 180 ਦੇਸ਼ਾਂ ਦੇ ਲੋਕਾਂ ਨੂੰ ਇੱਕਜੁੱਟ ਕਰਕੇ ਸਰਹੱਦਾਂ, ਧਰਮ ਅਤੇ ਨਸਲ ਦੇ ਪਾੜੇ ਨੂੰ ਦੂਰ ਕਰਨ ਦਾ ਸੰਦੇਸ਼ ਦੇਣਗੇ।

ਸਮਾਗਮ ਵਿੱਚ ਬੋਲਣ ਵਾਲੇ ਵਿਸ਼ੇਸ਼ ਪਤਵੰਤਿਆਂ ਵਿੱਚ ਐਚ.ਈ. ਬਾਨ ਕੀ-ਮੂਨ, ਸੰਯੁਕਤ ਰਾਸ਼ਟਰ ਦੇ 8ਵੇਂ ਸਕੱਤਰ-ਜਨਰਲ; ਐੱਚ.ਈ. ਐਸ ਜੈਸ਼ੰਕਰ, ਮਾਨਯੋਗ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ; ਮਾਨਯੋਗ ਡਾ ਵਿਵੇਕ ਮੂਰਤੀ, ਯੂਐਸ ਸਰਜਨ ਜਨਰਲ; ਮਾਨਯੋਗ ਰਿਕ ਸਕਾਟ, ਅਮਰੀਕੀ ਸੈਨੇਟਰ; ਮਾਨਯੋਗ ਨੈਨਸੀ ਪੇਲੋਸੀ, ਐਚ.ਈ. ਸ਼੍ਰੀ ਰਾਮ ਨਾਥ ਕੋਵਿੰਦ, ਭਾਰਤ ਦੇ ਸਾਬਕਾ ਰਾਸ਼ਟਰਪਤੀ, ਮਾਨਯੋਗ ਕ੍ਰਿਸ਼ਨਾਕੋਮੇਰੀ ਮਾਥੋਰਾ, ਰੱਖਿਆ ਮੰਤਰੀ, ਸੂਰੀਨਾਮ ਅਤੇ ਹੋਰ ਵੀ ਕਈ ਸ਼ਖਸੀਅਤਾਂ ਸ਼ਾਮਲ ਹੋਣਗੀਆਂ।

## ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ 5 ਜਨਵਰੀ ਨੂੰ

ਜਲੰਧਰ/ਏ.ਟੀ.ਨਿਊਜ਼: ਪੰਜਾਬ ਸਰਕਾਰ ਨੇ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਕਰਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਹ ਚੋਣ 05 ਜਨਵਰੀ, 2024 ਨੂੰ ਕਰਵਾਈ ਜਾਵੇਗੀ। ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਲਈ 05 ਜਨਵਰੀ, 2024 ਦਾ ਦਿਨ ਨਿਰਧਾਰਿਤ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੀ ਐਨ.ਆਰ.ਆਈ. ਸਭਾ ਸੂਬੇ ਦੇ ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਸੂਬਾ ਸਰਕਾਰ ਦੀ ਇੱਕ ਏਜੰਸੀ ਵਜੋਂ ਕੰਮ ਕਰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਭਾ ਦੇ ਪ੍ਰਧਾਨ ਦਾ ਕਾਰਜਕਾਲ ਮਾਰਚ, 2022 ਨੂੰ ਸਮਾਪਤ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਪ੍ਰਵਾਸੀ ਪੰਜਾਬੀ ਆਮ ਤੌਰ 'ਤੇ ਦਸੰਬਰ ਮਹੀਨੇ ਭਾਰਤ ਆਉਂਦੇ ਹਨ ਅਤੇ ਉਹ ਮਾਰਚ ਤੱਕ ਇੱਥੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਚੋਣ ਕਰਵਾਉਣ ਦਾ ਇਹ ਬਿਲਕੁਲ ਸਹੀ ਸਮਾਂ ਹੈ।

## ਅਮਰੀਕਾ ਵਿੱਚ ਕਮਿਸ਼ਨਰ ਦੀ ਚੋਣ ਲੜ ਰਹੇ ਭਾਰਤੀ ਮੂਲ ਦੇ ਵਿਅਕਤੀ ਉੱਪਰ ਕੀਤੀਆਂ ਨਸਲੀ ਟਿੱਪਣੀਆਂ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਫੋਰਟ ਬੈਂਡ ਕਾਊਂਟੀ ਕਮਿਸ਼ਨਰ (ਟੈਕਸਾਸ) ਦੀ ਚੋਣ ਲੜ ਰਹੇ ਇੱਕ ਭਾਰਤੀ-ਅਮਰੀਕੀ ਉਮੀਦਵਾਰ ਬਾਰੇ ਭੱਦੀਆਂ ਨਸਲੀ ਟਿੱਪਣੀਆਂ ਕਰਨ ਦੀ ਰਿਪੋਰਟ ਹੈ ਤੇ ਉਸ ਨੂੰ ਵਾਪਿਸ ਆਪਣੇ ਦੇਸ਼ ਚਲੇ ਜਾਣ ਵਰਗੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। 29 ਸਾਲਾ ਨੀਤੀ ਮਾਹਿਰ ਡੈਮੋਕਰੈਟਿਕ ਆਗੂ ਤਾਰਲ ਵੀ ਪਟੇਲ ਨੇ ਕਿਹਾ ਹੈ ਕਿ ਉਸ ਬਾਰੇ ਸੋਸ਼ਲ ਮੀਡੀਆ ਉੱਪਰ ਨਫ਼ਰਤ ਭਰੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਜਿਨਾਂ ਵਿੱਚ ਉਸ ਦੀ ਜਾਤ, ਕੌਮੀਅਤ ਤੇ ਧਾਰਮਿਕ ਵਿਸ਼ਵਾਸ਼ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਟੇਲ ਜੋ ਰਿਬਲੀਕਨ ਉਮੀਦਵਾਰ ਐਂਡੀ ਮੇਅਰਜ ਵਿਰੁੱਧ ਚੋਣ ਲੜ ਰਿਹਾ ਹੈ, ਨੇ ਕਿਹਾ ਹੈ ਕਿ ਨਫ਼ਰਤੀ ਟਿੱਪਣੀਆਂ ਵਿੱਚ ਉਸ ਤੋਂ ਇਲਾਵਾ ਉਸ ਦੇ ਪਰਿਵਾਰ, ਭਾਈਚਾਰੇ ਤੇ ਦੋਸਤਾਂ ਮਿੱਤਰਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਉਨਾਂ ਕਿਹਾ ਕਿ ਮੇਰੇ ਵਿਰੋਧੀ ਆਪਣੀਆਂ ਹੱਦਾਂ ਪਾਰ ਕਰ ਚੁੱਕੇ ਹਨ। ਪਟੇਲ ਦਾ ਪਰਿਵਾਰ 1980 ਵਿਆਂ ਵਿਚ ਭਾਰਤ ਤੋਂ ਅਮਰੀਕਾ ਆਇਆ ਸੀ ਉਹ ਗਰੇਟਰ ਹੋਸਟਨ ਵਿੱਚ ਵੱਡਾ ਹੋਇਆ ਤੇ ਉਸ ਨੇ ਸਿਨਕੋ ਰੈਂਚ ਹਾਈ ਸਕੂਲ ਤੋਂ ਪੜ੍ਹਾਈ ਕਰਨ ਉਪਰੰਤ 2016 ਵਿੱਚ ਯੁਨੀਵਰਸਿਟੀ ਆਫ ਟੈਕਸਾਸ, ਆਸਟਿਨ ਵਿਚੋਂ ਗਰੈਜੂਏਸ਼ਨ ਕੀਤੀ। 2021 ਵਿਚ ਰਾਸ਼ਟਰਪਤੀ ਜੋ ਬਾਇਡਨ ਨੇ ਵਾਇਟ ਹਾਊਸ ਵਿੱਚ ਉਨਾਂ ਦੀ ਨਿਯੁਕਤੀ ਸੰਪਰਕ ਅਧਿਕਾਰੀ ਵਜੋਂ ਕੀਤੀ ਸੀ।



## ਅਮਰੀਕਾ 'ਚ ਡੇਢ ਸੌ ਫ਼ੁੱਟ ਉੱਚੀ ਚਟਾਨ ਤੋਂ ਡਿੱਗ ਕੇ ਔਰਤ ਦੀ ਹੋਈ ਮੌਤ



ਸੈਕਰਾਮੈਂਟੋ,ਕੈਲੀਫੋਰਨੀਆ /ਹੁਸਨ ਲੜੋਆ ਬੰਗਾ : ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿੱਚ ਬਲਿਊ ਰਿਜ਼ ਪਾਰਕਵੇਅ ਉਪਰ ਇੱਕ ਉੱਚੀ ਚਟਾਨ ਤੋਂ ਡਿੱਗ ਕੇ ਇੱਕ 61 ਸਾਲਾ ਸੈਲਾਨੀ ਔਰਤ ਦੀ ਮੌਤ ਹੋ ਜਾਣ ਦੀ ਰਿਪੋਰਟ ਹੈ। ਇਹ ਉਹ ਜਗਾ ਹੈ ਜਿਥੇ ਸੈਲਾਨੀ ਨਾਲ ਲੱਗਦੇ ਗਲਾਸਮਾਈਨ ਵਾਟਰਫਾਲ ਦਾ ਨਜ਼ਾਰਾ ਵੇਖਣ ਜਾਂਦੇ ਹਨ। ਨੈਸ਼ਨਲ ਪਾਰਕ ਸਰਵਿਸ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਸੂਚਨਾ ਮਿਲਣ ਉਪਰੰਤ ਬਚਾਅ ਟੀਮ ਨੇ ਇੱਕ ਮੋਟੇ ਅੰਦਾਜ਼ੇ ਅਨੁਸਾਰ ਚਟਾਨ ਤੋਂ 150 ਫੁੱਟ ਹੇਠਾਂ ਔਰਤ ਦੀ ਮ੍ਰਿਤਕ ਦੇਹ ਨੂੰ ਬਰਾਮਦ ਕਰ ਲਿਆ। ਮ੍ਰਿਤਕ ਔਰਤ ਦੀ ਪਛਾਣ ਨੈਨਸੀ ਸੈਂਪਸਨ ਵਜੋਂ ਹੋਈ ਹੈ ਜੋ ਗਰੀਰ, ਦੱਖਣੀ ਕੈਰੋਲੀਨਾ ਦੀ ਵਸਨੀਕ ਹੈ। ਗ੍ਰੀਮਸ ਕਰੀਕ ਫਾਇਰ ਵਿਭਾਗ ਅਨੁਸਾਰ ਔਰਤ ਦੀ ਮੌਤ ਉਸ ਦੇ ਜ਼ਖਮਾਂ ਕਾਰਨ ਹੋਈ ਹੈ ਤੇ ਜਿਸ ਸਮੇਂ ਉਹ ਪਹਾੜੀ ਉਪਰੋਂ ਡਿੱਗੀ ਉਸ ਦੇ ਨਾਲ ਪਰਿਵਾਰ ਦਾ ਇੱਕ ਹੋਰ ਮੈਂਬਰ ਵੀ ਮੌਜੂਦ ਸੀ ਜੋ ਔਰਤ ਦੇ ਹੇਠਾਂ ਡਿੱਗਣ ਉਪਰੰਤ ਬੁਰੀ ਤਰਾਂ ਘਬਰਾ ਗਿਆ।

# ਵਿਰੋਧੀ ਧਿਰ 'ਇੰਡੀਆ' ਬਨਾਮ 14 ਟੀ.ਵੀ. ਐਂਕਰਾਂ ਦਾ ਬਾਈਕਾਟ

- ਮੀਡੀਆ ਵੱਲੋਂ ਹਵਾ ਦੇ ਵਿੱਚ ਘੋਲਿਆ ਜਾ ਰਿਹਾ ਹੈ ਜ਼ਹਿਰ
- ਨ਼ਫਰਤ ਦੀ ਦੁਕਾਨ ਦੇ ਗਾਹਕ ਨਹੀਂ ਹਨ ਬਹੁਤੇ ਲੋਕ
- ਜ਼ਹਿਰ ਦਾ ਪੈਟਰੋਲ ਪੰਪ ਚਲਾਉਂਦੇ ਹਨ ਕੁੱਝ ਲੋਕ
- ਟੀ.ਆਰ.ਪੀ. ਵਧਾਉਣ ਲਈ ਰੌਲੇ ਰੱਪੇ ਦਾ ਪੱਲਾ ਨਾ ਛੱਡਣਾ ਪਤਾ ਨੀ ਐਂਕਰ ਦੀ ਮਜ਼ਬੂਰੀ ਹੈ ਜਾਂ ਸ਼ੌਕ ?




ਪਿਛਲੇ ਦਿਨਾਂ ਦੇ ਵਿੱਚ ਵਿਰੋਧੀ ਧਿਰ (ਇੰਡੀਆ) ਨੇ 14 ਟੀ.ਵੀ. ਐਂਕਰਾਂ ਦਾ ਬਾਈਕਾਟ ਕੀਤਾ। ਅਜਿਹਾ ਖੁੱਲ੍ਹਾ ਬਾਈਕਾਟ ਪਹਿਲਾਂ ਕਦੇ ਵੀ ਨਹੀਂ ਹੋਇਆ। ਬਾਈਕਾਟ ਹੋਣਾ ਬਣਦਾ ਵੀ ਸੀ, ਕਿਉਂਕਿ ਸਾਡੇ ਵਿਚੋਂ ਬਹੁਤੇ ਲੋਕ ਨ਼ਫਰਤ ਦੀ ਦੁਕਾਨ ਦੇ ਗਾਹਕ ਨਹੀਂ ਹਨ। ਇਸ ਕਦਮ 'ਤੇ ਵਿਵਾਦ ਵੀ ਹੋਇਆ। ਬੜੀ ਨਰਮਾਈ ਦੇ ਨਾਲ ਇੰਡੀਆ ਗਠਬੰਧਨ ਨੇ ਕਿਹਾ ," ਕੀ ਅਸੀਂ ਭਰੇ ਮਨ ਨਾਲ ਇਹ ਫੈਸਲਾ ਲਿਆ, ਤੇ ਸਾਨੂੰ ਉਮੀਦ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਨ਼ਫਰਤ ਦੀ ਦੁਕਾਨ ਘਟੇਗੀ।" ਇਸ ਕਦਮ 'ਤੇ ਵਿਵਾਦ ਵੀ ਹੋਇਆ ਪਰ ਇਹ ਬੈਨ ਨਹੀਂ ਸੀ, ਇਹ ਤਾਂ ਬਾਈਕਾਟ ਸੀ ਕਿਉਂਕਿ ਬੰਦਸ਼ ਤਾਂ ਵਿਰੋਧੀ ਧਿਰ ਲਗਾ ਹੀ ਨਹੀਂ ਸਕਦੀ। ਨਾ ਹੀ ਇਹ ਮੀਡੀਆ ਦੀ ਆਜ਼ਾਦੀ 'ਤੇ ਹਮਲਾ ਸੀ, ਹਮਲਾ ਉਸ ਨੂੰ ਕਹਿੰਦੇ ਨੇ, ਜਦੋਂ ਕਿਸੇ ਪੱਤਰਕਾਰ 'ਤੇ ਹੁੰਦਾ ਹੈ ਜਾਂ ਅਖ਼ਬਾਰਾਂ ਦੇ ਇਸ਼ਤਿਹਾਰ ਰੋਕੇ ਜਾਂਦੇ ਨੇ, ਜਾਂ ਉਹਨਾਂ 'ਤੇ ਕੇਸ ਕੀਤੇ ਜਾਂਦੇ ਨੇ। ਏਸ ਤਰਾਂ ਦਾ ਤਾਂ ਕੁਝ ਵੀ ਨਹੀਂ ਹੋਇਆ, ਸਿਰ਼ਫ ਕਿਹਾ ਗਿਆ ਕਿ ਅਸੀਂ ਤੁਹਾਡੇ ਨਾਲ ਗੱਲਬਾਤ ਵਿੱਚ ਸ਼ਾਮਲ ਨਹੀਂ ਹੋਵਾਂਗੇ। ਫਿਰ ਸੈਂਸਰਸ਼ਿਪ ਲ਼ਫਜ਼ ਵਰਤ ਕੇ ਇਸ ਨੂੰ ਬਦਨਾਮ ਕਿਓਂ ਕੀਤਾ ਗਿਆ? ਇਹ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਟੀ.ਵੀ. 'ਤੇ ਡੀਬੇਟ ਲਗਾਤਾਰ ਜ਼ਹਿਰੀਲੀ ਹੋ ਰਹੀ ਹੈ। ਪਹਿਲਾਂ ਪਤਾ ਹੁੰਦਾ ਹੈ ਕਿ ਐਂਕਰ ਨੇ ਕੀ ਕਰਨਾ ਹੁੰਦਾ ਹੈ, ਬਹੁਤੇ ਲੋਕਾਂ ਨੇ ਟੀ.ਵੀ. ਵੇਖਣਾ ਬੰਦ ਕਰ ਦਿੱਤਾ ਹੈ, ਟੀ.ਆਰ ਪੀ. ਵਧਾਉਣ ਲਈ ਰੌਲੇ ਰੱਪੇ ਦਾ ਪੱਲਾ ਨਾ ਛੱਡਣਾ ਪਤਾ ਨੀ ਐਂਕਰ ਦੀ ਮਜ਼ਬੂਰੀ ਹੈ ਜਾਂ ਸ਼ੌਕ ?

ਚਲੋ ਐਂਕਰਾਂ ਨੂੰ ਵੀ ਪਤਾ ਚਲ ਗਿਆ ਕਿ ਉਹਨਾਂ 'ਤੇ ਵੀ ਕੋਈ ਨਜ਼ਰ ਰੱਖ ਰਿਹਾ। ਇਸ ਦਾ ਫਾਇਦਾ ਹੋਵੇਗਾ, ਕਿ ਟੀ.ਵੀ. ਮੀਡੀਆ ਦੀ ਡਿੱਗ ਰਹੀ ਸ਼ਾਖ ਬਚ ਜਾਵੇ ਪਰ ਜੇ ਅਸਰ ਹੋਇਆ ਤਾਂ। ਉਹਨਾਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਪ੍ਰੈੱਸ ਨੇ ਦੇਸ਼ ਦੀ ਆਜ਼ਾਦੀ ਦੇ ਵਿੱਚ ਬਹੁਤ ਯੋਗਦਾਨ ਪਾਇਆ ਸੀ। ਉਦੋਂ ਇਹ ਇੱਕ ਮਿਸ਼ਨ ਸੀ ਪਰ ਹੁਣ ਇੱਕ ਵੱਡਾ ਵਪਾਰ ਬਣ ਗਿਆ।

ਇਹ ਨਹੀਂ ਹੈ ਕਿ ਅਜਿਹੇ ਪੱਤਰਕਾਰਾਂ ਦਾ ਪਹਿਲਾਂ ਵਿਰੋਧ ਨਹੀਂ ਹੋਇਆ ਪਰ ਇਹ ਪਹਿਲੀ ਵਾਰ ਹੈ ਕਿ ਐਲਾਨ ਕਰਕੇ ਸ਼ਰਮਿੰਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜੇ ਸੋਚਿਆ ਜਾਵੇ ਕਿ ਇਸ ਪੱਖ ਤੋਂ ਕਾਂਗਰਸ ਦਾ ਇਤਿਹਾਸ ਵੀ ਬਹੁਤ ਚਮਕਦਾਰ ਨਹੀਂ ਹੈ। ਇਹ ਉਹੀ ਪਾਰਟੀ ਹੈ ਜਿਸ ਨੇ ਐਮਰਜੈਂਸੀ ਸਮੇਂ 21 ਮਹੀਨੇ ਅਖ਼ਬਾਰਾਂ 'ਤੇ ਸੈਂਸਰ ਬੈਠਾ ਦਿੱਤਾ ਸੀ ਅਤੇ ਵੱਡੇ ਵੱਡੇ ਪੱਤਰਕਾਰਾਂ ਨੂੰ ਜੇਲ੍ਹ 'ਚ ਸੁੱਟ ਦਿੱਤਾ ਸੀ। ਅੱਜਕੱਲ੍ਹ ਵੀ ਵੱਡੇ ਵੱਡੇ ਇਸ਼ਤਿਹਾਰ ਜਿਹੜੇ ਅਖ਼ਬਾਰਾਂ ਵਿੱਚ ਵੇਖੇ ਜਾਂਦੇ ਹਨ, ਉਹ ਕੇਵਲ ਪ੍ਰਚਾਰ ਨਹੀਂ ਬਲਕਿ ਉਹ ਮੀਡੀਆ 'ਤੇ ਕੰਟਰੋਲ ਕਰਨ ਦੀ ਨਿਸ਼ਾਨੀ ਹਨ। ਜੋ ਕਾਂਗਰਸ ਨੇ ਕੀਤਾ, ਉਹ ਭਾ ਜਪਾ ਵੀ ਕਰ ਰਹੀ ਹੈ। ਅਜਿਹੀ ਸੋਚ ਨੇ ਵੱਡੇ ਵੱਡੇ ਪੱਤਰਕਾਰਾਂ ਨੂੰ ਚੈਨਲਾਂ ਵਿਚੋਂ ਕੱਢ ਦਿੱਤਾ, ਉਹ ਯੂ ਟਿਊਬ ਚੈਨਲ ਚਲਾ ਰਹੇ ਹਨ।

ਦੁੱਖ ਇਸ ਗੱਲ ਦਾ ਹੈ ਕਿ ਹਵਾ ਦੇ ਵਿੱਚ ਜ਼ਹਿਰ ਘੋਲਿਆ ਜਾ ਰਿਹਾ ਹੈ, ਸਾਰੇ ਤਾਂ ਨਹੀਂ ਪਰ ਕੁਝ ਚੈਨਲ ਮੁਸਲਮਾਨ ਹਿੰਦੂ ਮੁਸਲਮਾਨ ਵਾਲੇ ਏਜੰਡੇ ਤੋਂ ਬਾਹਰ ਨਹੀਂ ਆਉਂਦੇ। ਪਹਿਲਾਂ ਕਿਸੇ ਸਮੁਦਾਇ ਦਾ ਨਾਮ ਨਹੀਂ ਸੀ ਲਿਆ ਜਾਂਦਾ ਪਰ ਹੁਣ ਤਾਂ ਖੁੱਲ ਖੇਡਾਂ ਨੇ। ਦੇਸ਼ ਪਹਿਲਾਂ ਏਨਾ ਵੰਡਿਆ ਵੰਡਿਆ ਮਹਿਸੂਸ ਨਹੀਂ ਸੀ ਹੋ ਰਿਹਾ, ਜਿੰਨਾ ਹੁਣ ਲੱਗ ਰਿਹਾ। ਏਸ ਨ਼ਫਰਤ ਦੇ ਸ਼ਿਕਾਰ ਬੇਕਸੂਰ ਲੋਕ ਹੋ ਜਾਂਦੇ ਨੇ। ਤੁਹਾਨੂੰ ਯਾਦ ਹੋਣਾ ਚਲਦੀ ਟ੍ਰੇਨ ਦੇ ਵਿੱਚ ਇੱਕ ਸਿਪਾਹੀ ਨੇ ਤਿੰਨ ਮੁਸਲਮਾਨਾਂ ਯਾਤਰੀਆਂ ਨੂੰ ਲੱਭ ਲੱਭ ਕੇ ਮਾਰਿਆ। ਮੋਨੂੰ ਮਾਨਸਰ ਵਰਗੇ ਲੋਕ ਜ਼ਹਿਰ ਦਾ ਪੈਟਰੋਲ ਪੰਪ ਚਲਾਉਂਦੇ ਹਨ। ਸਨਾਤਨ ਧਰਮ ਦੇ ਉੱਤੇ ਸਟਾਲਿਨ ਦੇ ਬੇਟੇ ਦੀ ਬਦਤਮੀਜ਼ੀ ਵਾਲੀ ਟਿੱਪਣੀ 'ਤੇ ਮਦਰਾਸ ਹਾਈਕੋਰਟ ਨੇ ਸਾਫ਼ ਕਿਹਾ ਸੀ ਕਿ ਆਜ਼ਾਦ ਮੁਲਕ ਦੇ ਵਿੱਚ ਆਜ਼ਾਦੀ ਨਾਲ ਬੋਲਣਾ ਤੁਹਾਡਾ ਹੱਕ ਹੈ, ਪਰ ਨ਼ਫਰਤ ਫੈਲਾਉਣ ਵਾਲੀ ਭਾਸ਼ਾ ਦੀ ਇਜਾਜ਼ਤ ਨਹੀਂ ਹੈ।

ਕਿੰਨਾ ਚੰਗਾ ਹੁੰਦਾ ਕਿ ਮੀਡੀਆ ਦਾ ਇਹ ਵਰਗ ਆਪਣੇ ਆਪ 'ਤੇ ਖੁਦ ਕੰਟਰੋਲ ਰੱਖਦਾ ਤਾਂ ਇਹ ਨੌਬਤ ਨਹੀਂ ਸੀ ਆਉਣੀ, ਇਹਨਾਂ ਨੂੰ ਖੁਦ ਨੂੰ ਸੋਚਣਾ ਚਾਹੀਦਾ ਕਿ ਇਹਨਾਂ ਦੇ ਭੜਕੀਲੇ ਬੋਲ ਦੇਸ਼ ਦਾ ਭਲਾ ਕਰ ਰਹੇ ਹਨ ਜਾਂ ਬੁਰਾ? ਏਨਾ ਦਾ ਜ਼ਹਿਰੀਲਾਪਣ ਦੇਸ਼ ਦਾ ਬਲੱਡ ਪ੍ਰੈੱਸ਼ਰ ਵਧਾ ਕੇ ਰਖਦਾ , ਜੋ ਕਦੇ ਵੀ ਕੰਟਰੋਲ ਤੋਂ ਬਾਹਰ ਹੋ ਸਕਦਾ ਹੈ। ਕਈ ਐਂਕਰ ਤਾਂ ਆਪਣੇ ਮਾਲਕ ਦੇ ਜ਼ਿਆਦਾ ਹੀ ਵ਼ਫਾਦਾਰ ਬਣ ਜਾਂਦੇ ਹਨ। ਮਨੀਪੁਰ ਦੀ ਗੱਲ ਕਰੋ ਤਾਂ 1966 ਦੇ ਮਿਜ਼ੋਰਮ ਦੀ ਹਵਾਈ ਬੰਬਾਰੀ ਦਾ ਮੁੱਦਾ ਉਠਾ ਲੈਂਦੇ ਹਨ। ਲਾਲ ਕ੍ਰਿਸ਼ਨ ਅਡਵਾਨੀ ਨੇ ਠੀਕ ਹੀ ਵਿਅੰਗ ਕੀਤਾ ਸੀ ਜੋ ਅੱਜ ਤੱਕ ਯਾਦ ਕੀਤਾ ਜਾਂਦਾ ਹੈ ਕਿ ਮੀਡੀਆ ਨੂੰ ਝੁਕਣ ਲਈ ਕਿਹਾ ਸੀ, ਤੇ ਉਹਨਾਂ ਨੇ ਲੇਟਣਾ ਸ਼ੁਰੂ ਕਰ ਦਿੱਤਾ।

## ਅੰਮ੍ਰਿਤਸਰ 'ਚ ਅਮਿਤ ਸ਼ਾਹ ਦੀ ਅਗਵਾਈ ਹੇਠ ਹੋਈ ਉੱਤਰੀ ਖੇਤਰੀ ਪ੍ਰੀਸ਼ਦ ਦੀ 31ਵੀਂ ਮੀਟਿੰਗ

# ਚੰਡੀਗੜ੍ਹ ਸਿਰ਼ਫ ਪੰਜਾਬ ਦੀ ਰਾਜਧਾਨੀ: ਭਗਵੰਤ ਮਾਨ

### ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਵੀ ਰਿਹਾ ਚਰਚਾ 'ਚ

### ਪਾਣੀਆਂ ਦੀ ਵੰਡ ਸਬੰਧੀ ਵਿਵਾਦ 'ਖੁੱਲ੍ਹੇ ਮਨ' ਅਤੇ ਸੰਵਾਦ ਨਾਲ ਹੋਵੇ ਹੱਲ : ਸ਼ਾਹ

**ਮੀਟਿੰਗ ਵਿੱਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ, ਦਿੱਲੀ, ਜੰਮੂ-ਕਸ਼ਮੀਰ ਅਤੇ ਲਦਾਖ ਦੇ ਉਪ ਰਾਜਪਾਲ, ਚੰਡੀਗੜ੍ਹ ਦੇ ਪ੍ਰਸ਼ਾਸਕ, ਮੈਂਬਰ ਰਾਜਾਂ ਦੇ ਸੀਨੀਅਰ ਮੰਤਰੀ, ਕੇਂਦਰੀ ਗ੍ਰਹਿ ਸਕੱਤਰ ਅਤੇ ਹੋਰ ਸੂਬਿਆਂ ਦੇ ਅਧਿਕਾਰੀ ਹੋਏ ਸ਼ਾਮਲ**




ਅੰਮ੍ਰਿਤਸਰ/ਏ.ਟੀ.ਨਿਊਜ਼ : ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਰੇ ਮੈਂਬਰ ਰਾਜਾਂ ਨੂੰ ਪਾਣੀਆਂ ਦੀ ਵੰਡ ਸਬੰਧੀ ਆਪਸੀ ਵਿਵਾਦ 'ਖੁੱਲ੍ਹੇ ਮਨ' ਅਤੇ ਆਪਸੀ ਸੰਵਾਦ ਨਾਲ ਹੱਲ ਕਰਨ ਦਾ ਸੱਦਾ ਦਿੱਤਾ ਹੈ।

ਮੀਟਿੰਗ ਦੌਰਾਨ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦਾ ਮਸਲਾ ਉਠਾਉਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੀ ਰਾਜਧਾਨੀ ਨੂੰ ਅਧਿਕਾਰਤ ਤੌਰ 'ਤੇ 21 ਸਤੰਬਰ, 1953 ਨੂੰ ਸ਼ਿਮਲਾ ਤੋਂ ਚੰਡੀਗੜ੍ਹ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਵੱਲੋਂ 7 ਅਕਤੂਬਰ, 1953 ਨੂੰ ਇਸ ਦਾ ਉਦਘਾਟਨ ਕੀਤਾ ਗਿਆ ਸੀ। 1966 ਵਿੱਚ ਸੂਬੇ ਦੀ ਵੰਡ ਸਮੇਂ ਪੰਜਾਬ ਪੁਨਰਗਠਨ ਐਕਟ, 1966 ਦੇ ਸੈਕਸ਼ਨ 4 ਦੇ ਉਪਬੰਧਾਂ ਤਹਿਤ ਚੰਡੀਗੜ੍ਹ ਸ਼ਹਿਰ ਨੂੰ 1 ਨਵੰਬਰ, 1966 ਤੋਂ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ ਅਤੇ ਹੁਣ ਤੱਕ ਇਹੀ ਸਥਿਤੀ ਬਰਕਰਾਰ ਹੈ, ਜੋ ਕਿ ਸੂਬੇ ਦੇ ਲੋਕਾਂ ਨਾਲ ਘੋਰ ਬੇਇਨਸਾ਼ਫੀ ਹੈ। ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਸਰਹੱਦਾਂ ਦੀ ਸੁਰੱਖਿਆ ਅਤੇ ਚੌਕਸੀ ਲਈ ਵਚਨਬੱਧ ਹੈ ਅਤੇ ਜਲਦੀ ਹੀ ਸਰਹੱਦਾਂ 'ਤੇ ਐਂਟੀ-ਡਰੋਨ ਪ੍ਰਣਾਲੀ ਸਥਾਪਿਤ ਕੀਤੀ ਜਾਵੇਗੀ। ਉਨ੍ਹਾਂ ਕੌਂਸਲ ਮੈਂਬਰਾਂ ਨੂੰ ਆਪੋ-ਆਪਣੇ ਸੂਬਿਆਂ ਵਿੱਚ ਕੁਦਰਤੀ ਅਤੇ ਆਰਗੈਨਿਕ ਖੇਤੀ ਵਿਧੀ ਅਪਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਨੇ ਨਾਰਕੋਟਿਕਸ ਅਤੇ ਅਤਿਵਾਦ ਨੂੰ ਨਕੇਲ ਪਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਸਕੂਲੀ ਬੱਚਿਆਂ ਦੇ ਪੜ੍ਹਾਈ ਵਿਚਾਲੇ ਛੱਡਣ ਤੇ ਕੁਪੋਸ਼ਣ ਜਿਹੇ ਮੁੱਦਿਆਂ ਨੂੰ ਉਨ੍ਹਾਂ ਤਰਜੀਹੀ ਮੁੱਦੇ ਦੱਸਦੇ ਹੋਏ ਸਾਰੇ ਸੂਬਿਆਂ ਦੇ ਪ੍ਰਤੀਨਿਧਾਂ ਨੂੰ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਅਪੀਲ ਕੀਤੀ। ਮੀਟਿੰਗ ਦੌਰਾਨ ਉਠਾਏ ਗਏ ਪਾਣੀਆਂ ਦੀ ਵੰਡ ਦੇ ਮਾਮਲੇ ਬਾਰੇ ਕੇਂਦਰੀ ਗ੍ਰਹਿ ਮੰਤਰੀ ਨੇ ਕੌਂਸਲ ਦੇ ਸਮੂਹ ਮੈਂਬਰਾਂ ਨੂੰ ਕਿਹਾ ਕਿ ਇਹ ਮਸਲਾ ਆਪਸੀ ਸੰਵਾਦ ਰਾਹੀ ਹੱਲ ਕੀਤਾ ਜਾਵੇ। ਇਸ ਮਾਮਲੇ ਨੂੰ ਹੱਲ ਕਰਨ ਲੱਗਿਆਂ ਖੁੱਲ੍ਹੇ ਮਨ ਨਾਲ ਵਿਚਾਰ ਚਰਚਾ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਵਾਸਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਤੇ ਫੌਜ ਵਿੱਚ ਵਧੇਰੇ ਭਰਤੀ ਉੱਤਰੀ ਖੇਤਰ ਦੇ ਸੂਬਿਆਂ ਵਿੱਚੋਂ ਹੀ ਹੁੰਦੀ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਜਲਦੀ ਹੀ ਸਰਹੱਦਾਂ ਦੀ ਰਾਖੀ ਲਈ ਐਂਟੀ-ਡਰੋਨ ਪ੍ਰਣਾਲੀ ਤਾਇਨਾਤ ਕੀਤੀ ਜਾਵੇਗੀ। ਹਿਮਾਚਲ ਪ੍ਰਦੇਸ਼ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਦਾ ਭਰੋਸਾ ਦਿੰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਾਰਾ ਦੇਸ਼ ਹਿਮਾਚਲ ਪ੍ਰਦੇਸ਼ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਿਮਾਚਲ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ। ਇਸ ਦੌਰਾਨ ਬੁਲਾਰੇ ਮੁਤਾਬਕ ਕੌਂਸਲ ਦੀ ਮੀਟਿੰਗ ਵਿੱਚ ਲਗਭਗ 28 ਮੁੱਦਿਆਂ 'ਤੇ ਚਰਚਾ ਕੀਤੀ ਗਈ। ਇਨ੍ਹਾਂ ਵਿੱਚ ਅੰਤਰਰਾਜੀ ਦਰਿਆਈ ਪਾਣੀ ਦੀ ਵੰਡ ਨਾਲ ਸਬੰਧਿਤ ਮਾਮਲਾ, ਪਿੰਡਾਂ ਵਿੱਚ ਬੈਂਕ ਸ਼ਾਖਾਵਾਂ ਅਤੇ ਡਾਕ ਬੈਂਕਿੰਗ ਸਹੂਲਤ ਉਪਲਬਧ ਕਰਵਾਉਣਾ, ਪੰਜਾਬ ਯੂਨੀਵਰਸਿਟੀ ਨਾਲ ਸਬੰਧਿਤ ਮਾਮਲਾ, ਸਾਈਬਰ ਅਪਰਾਧ ਦੀ ਰੋਕਥਾਮ, ਜਲ ਜੀਵਨ ਮਿਸ਼ਨ ਅਤੇ ਉਡਾਨ ਯੋਜਨਾ ਤਹਿਤ ਮੁੜ ਤੋਂ ਹਵਾਈ ਸੇਵਾਵਾਂ ਸ਼ੁਰੂ ਕਰਨ ਬਾਰੇ ਚਰਚਾ ਕੀਤੀ ਗਈ ਹੈ। ਮੀਟਿੰਗ ਵਿੱਚ ਔਰਤਾਂ ਤੇ ਬੱਚਿਆਂ ਖ਼ਿਲਾ਼ਫ ਬਲਾਤਕਾਰ ਤੇ ਜਿਨਸੀ ਸ਼ੋਸ਼ਣ ਦੇ ਹੋਰ ਮਾਮਲਿਆਂ ਨੂੰ ਤੁਰੰਤ ਹੱਲ ਕਰਨ, ਖੇਤੀਬਾੜੀ ਕਰਜ਼ਾ ਸੁਸਾਇਟੀਆਂ ਨੂੰ ਮਜ਼ਬੂਤ ਕਰਨ ਅਤੇ ਖੇਤੀ ਭੂਮੀ ਦੀ ਖਰੀਦ ਸਬੰਧੀ ਕਾਨੂੰਨ ਬਾਰੇ ਵਿਚਾਰ ਚਰਚਾ ਹੋਈ ਹੈ।

### ਪੰਜਾਬ ਕੋਲ ਹੋਰ ਰਾਜਾਂ ਨੂੰ ਦੇਣ ਲਈ ਵਾਧੂ ਪਾਣੀ ਨਹੀਂ : ਭਗਵੰਤ ਮਾਨ



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਮਸਲੇ ਜ਼ੋਰਦਾਰ ਢੰਗ ਨਾਲ ਰੱਖੇ ਹਨ। ਮੁੱਖ ਮੰਤਰੀ ਨੇ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਉਸਾਰੀ ਬਾਰੇ ਜਿੱਥੇ ਕੋਰੀ ਨਾਂਹ ਕੀਤੀ, ਉਥੇ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਤਰਕ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹੋਰ ਸੂਬਿਆਂ ਨੂੰ ਦੇਣ ਤੋਂ ਨਾਂਹ ਕਰਦਿਆਂ ਪੇਂਡੂ ਵਿਕਾਸ ਫੰਡ (ਆਰਡੀਐੱਫ) ਤੁਰੰਤ ਜਾਰੀ ਕਰਨ ਦੀ ਮੰਗ ਰੱਖੀ। ਉਨ੍ਹਾਂ ਬੀਬੀਐੱਮਬੀ ਤੇ ਪੰਜਾਬ ਯੂਨੀਵਰਸਿਟੀ ਦੇ ਸਰੂਪ ਵਿੱਚ ਬਦਲਾਅ ਕਰਨ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਨੇ ਸੂਬੇ ਨੂੰ ਹੋਰ ਵਿੱਤੀ ਸ਼ਕਤੀਆਂ ਦੇਣ ਦੀ ਮੰਗ ਵੀ ਕੀਤੀ। ਇਸੇ ਤਰ੍ਹਾਂ ਗੁਆਂਢੀ ਰਾਜਾਂ ਦੇ ਮੁੱਖ ਮੰਤਰੀਆਂ ਨੇ ਆਪੋ-ਆਪਣੇ ਸੂਬੇ ਨਾਲ ਸਬੰਧਿਤ ਮੰਗਾਂ ਕੇਂਦਰੀ ਗ੍ਰਹਿ ਮੰਤਰੀ ਅੱਗੇ ਰੱਖੀਆਂ। ਉਂਜ ਮੀਟਿੰਗ ਦੀ ਸ਼ੁਰੂਆਤ ਤੋਂ ਪਹਿਲਾਂ ਬੈਠਕ ਦੀ ਮੇਜ਼ਬਾਨੀ ਕਰ ਰਹੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਹੋਰਨਾਂ ਸੂਬਿਆਂ ਦੇ ਆਪਣੇ ਹਮਰੁਤਬਾਵਾਂ, ਕੇਂਦਰ ਸ਼ਾਸਿਤ ਰਾਜਾਂ ਦੇ ਰਾਜਪਾਲ ਤੇ ਉਪ ਰਾਜਪਾਲ ਅਤੇ ਹੋਰ ਉੱਚ ਅਧਿਕਾਰੀਆਂ ਤੇ ਪ੍ਰਤੀਨਿਧਾਂ ਦਾ ਸਵਾਗਤ ਕੀਤਾ।

# ਅਮਰੀਕਾ ਖ਼ਬਰਨਾਮਾ

## ਝੂਠ ਬੋਲ ਕੇ ਰਿਵਾਲਵਰ ਲੈਣ ਦੇ ਮਾਮਲੇ ’ਚ ਬਾਈਡਨ ਦੇ ਪੁੱਤਰ ਹੰਟਰ ਵੱਲੋਂ ਦੋਸ਼ਾਂ ਦਾ ਵਿਰੋਧ ਕਰਨ ਦਾ .ਫੈਸਲਾ

➢ ਨਹੀਂ ਦਾਇਰ ਕਰੇਗਾ ਦੋਸ਼ੀ ਹੋਣ ਦੀ ਦਰਖ਼ਾਸਤ ➢ ਵੀਡੀਓ ਕਾਨਫਰੰਸ ਰਾਹੀਂ ਸੁਣਵਾਈ ਦੀ ਕੀਤੀ ਮੰਗ

ਸੈਕਰਾਮੈਂਟੋ ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਦੇ ਪੁੱਤਰ ਹੰਟਰ ਬਾਈਡਨ ਵੱਲੋਂ ਆਪਣੇ ਉੱਪਰ ਆਇਦ ਹੋਏ ਸੰਘੀ ਗਨ ਦੋਸ਼ਾਂ ਦਾ ਵਿਰੋਧ ਕਰਨ ਦੀ ਖ਼ਬਰ ਹੈ ਤੇ ਉਸ ਵੱਲੋਂ ਦੋਸ਼ ਮੰਨਣ ਸਬੰਧੀ ਦਰਖਾਸਤ ਦਾਇਰ ਕਰਨ ਦੀ ਯੋਜਨਾ ਨਹੀਂ ਹੈ।

ਹੰਟਰ ਬਾਈਡਨ ਨੇ ਆਪਣੀ ਮੁੱਢਲੀ ਸੁਣਵਾਈ ਵੀਡੀਓ ਕਾਨਫਰੰਸ ਰਾਹੀਂ ਕਰਨ ਦੀ ਬੇਨਤੀ ਕੀਤੀ ਹੈ ਤਾਂ ਜੋ ਉਸ ਨੂੰ ਸੁਣਵਾਈ ਲਈ ਵਿਲਮਿੰਗਟਨ, ਡੇਲਾਵੇਅਰ ਨਾ ਆਉਣਾ ਪਵੇ।ਇਸ ਬੇਨਤੀ ਦਾ ਸਰਕਾਰ ਨੇ ਵਿਰੋਧ ਕੀਤਾ ਹੈ। ਯੂ ਐਸ ਮਜਿਸਟ੍ਰੇਟ ਜੱਜ ਕ੍ਰਿਸਟੋਫਰ ਬੁਰਕ ਨੇ ਦੋਨਾਂ ਧਿਰਾਂ ਨੂੰ ਵੀਡੀਓ ਸੁਣਵਾਈ ਬਾਰੇ ਲਿਖਤੀ ਪੱਖ ਰੱਖਣ ਲਈ ਕਿਹਾ ਹੈ। ਮੁੱਢਲੀ ਸੁਣਵਾਈ ਲਈ ਅਜੇ ਤਰੀਕ ਨਿਸ਼ਚਤ ਨਹੀਂ ਹੋਈ ਹੈ।



ਇਸੇ ਦੌਰਾਨ ਰਿਪਬਲੀਕਨ ਸੰਸਦ ਮੈਂਬਰਾਂ ਨੇ ਹੰਟਰ ਬਾਈਡਨ ਵਿਰੁੱਧ ਦੋਸ਼ ਲਾਉਣ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਹੰਟਰ ਵਿਰੁੱਧ ਜਾਂਚ ਇੱਕ ਪੱਖਪਾਤੀ ਸੌਦਾ ਹੈ ਕਿਉਂਕਿ ਉਸ ਦਾ ਪਿਤਾ ਰਾਸ਼ਟਰਪਤੀ ਹੈ। ਬਾਈਡਨ ਹੰਟਰ ਦੇ ਵਕੀਲ ਅਬੇ ਲੋਵੈਲ ਨੇ ਦਲੀਲ ਦਿੱਤੀ ਹੈ ਕਿ ਇੱਕ ਸੰਖੇਪ ਸੁਣਵਾਈ ਲਈ ਉਸ ਨੂੰ ਲਾਸ ਏਂਜਲਸ ਤੋਂ ਆਉਣਾ ਪਵੇਗਾ ਜਿਸ ਕਾਰਨ ਉਸ ਉਪਰ ਬੇਲੋੜਾ ਬੋਝ ਪਵੇਗਾ। ਲੋਵੈਲ ਨੇ ਕਿਹਾ ਹੈ ਕਿ ਬਾਈਡਨ ਦੋਸ਼ਾਂ ਦਾ ਵਿਰੋਧ ਕਰੇਗਾ ਤੇ ਉਹ ਦੋਸ਼ੀ ਨਹੀਂ ਹੋਣ ਦੀ ਅਪੀਲ ਦਾਇਰ ਕਰੇਗਾ।ਉਨ੍ਹਾਂ ਕਿਹਾ ਕਿ ਇਸ ਦਾ ਕੋਈ ਕਾਰਨ ਨਹੀਂ ਹੈ ਕਿ ਉਹ ਦੋ ਸ਼ਬਦ ਵੀਡੀਓ ਕਾਨਫਰੰਸ ਰਾਹੀਂ ਬੋਲ ਨਹੀਂ ਸਕਦਾ।ਉਹ ਆਪਣਾ ਪੱਖ ਵੀਡੀਓ ਕਾਨਫਰੰਸ ਰਾਹੀਂ ਰਖ ਸਕਦਾ ਹੈ। ਬਾਈਡਨ ਹੰਟਰ ਵਿਰੁੱਧ ਲਾਏ ਦੋਸ਼ਾਂ ਵਿੱਚ ਕਿਹਾ ਗਿਆ ਹੈ ਕਿ ਉਸ ਨੇ 12 ਅਕਤੂਬਰ 2018 ਨੂੰ ਰਿਵਾਲਵਰ ਲੈਣ ਸਮੇਂ ਹਥਿਆਰਾਂ ਦੇ ਡੀਲਰ ਕੋਲ ਝੂਠ ਬੋਲਿਆ ਸੀ ਕਿ ਉਹ ਡੱਰਗ ਨਹੀਂ ਲੈਂਦਾ ਹੈ। ਉਸ ਨੇ ਇਹ ਜਾਣਦਿਆਂ ਹੋਇਆਂ ਕਿ ਡਰੱਗ ਲੈਣ ਵਾਲਿਆਂ ’ਤੇ ਹਥਿਆਰ ਰੱਖਣ ਦੀ ਪਾਬੰਦੀ ਹੈ, ਦੇ ਬਾਵਜੂਦ ਆਪਣੇ ਕੋਲ ਰਿਵਾਲਵਰ ਰਖਿਆ।

## ਅਮਰੀਕਾ ’ਚ ਸਟਾਫ ਨੇ .ਗਲਤੀ ਨਾਲ ਹੱਤਿਆ ਦੇ ਮਾਮਲੇ ਵਿੱਚ ਹਿਰਾਸਤ ਵਿੱਚ ਲਏ ਸ਼ੱਕੀ ਦੋਸ਼ੀ ਨੂੰ ਛੱਡਿਆ

ਸੈਕਰਾਮੈਂਟੋ ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਇੰਡਿਆਨਾ ਰਾਜ ਦੇ ਇੰਡਿਆਨਾਪੋਲਿਸ ਸ਼ਹਿਰ ਦੇ ਇੱਕ ਨਜ਼ਰਬੰਦੀ ਕੇਂਦਰ ਵਿਚੋਂ ਹੱਤਿਆ ਦੇ ਮਾਮਲੇ ਦੇ ਸ਼ੱਕੀ ਦੋਸ਼ੀ ਨੂੰ ਸਟਾਫ ਵੱਲੋਂ ਗਲਤੀ ਨਾਲ ਛੱਡ ਦੇਣ ਦੀ ਖ਼ਬਰ ਹੈ ਜਿਸ ਨੂੰ ਮੁੜ ਕਾਬੂ ਕਰਨ ਲਈ ਪੁਲਿਸ ਨੇ ਆਮ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ ਹੈ। ਇਹ ਜਾਣਕਾਰੀ ਮਾਰੀਅਨ ਕਾਊਂਟੀ ਸ਼ੈਰਿਫ ਦਫ਼ਤਰ ਨੇ ਜਾਰੀ ਇੱਕ ਬਿਆਨ ਵਿੱਚ ਦਿੰਦਿਆਂ ਕਿਹਾ ਹੈ ਕਿ ਪਿਛਲੇ ਹਫਤੇ ਸ਼ੱਕੀ ਦੋਸ਼ੀ 28 ਸਾਲਾ ਕੈਵਿਨ ਮੈਸਨ ਨੂੰ ਇੱਕ ਅਡਲਟ ਡਿਟੈਂਨਸ਼ਨ ਸੈਂਟਰ ਵਿਚੋਂ ਸਟਾਫ ਵੱਲੋਂ ਰਿਕਾਰਡ ਛਾਣਬੀਣ ਵਿੱਚ ਹੋਈ ਗਲਤੀ ਕਾਰਨ ਰਿਹਾਅ ਕਰ ਦਿੱਤਾ, ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਸੈਰਿਫ ਕਰਨਲ ਜੇਮਸ ਮਾਰਟਿਨ ਨੇ ਕਿਹਾ ਕਿ ਇਹ ਅਜੇ ਅਸਪੱਸ਼ਟ ਹੈ ਕਿ ਮੈਸਨ ਕਾਊਂਟੀ ਵਿੱਚ ਹੀ ਹੈ ਜਾਂ ਬਾਹਰ ਕਿਤੇ ਭੱਜ ਗਿਆ ਹੈ। ਉਨ੍ਹਾਂ ਕਿਹਾ ਕਿ ਮੈਸਨ ਨੂੰ ਮਿਨਿਆਪੋਲਿਸ ਵਿੱਚ 2021 ਵਿੱਚ ਹੋਈ ਗੋਲੀਬਾਰੀਵਿੱਚ ਹੋਈ ਹੱਤਿਆ ਦੇ ਮਾਮਲੇ ਵਿੱਚ ਸ਼ੱਕੀ ਦੋਸ਼ੀ ਵਜੋਂ ਜਾਰੀ ਵਾਰੰਟ ਤਹਿਤ 11 ਸਤੰਬਰ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।ਉਸ ਵਿਰੁੱਧ ਦੋ ਹੋਰ ਵਾਰੰਟ ਵੀ ਜਾਰੀ ਹੋਏ ਹਨ ਜਿਨ੍ਹਾਂ ਵਿੱਚ ਪੈਰੋਲ ਦੀ ਉਲੰਘਣਾ ਤੇ ਹਥਿਆਰ ਰੱਖਣ ਦੇ ਮਾਮਲੇ ਸ਼ਾਮਿਲ ਹਨ। ਮਾਰਟਿਨ ਅਨੁਸਾਰ ਮੈਸਨ ਦੀ ਰਿਹਾਈ ਵਿੱਚ ਸ਼ਾਮਿਲ ਦੋ ਰਿਕਾਰਡ ਕਲਰਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਤੇ ਇਸ ਮਾਮਲੇ ਦੀ ਵਿਭਾਗ ਵੱਲੋਂ ਆਪਣੇ ਤੌਰ ’ਤੇ ਜਾਂਚ ਕੀਤੀ ਜਾਵੇਗੀ।



## ਅਮਰੀਕਾ ’ਤੇ ਇੱਕ ਵਾਰ ਫਿਰ ਮੰਡਰਾਇਆ ਸ਼ਟਡਾਊਨ ਦਾ ਖ਼ਤਰਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ’ਤੇ ਮੁੜ ਸ਼ਟਡਾਊਨ ਦਾ ਖ਼ਤਰਾ ਮੰਡਰਾ ਰਿਹਾ ਹੈ। 30 ਸਤੰਬਰ ਦੀ ਅੱਧੀ ਰਾਤ ਤੱਕ ਜੇਕਰ ਡੈਮੋਕਰੇਟਸ ਅਤੇ ਰਿਪਬਲਿਕਨ ਥੋੜ੍ਹੇ ਸਮੇਂ ਦੇ ਖਰਚ ਬਿੱਲ ’ਤੇ ਸਹਿਮਤ ਨਹੀਂ ਹੁੰਦੇ ਹਨ, ਤਾਂ ਅਮਰੀਕਾ ਵਿੱਚ ਸ਼ਟਡਾਊਨ ਦੀ ਸਥਿਤੀ ਲਾਗੂ ਹੋ ਜਾਵੇਗੀ। ਸ਼ਟਡਾਊਨ ਇੱਕ ਅਜਿਹੀ ਸਥਿਤੀ ਹੈ ਜਦੋਂ ਅਮਰੀਕੀ ਸਰਕਾਰ, ਏਜੰਸੀਆਂ ਅਤੇ ਸਰਕਾਰੀ ਕਾਰਜਾਂ ਲਈ ਢੁਕਵੀਂ ਫੰਡਿੰਗ ਪਾਸ ਕਰਨ ਵਿੱਚ ਅਸਮਰੱਥ ਹੋ ਜਾਵੇਗੀ। ਅਮਰੀਕਾ ਦਾ ਕਰਜ਼ਾ 33 ਟ੍ਰਿਲੀਅਨ ਡਾਲਰ ਨੂੰ ਪਾਰ ਕਰ ਗਿਆ ਹੈ, ਜੋ ਉਸ ਲਈ ਸਭ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ। ਇਹ ਕਰਜ਼ਾ ਸੰਕਟ ਇੰਨਾ ਡੂੰਘਾ ਹੋ ਗਿਆ ਹੈ ਕਿ ਉੱਥੇ ਸ਼ਟਡਾਊਨ ਦੀ ਸਥਿਤੀ ਪੈਦਾ ਹੋ ਗਈ ਹੈ। ਜੇਕਰ ਅਮਰੀਕਾ ਵਿੱਚ ਸੰਕਟ ਹੋਰ ਵਧਿਆ ਤਾਂ ਉਥੋਂ ਦੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਤੱਕ ਅਟਕ ਜਾਣਗੀਆਂ।

ਦੇਸ਼ ਵਿੱਚ ਤੇਲ ਦੀਆਂ ਕੀਮਤਾਂ ਉਚਾਈ ’ਤੇ ਹਨ, ਆਟੋ ਉਦਯੋਗ ਦੇ ਕਰਮਚਾਰੀ ਹੜਤਾਲ ’ਤੇ ਹਨ ਅਤੇ ਮਹਿੰਗਾਈ ਆਪਣੇ ਸਿਖਰ ’ਤੇ ਹੈ। ਦੁਨੀਆਂ ਦੇ ਸਾਹਮਣੇ ਆਪਣੀ ਤਾਕਤ ਦਾ ਦਿਖਾਵਾ ਕਰਨ ਵਾਲੇ ਅਮਰੀਕਾ ਦੀ ਅਰਥਵਿਵਸਥਾ ਇਸ ਸਮੇਂ ਮੁਸ਼ਕਲ ਦੌਰ ’ਚੋਂ ਗੁਜ਼ਰ ਰਹੀ ਹੈ। ਅਰਥ ਵਿਵਸਥਾ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਇੱਕ ਵਾਰ ਫਿਰ ਮੰਦੀ ਦੀ ਸੰਭਾਵਨਾ ਵਧ ਗਈ ਹੈ।ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਹੈ। ਜੇਕਰ ਇਹ ਮੰਦੀ ਵਿੱਚ ਫਸ ਜਾਂਦਾ ਹੈ ਤਾਂ ਪੂਰੀ ਦੁਨੀਆ ’ਤੇ ਇਸ ਦਾ ਪ੍ਰਭਾਵ ਪੈ ਸਕਦਾ ਹੈ। ਜੇਕਰ ਸ਼ਟਡਾਊਨ ਹੁੰਦਾ ਹੈ ਤਾਂ ਅਮਰੀਕੀ ਅਰਥਵਿਵਸਥਾ ਨੂੰ ਹਰ ਹਫ਼ਤੇ 6 ਅਰਬ ਡਾਲਰ ਦਾ ਭਾਰੀ ਨੁਕਸਾਨ ਹੋਵੇਗਾ, ਜਦਕਿ ਚੌਥੀ ਤਿਮਾਹੀ ਤੱਕ ਅਮਰੀਕਾ ਦੀ ਜੀਡੀਪੀ ’ਚ 0.1 ਫੀਸਦੀ ਦੀ ਗਿਰਾਵਟ ਦੇਖਣ ਨੂੰ ਮਿਲੇਗੀ। ਹਾਲਾਂ ਕਿ ਅਮਰੀਕਾ ਲਈ ਸ਼ਟਡਾਊਨ ਕੋਈ ਨਵੀਂ ਗੱਲ ਨਹੀਂ ਹੈ। ਇੱਥੇ ਪਹਿਲਾਂ ਵੀ ਉਥੇ ਕਈ ਵਾਰ ਸ਼ਟਡਾਊਨ ਚੁੱਕਾ ਹੈ। ਡੋਨਾਲਡ ਟਰੰਪ ਦੇ ਸ਼ਾਸਨ ਦੌਰਾਨ 35 ਦਿਨਾਂ ਦਾ ਲੰਬਾ ਸ਼ਟਡਾਊਨ ਰਿਹਾ ਸੀ।




## ਟੈਕਸਾਸ ਦੀ ਜੇਲ੍ਹ ’ਚ ਬਿਨਾਂ ਪੈਰੋਲ ਉਮਰ ਕੈਦ ਕੱਟ ਰਹੇ ਕੈਦੀ ਦੀ ਸਾਥੀ ਕੈਦੀ ਵੱਲੋਂ ਹੱਤਿਆ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਟੈਕਸਾਸ ਰਾਜ ਦੀ ਇੱਕ ਜੇਲ੍ਹ ਵਿੱਚ ਦੋ ਕਤਲਾਂ ਦੇ ਮਾਮਲੇ ਵਿੱਚ ਬਿਨਾਂ ਪੈਰੋਲ ਉਮਰ ਭਰ ਲਈ ਜੇਲ੍ਹ ਵਿੱਚ ਬੰਦ ਕੈਦੀ ਦੀ ਉਸ ਦੇ ਸਾਥੀ ਕੈਦੀ ਵੱਲੋਂ ਹੱਤਿਆ ਕਰ ਦੇਣ ਦੀ ਖ਼ਬਰ ਹੈ। ਕੈਦੀ ਉਪਰ 20 ਤੋਂ ਵਧ ਹੋਰ ਬਿਰਧ ਔਰਤਾਂ ਦੀਆਂ ਹੱਤਿਆਵਾਂ ਕਰਨ ਦੇ ਵੀ ਦੋਸ਼ ਸਨ। ਫੌਜਦਾਰੀ ਨਿਆਂ ਬਾਰੇ ਟੈਕਸਾਸ ਵਿਭਾਗ ਦੇ ਬੁਲਾਰੇ ਅਮਾਂਡਾ ਹਰਨਾਂਡੇਜ਼ ਅਨੁਸਾਰ 50 ਸਾਲਾ ਬਿੱਲੀ ਕੈਮਿਰਮੀਰ ਆਪਣੇ ਸੈੱਲ ਵਿੱਚ ਮ੍ਰਿਤਕ ਪਾਇਆ ਗਿਆ। ਬੁਲਾਰੇ ਅਨੁਸਾਰ ਸਾਥੀ ਕੈਦੀ ਵੀ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ। ਬੁਲਾਰੇ ਨੇ ਨਾ ਹੀ ਸਾਥੀ ਕੈਦੀ ਦਾ ਨਾਂ ਜਾਰੀ ਕੀਤਾ ਹੈ ਤੇ ਨਾ ਹੀ ਮਾਰੇ ਗਏ ਕੈਦੀ ਦੀ ਮੌਤ ਦਾ ਕਾਰਨ ਦੱਸਿਆ ਹੈ। ਬਿੱਲੀ ਕੈਮਿਰਮੀਰ 80 ਸਾਲਾ ਲੂ ਥੀ ਹੈਰਿਸ ਤੇ 87 ਸਾਲਾ ਮੈਰੀ ਬਰੁੱਕਸ ਦੀਆਂ ਹੱਤਿਆਵਾਂ ਦੇ ਦੋਸ਼ਾਂ ਤਹਿਤ ਹੋਈ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਕੱਟ ਰਿਹਾ ਸੀ।

## .ਗੈਰ ਗੋਰੇ ਮੂਲ ਦੀ ਮਹਿਲਾ ਨੇ ਨਿਊਯਾਰਕ ਪੁਲਿਸ ਵਿਭਾਗ ਦੀ ਪਹਿਲੀ ਮਹਿਲਾ ਪੁਲਿਸ ਸਰਜਨ ਵਜੋਂ ਚੁੱਕੀ ਸਹੁੰ

ਨਿਊਯਾਰਕ/ ਏ.ਟੀ.ਨਿਊਜ਼: ਡਾਕਟਰ ਲਿਨ ਓ ਕੌਨਰ ਨਿਊਯਾਰਕ ਪੁਲਿਸ ਵਿਭਾਗ ਦੇ ਪੁਲਿਸ ਸਰਜਨ ਵਜੋਂ ਸਹੁੰ ਚੁੱਕਣ ਵਾਲੀ ਪਹਿਲੀ ਗੈਰ ਗੋਰੇ ਮੂਲ ਦੀ ਔਰਤ ਬਣ ਗਈ ਹੈ। ਡਾ. ਲਿਨ ਓ ਕੌਨਰ ਹੁਣ ਨਿਊਯਾਰਕ ਪੁਲਿਸ ਵਿਭਾਗ ਲਈ ਪਹਿਲੀ ਗੈਰ ਗੋਰੇ ਮੂਲ ਦੀ ਮਹਿਲਾ ਪੁਲਿਸ ਸਰਜਨ ਹੈ। ਓ ਕੋਨਰ ਮਰਸੀ ਮੈਡੀਕਲ ਸੈਂਟਰ ਅਤੇ ਸੇਂਟ ਜੋਸੇਫ ਹਸਪਤਾਲ ਵਿੱਚ ਕੋਲਨ ਅਤੇ ਗੁਰਦੇ ਦੀ ਸਰਜਰੀ ਦੇ ਮੁਖੀ ਵਜੋਂ ਵੀ ਕੰਮ ਕਰਦੀ ਹੈ।



ਐਨ.ਵਾਈ.ਪੀ.ਡੀ ਵਿੱਚ ਆਪਣੀ ਨਵੀਂ ਭੂਮਿਕਾ ਵਿੱਚ ਉਹ ਡਿਊਟੀ ਲਈ ਅਫਸਰਾਂ ਦੀ ਫਿਟਨੈਸ ਨਿਰਧਾਰਤ ਕਰੇਗੀ, ਜ਼ਖਮੀ ਮੈਂਬਰਾਂ ਦਾ ਇਲਾਜ ਵੀ ਕਰੇਗੀ ਅਤੇ ਉਨ੍ਹਾਂ ਨੂੰ ਸਲਾਹ-ਮਸ਼ਵਰੇ ਵੀ ਪ੍ਰਦਾਨ ਕਰੇਗੀ।ਪੁਲਿਸ ਅਧਿਕਾਰੀਆਂ ਨਾਲ ਕੰਮ ਕਰਨ ਵਾਲੇ ਡਾਕਟਰ ਵਜੋਂ ਆਪਣੇ ਤਜਰਬੇ ਦੀ ਗੱਲ ਕਰਦਿਆਂ ਓ ਕੌਨਰ ਨੇ ਕਿਹਾ ਕਿ ਅਧਿਕਾਰੀ ਦੂਜਿਆਂ ਦੀ ਦੇਖਭਾਲ ਕਰਨ ਵਿੱਚ ਇੰਨਾ ਸਮਾਂ ਬਿਤਾਉਂਦੇ ਹਨ ਕਿ ਉਨ੍ਹਾਂ ਕੋਲ ਆਪਣੀ ਦੇਖਭਾਲ ਕਰਨ ਲਈ ਇੰਨਾ ਸਮਾਂ ਨਹੀਂ ਹੁੰਦਾ। ਉਸਨੇ ਕਿਹਾ ਕਿ ਇਸ ਅਹੁਦੇ ’ਤੇ ਮੇਰੇ ਪਿਛੋਕੜ ਨਾਲ ਮੈਂ ਕੋਲੋਰੇਕਟਲ ਕੈਂਸਰ ਜਾਗਰੂਕਤਾ ਪ੍ਰੋਗਰਾਮਾਂ, ਸਕ੍ਰੀਨਿੰਗ ਪ੍ਰੋਗਰਾਮਾਂ ਅਤੇ ਹੋਰ ਕਈ ਪਹਿਲਕਦਮੀਆਂ ਨੂੰ ਵਿਕਸਤ ਕਰਨ ਲਈ ਵਿਲੱਖਣ ਸਥਿਤੀ ਵਿੱਚ ਹਾਂ, ਜੋ ਸਾਡੇ ਅਫਸਰਾਂ ਨੂੰ ਸੁਰੱਖਿਅਤ ਤੇ ਸਿਹਤਮੰਦ ਰੱਖਣ ਅਤੇ ਉਨ੍ਹਾਂ ਨੂੰ ਸੇਵਾ ਲਈ ਫਿੱਟ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੀਆਂ। ਐਨ.ਵਾਈ.ਪੀ.ਡੀ ਦੇ ਚੀਫ਼ ਆਫ਼ ਪਰਸੋਨਲ (**ਬਾਕੀ ਸਫ਼ਾ 30 ’ਤੇ**)

## ਨਿੱਝਰ ਮਾਮਲੇ ’ਚ ਕੈਨੇਡਾ ਦੀ ਜਾਂਚ ਅੱਗੇ ਵਧੇ : ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਨੇ ਕਿਹਾ ਹੈ ਕਿ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਨੂੰ ਲੈ ਕੇ ਕੈਨੇਡਾ ਦੀ ਜਾਂਚ ਅੱਗੇ ਵਧਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਕੈਨੇਡਾ ਨੇ ਦੋਸ਼ ਲਾਇਆ ਹੈ ਕਿ ਨਿੱਝਰ ਦੇ ਕਤਲ ਪਿੱਛੇ ਭਾਰਤੀ ਅਧਿਕਾਰੀਆਂ ਦਾ ਹੱਥ ਸੀ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਰੋਜ਼ਾਨਾ ਪ੍ਰੈਸ ਕਾਨਫਰੰਸ ਵਿੱਚ ਕਿਹਾ, “ਅਸੀਂ (ਕੈਨੇਡੀਅਨ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਗਾਏ ਗਏ ਦੋਸ਼ਾਂ ਤੋਂ ਬਹੁਤ ਚਿੰਤਤ ਹਾਂ। ਅਸੀਂ ਆਪਣੇ ਕੈਨੇਡੀਅਨ ਭਾਈਵਾਲਾਂ ਨਾਲ ਨਜ਼ਦੀਕੀ ਸੰਪਰਕ ਵਿੱਚ ਹਾਂ। ਮਿਲਰ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, ਮੇਰਾ ਮੰਨਣਾ ਹੈ ਕਿ ਕੈਨੇਡਾ ਦੀ ਜਾਂਚ ਨੂੰ ਅੱਗੇ ਵਧਾਉਣਾ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣਾ ਮਹੱਤਵਪੂਰਨ ਹੈ। ਅਸੀਂ ਜਨਤਕ ਅਤੇ ਨਿੱਜੀ ਤੌਰ ’ਤੇ ਭਾਰਤ ਸਰਕਾਰ ਨੂੰ ਕੈਨੇਡਾ ਦੀ ਜਾਂਚ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

# ਬ੍ਰਿਟੇਨ ’ਚ ਸਿਗਰਟਨੋਸ਼ੀ ’ਤੇ ਲੱਗ ਸਕਦੀ ਹੈ ਪਾਬੰਦੀ

## ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੀ ਸਿਗਰਟਨੋਸ਼ੀ ’ਤੇ ਪਾਬੰਦੀ ਲਗਾਉਣ ਦੀ ਯੋਜਨਾ ਬਣਾਉਣ ਲੱਗੇ

ਲੰਡਨ/ਏ.ਟੀ.ਨਿਊਜ਼ : ਨਿਊਜ਼ੀਲੈਂਡ ਦੇ ਰਸਤੇ ’ਤੇ ਚੱਲਦੇ ਹੋਏ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੀ ਦੇਸ਼ ਵਿੱਚ ਸਿਗਰਟਨੋਸ਼ੀ ’ਤੇ ਪਾਬੰਦੀ ਲਗਾਉਣ ਦੀ ਯੋਜਨਾ ਬਣਾ ਰਹੇ ਹਨ। ‘ਦਿ ਗਾਰਡੀਅਨ’ ਦੀ ਇੱਕ ਰਿਪੋਰਟ ਵਿੱਚ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਜਿਹੇ ਕਾਨੂੰਨਾਂ ’ਤੇ ਵਿਚਾਰ ਕਰ ਰਹੇ ਹਨ ਜੋ ਅਗਲੀ ਪੀੜ੍ਹੀ ਨੂੰ ਸਿਗਰਟ ਖਰੀਦਣ ਤੋਂ ਰੋਕ ਸਕਣਗੇ। ਨਿਊਜ਼ੀਲੈਂਡ ਵਿੱਚ 1 ਜਨਵਰੀ 2009 ਨੂੰ ਜਾਂ ਉਸ ਤੋਂ ਬਾਅਦ ਪੈਦਾ ਹੋਏ ਕਿਸੇ ਵੀ ਵਿਅਕਤੀ ’ਚ ਪਿਛਲੇ ਸਾਲ ਜਾਰੀ ਕਾਨੂੰਨਾਂ ਦੀ ਤਰਜ਼ ’ਤੇ ਅਜਿਹੇ ਸਿਗਰਟਨੋਸ਼ੀ ਵਿਰੋਧੀ ਉਪਾਵਾਂ ’ਤੇ ਵਿਚਾਰ ਕਰ ਰਹੇ ਹਨ।



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਚਾਰ ਅਧੀਨ ਨੀਤੀਆਂ ਅਗਲੇ ਸਾਲ ਸੰਭਾਵਿਤ ਚੋਣਾਂ ਤੋਂ ਪਹਿਲਾਂ ਸੁਨਕ ਦੀ ਟੀਮ ਦੀ ਇੱਕ ਨਵੀਂ ਖਪਤਕਾਰ-ਕੇਂਦ੍ਰਿਤ ਮੁਹਿੰਮ ਦਾ ਹਿੱਸਾ ਹਨ। ਬ੍ਰਿਟੇਨ ਨੇ ਮਈ ਵਿੱਚ ਘੋਸ਼ਣਾ ਕੀਤੀ ਸੀ ਕਿ ਉਹ ਈ-ਸਿਗਰੇਟ ’ਤੇ ਪਾਬੰਦੀ ਲਗਾਉਂਦੇ ਹੋਏ, ਉਸ ਖਾਮੀ ਨੂੰ ਬੰਦ ਕਰ ਦੇਵੇਗਾ, ਜਿਸ ਤਹਿਤ ਰਿਟੇਲਰ ਬੱਚਿਆਂ ਨੂੰ ਵੈਪਸ ਦੇ ਮੁਫ਼ਤ ਨਮੂਨੇ ਦੇ ਸਕਦੇ ਹਨ। ਜੁਲਾਈ ਵਿੱਚ ਇੰਗਲੈਂਡ ਅਤੇ ਵੇਲਜ਼ ਵਿੱਚ ਵੱਖਰੀਆਂ ਕੌਂਸਲਾਂ ਨੇ ਸਰਕਾਰ ਨੂੰ ਵਾਤਾਵਰਣ ਅਤੇ ਸਿਹਤ ਦੋਵਾਂ ਆਧਾਰਾਂ ’ਤੇ 2024 ਤੱਕ ਸਿੰਗਲ-ਯੂਜ਼ ਵੈਪਸ ਦੀ ਵਿਕਰੀ ’ਤੇ ਪਾਬੰਦੀ ਲਗਾਉਣ ਲਈ ਕਿਹਾ।

ਬ੍ਰਿਟਿਸ਼ ਸਰਕਾਰ ਦੇ ਇੱਕ ਬੁਲਾਰੇ ਨੇ ਰਾਇਟਰਜ਼ ਨੂੰ ਈਮੇਲ ਦੇ ਜਵਾਬ ਵਿੱਚ ਕਿਹਾ, ਅਸੀਂ ਵੱਧ ਤੋਂ ਵੱਧ ਲੋਕਾਂ ਨੂੰ ਸਿਗਰਟਨੋਸ਼ੀ ਛੱਡਣ ਲਈ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ ਅਤੇ 2030 ਤੱਕ ਸਿਗਰਟਨੋਸ਼ੀ ਤੋਂ ਮੁਕਤ ਹੋਣ ਦੀ ਸਾਡੀ ਅਭਿਲਾਸ਼ਾ ਨੂੰ ਪੂਰਾ ਕਰਨਾ ਚਾਹੁੰਦੇ ਹਾਂ। ਇਹੀ ਕਾਰਨ ਹੈ ਕਿ ਅਸੀਂ ਸਿਗਰਟਨੋਸ਼ੀ ਦੀ ਦਰ ਨੂੰ ਘੱਟ ਕਰਨ ਲਈ ਪਹਿਲਾਂ ਹੀ ਕਦਮ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਉਪਾਵਾਂ ਵਿੱਚ ਮੁਫ਼ਤ ਵੈਪ ਕਿੱਟਾਂ, ਗਰਭਵਤੀ ਔਰਤਾਂ ਨੂੰ ਸਿਗਰਟ ਛੱਡਣ ਲਈ ਉਤਸ਼ਾਹਿਤ ਕਰਨ ਲਈ ਇੱਕ ਵਾਊਚਰ ਸਕੀਮ ਅਤੇ ਲਾਜ਼ਮੀ ਸਿਗਰੇਟ ਪੈਕ ਪਾਉਣ ਬਾਰੇ ਸਲਾਹ ਸ਼ਾਮਲ ਹੈ।

**ਕੀ ਹੈ ਵੈਪਸ**

ਇਸ ਨੂੰ ਈ-ਸਿਗਰੇਟ ਦੇ ਰੂਪ ਵਿੱਚ ਵੀ ਜਾਣਿਆ ਜਾਂਦਾ ਹੈ। ਇਹ ਬੈਟਰੀ ਨਾਲ ਚੱਲਣ ਵਾਲਾ ਯੰਤਰ ਹੈ, ਜੋ ਐਰੋਸੋਲ ਪੈਦਾ ਕਰਦਾ ਹੈ। ਇਸ ਵਿੱਚ ਨਿਕੋਟੀਨ, ਫਲੇਵਰਿੰਗ ਅਤੇ 30 ਤੋਂ ਵੱਧ ਹੋਰ ਰਸਾਇਣ ਹੁੰਦੇ ਹਨ। ਅੱਜ-ਕੱਲ੍ਹ, ਵੱਡੀ ਗਿਣਤੀ ਵਿੱਚ ਲੋਕ ਆਪਣੀ ਸਿਗਰਟ ਪੀਣ ਦੀ ਆਦਤ ਨੂੰ ਘਟਾਉਣ ਲਈ ਈ-ਸਿਗਰੇਟ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਨੂੰ ‘ਵੈਪਸ’ ਵੀ ਕਿਹਾ ਜਾਂਦਾ ਹੈ।

# ਆਸਟ੍ਰੇਲੀਆ ਦੀਆਂ ਖੇਡਾਂ ’ਚ ਪੰਜਾਬੀ ਬਜ਼ੁਰਗ ਦੀ ਝੰਡੀ

## ਜਿਮਨਾਸਟਿਕ ਦੀਆਂ ਖੇਡਾਂ ’ਚ ਹਾਸਲ ਕੀਤਾ ਵੱਡਾ ਮੁਕਾਮ

ਸਿਡਨੀ/ਏ.ਟੀ.ਨਿਊਜ਼ : ਬੀਤੇ ਦਿਨੀਂ ਆਸਟ੍ਰੇਲੀਆ ਦੇ ਸਿਡਨੀ ’ਚ ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ ਵੱਲੋਂ ਇੰਟਰਫੇਥ ਐਥਲੈਟਿਕਸ ਕਾਰਨੀਵਲ-2023 ਦੇ ਬੈਨਰ ਹੇਠ ਜਿਮਨਾਸਿਟਕ ਦੇ ਟੂਰਨਾਮੈਂਟ ਕਰਵਾਏ ਗਏ। ਇਸ ਦੌਰਾਨ ਕਰਵਾਈਆਂ ਗਈਆਂ ਵੱਖ-ਵੱਖ ਖੇਡਾਂ ਰੇਸ, ਗੋਲਾ ਸੁੱਟਣਾ, ਲੰਬੀ ਤੇ ਉੱਚੀ ਛਾਲ ਆਦਿ ’ਚ ਹਰ ਉਮਰ ਦਾ ਵਿਅਕਤੀ ਸ਼ਮੂਲੀਅਤ ਕਰ ਸਕਦਾ ਸੀ।ਇਸ ਮੌਕੇ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਖਾਰਾ ਦੇ ਜੰਮਪਲ, ਪੰਜਾਬ ਐਂਡ ਸਿੰਧ ਬੈਂਕ ’ਚੋਂ ਸੇਵਾ-ਮੁਕਤ ਅਤੇ ਜਿਮਨਾਸਟਿਕ ਦੀਆਂ ਖੇਡਾਂ ’ਚੋਂ ਭਾਰਤ ’ਚ ਰਾਸ਼ਟਰੀ ਪੱਧਰ ਦੇ ਪੁਰਸਕਾਰ ਹਾਸਲ ਕਰਨ ਵਾਲੇ ਗੁਰਮੇਜ ਸਿੰਘ ਸੰਧੂ ਨੇ ਆਪਣੀ ਕਲਾ ਦੇ ਜੌਹਰ ਦਿਖਾਉਂਦਿਆਂ ਇਸ ਟੂਰਨਾਮੈਂਟ ’ਚ ਦੋ ਸੋਨੇ ਅਤੇ ਇਕ ਚਾਂਦੀ ਦਾ ਮੈਡਲ ਹਾਸਲ ਕੀਤਾ। ਸੰਧੂ ਦੀ ਇਸ ਜਿੱਤ ਨਾਲ ਆਸਟ੍ਰੇਲੀਆ ਦੀ ਧਰਤੀ ’ਤੇ ਜਿਥੇ ਤਿਰੰਗੇ ਦਾ ਮਾਣ ਵਧਿਆ ਉਥੇ ਪੰਜਾਬੀਆਂ ਦੀ ਵੀ ਬੱਲੇ-ਬੱਲੇ ਹੋਈ। ਇੱਥੇ ਵਰਨਣ ਯੋਗ ਹੈ ਕਿ ਗੁਰਮੇਜ ਸਿੰਘ ਸੰਧੂ ਆਸਟ੍ਰੇਲੀਆ ਦੇ ਸਿਡਨੀ ’ਚ ਆਪਣੀ ਸਪੁੱਤਰੀ ਨੂੰ ਮਿਲਣ ਲਈ ਗਏ ਹੋਏ ਸਨ, ਜਿੱਥੇ ਉਨ੍ਹਾਂ ਖੇਡਾਂ ਦੇ ਖੇਤਰ ’ਚ ਵੀ ਮੀਲ ਪੱਥਰ ਗੱਡ ਦਿੱਤਾ।



# ਭਵਿੱਖ ’ਚ ਆ ਸਕਦੀ ਹੈ ਕੋਰੋਨਾ ਦੀ ਇੱਕ ਹੋਰ ਲਹਿਰ

## ਚੀਨੀ ਵਿਗਿਆਨੀ ਨੇ ਦਿੱਤੀ ਚਿਤਾਵਨੀ

ਬੀਜਿੰਗ/ਏ.ਟੀ.ਨਿਊਜ਼ : ਚੀਨ ਦੇ ਸਭ ਤੋਂ ਮਸ਼ਹੂਰ ਵਾਇਰਲੋਜਿਸਟ ਸ਼ੀ ਝੇਂਗਲੀ ਨੇ ਚਿਤਾਵਨੀ ਦਿੱਤੀ ਹੈ ਕਿ ਭਵਿੱਖ ਵਿੱਚ ਕੋਰੋਨਾ ਵਾਇਰਸ ਦੀ ਇੱਕ ਹੋਰ ਲਹਿਰ ਆ ਸਕਦੀ ਹੈ। ਸ਼ੀ ਝੇਂਗਲੀ ਨੂੰ ‘ਬੈਟਵੂਮੈਨ’ ਵੀ ਕਿਹਾ ਜਾਂਦਾ ਹੈ। ਸ਼ੀ ਨੇ ਹਾਲ ਹੀ ’ਚ ਸਹਿਯੋਗੀਆਂ ਦੇ ਨਾਲ ਲਿਖੇ ਇੱਕ ਪੇਪਰ ਵਿੱਚ ਚਿਤਾਵਨੀ ਦਿੱਤੀ ਸੀ ਕਿ ਦੁਨੀਆ ਨੂੰ ਕੋਵਿਡ-19 ਵਰਗੀ ਇੱਕ ਹੋਰ ਬਿਮਾਰੀ ਲਈ ਤਿਆਰ ਰਹਿਣਾ ਚਾਹੀਦਾ ਹੈ ਕਿਉਂਕਿ ਜੇਕਰ ਕੋਰੋਨਾ ਵਾਇਰਸ ਮੁੜ ਫੈਲਦਾ ਹੈ ਤਾਂ ਇਹ ਕਈ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ।





ਕੋਰੋਨਾ ਵਾਇਰਸ 2003 ਵਿੱਚ ਇੱਕ ਸਿੰਡਰੋਮ ਕਾਰਨ ਪੈਦਾ ਹੋਇਆ ਸੀ ਤੇ 2019-20 ਵਿੱਚ ਇਹ ਇੰਨਾ ਭਿਆਨਕ ਹੋ ਗਿਆ ਕਿ ਇਸ ਨਾਲ ਦੁਨੀਆ ਭਰ ਵਿੱਚ ਲੱਖਾਂ ਲੋਕਾਂ ਦੀ ਮੌਤ ਹੋ ਗਈ। ਚੀਨ ਅਤੇ ਹਾਂਗਕਾਂਗ ਵਿੱਚ ਵੀ ਕੋਰੋਨਾ ਵਾਇਰਸ ਨੇ ਤਬਾਹੀ ਮਚਾ ਦਿੱਤੀ ਸੀ। ਇਸ ਰਿਸਰਚ ਵਿੱਚ ਵੂਹਾਨ ਇੰਸਟੀਚਿਊਟ ਆਫ਼ ਵਾਇਰੋਲੋਜੀ ਦੀ ਸ਼ੀ ਦੀ ਟੀਮ ਨੇ 40 ਕੋਰੋਨਾ ਵਾਇਰਸ ਪ੍ਰਜਾਤੀਆਂ ਦੇ ਮਨੁੱਖ ’ਚ ਫੈਲਣ ਦੇ ਜੋਖਮ ਦਾ ਮੁਲਾਂਕਣ ਕੀਤਾ ਅਤੇ ਉਨ੍ਹਾਂ ’ਚੋਂ ਅੱਧੇ ਤੋਂ ਵੱਧ ਨੂੰ ਜੋਖਮ ਭਰਿਆ ਮੰਨਿਆ।

ਇਨ੍ਹਾਂ ’ਚੋਂ 6 ਅਜਿਹੀਆਂ ਬਿਮਾਰੀਆਂ ਹਨ, ਜੋ ਪਹਿਲਾਂ ਹੀ ਲੋਕਾਂ ਨੂੰ ਸੰਕਰਮਿਤ ਕਰ ਚੁੱਕੀਆਂ ਹਨ ਅਤੇ ਬਾਕੀ 3 ਬਿਮਾਰੀਆਂ ਦਾ ਕਾਰਨ ਬਣੀਆਂ ਹਨ। ਇਨ੍ਹਾਂ ਵਿੱਚੋਂ ਕੁਝ ਬਿਮਾਰੀਆਂ ਨੇ ਪਸ਼ੂਆਂ ਨੂੰ ਵੀ ਸੰਕਰਮਿਤ ਕੀਤਾ ਹੈ। ਇਹ ਪੇਪਰ ਜੁਲਾਈ ਵਿੱਚ ਅੰਗਰੇਜ਼ੀ ਭਾਸ਼ਾ ਦੇ ਜਰਨਲ ਐਮਰਜਿੰਗ ਮਾਈਕ੍ਰੋਬਜ਼ ਐਂਡ ਇਨਫੈਕਸ਼ਨਜ਼ ਵਿੱਚ ਪ੍ਰਕਾਸ਼ਿਤ ਹੋਇਆ ਸੀ ਪਰ ਇਸ ਮਹੀਨੇ ਇਹ ਚੀਨੀ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ।

ਖੋਜ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਲਗਭਗ ਤੈਅ ਹੈ ਕਿ ਭਵਿੱਖ ’ਚ ਕੋਰੋਨਾ ਮਹਾਂਮਾਰੀ ਵਰਗੀਆਂ ਹੋਰ ਬਿਮਾਰੀਆਂ ਸਾਹਮਣੇ ਆਉਣਗੀਆਂ। ਇਹ ਰਿਸਰਚ ਵਾਇਰਲ ਲੱਛਣਾਂ ਦੇ ਵਿਸ਼ਲੇਸ਼ਣ ’ਤੇ ਅਧਾਰਿਤ ਸੀ, ਜਿਸ ਵਿੱਚ ਆਬਾਦੀ, ਜੈਨੇਟਿਕ ਵਿਭਿੰਨਤਾ, ਮੇਜ਼ਬਾਨ ਪ੍ਰਜਾਤੀਆਂ ਅਤੇ ਜ਼ੂਨੋਸਿਸ ਦਾ ਕੋਈ ਪਿਛਲਾ ਇਤਿਹਾਸ ਸ਼ਾਮਲ ਸੀ- ਅਜਿਹੀਆਂ ਬਿਮਾਰੀਆਂ ਜੋ ਜਾਨਵਰਾਂ ਤੋਂ ਮਨੁੱਖਾਂ ਵਿੱਚ ਫੈਲਦੀਆਂ ਹਨ। ਇਹ ਅੰਸ਼ਿਕ ਤੌਰ ’ਤੇ ਇਸ ਲਈ ਹੋ ਸਕਦਾ ਹੈ ਕਿਉਂਕਿ ਅਧਿਐਨ ਚੀਨੀ ਭਾਸ਼ਾ ਵਿੱਚ ਨਹੀਂ ਲਿਖਿਆ ਗਿਆ ਸੀ ਪਰ ਦੇਸ਼ ਦੇ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੇ ਇੱਕ ਵਿਗਿਆਨੀ ਨੇ ਕਿਹਾ ਕਿ ਚੀਨ ਦੁਆਰਾ ਆਪਣੀਆਂ ਜ਼ੀਰੋ-ਕੋਵਿਡ ਨੀਤੀਆਂ ਨੂੰ ਅਚਾਨਕ ਉਲਟਾਉਣ ਤੋਂ ਬਾਅਦ ਇਸ ਵਿਸ਼ੇ ਤੋਂ ਅੱਗੇ ਵਧਣਾ ਮਹੱਤਵਪੂਰਨ ਸੀ, ਇਹ ਇੱਛਾ ਨੂੰ ਵੀ ਦਰਸਾਉਂਦਾ ਹੈ।

# ਯੂ.ਕੇ. ’ਚ ਡੂੰਘਾ ਹੋਣ ਲੱਗਾ ਆਰਥਿਕ ਸੰਕਟ

## ਕੰਪਨੀਆਂ ਨੇ ਸ਼ੁਰੂ ਕੀਤੀ ਵਰਕਰਾਂ ਦੀ ਛਾਂਟੀ

ਲੰਡਨ/ਏ.ਟੀ.ਨਿਊਜ਼ : ਬਰਤਾਨੀਆ ’ਚ ਮੰਦੀ ਦਾ ਖਦਸ਼ਾ ਡੂੰਘਾ ਹੋਣ ਦਰਮਿਆਨ ਨਿੱਜੀ ਸੈਕਟਰ ਦੀਆਂ ਕੰਪਨੀਆਂ ਨੇ ਤੇਜ਼ੀ ਨਾਲ ਸਟਾਫ ’ਚ ਕਮੀ ਕਰਨੀ ਸ਼ੁਰੂ ਕਰ ਦਿੱਤੀ ਹੈ।



2020 ’ਚ ਕੋਰੋਨਾ ਮਹਾਮਾਰੀ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋ ਰਿਹਾ ਹੈ ਕਿ ਯੂ.ਕੇ. ਦੇ ਪ੍ਰਾਈਵੇਟ ਸੈਕਟਰ ਨੂੰ ਵੱਡੇ ਪੱਧਰ ’ਤੇ ਵਰਕਰਾਂ ਦੀ ਛਾਂਟੀ ਕਰਨੀ ਪੈ ਰਹੀ ਹੈ। ਦੱਸ ਦੇਈਏ ਕਿ ਬੈਂਕ ਆਫ਼ ਇੰਗਲੈਂਡ ਨੇ ਹਾਲ ਹੀ ’ਚ ਵਿਆਜ ਦਰਾਂ ’ਚ ਕੀਤੇ ਜਾ ਰਹੇ ਵਾਧੇ ’ਤੇ ਪਹਿਲੀ ਵਾਰ ਬ੍ਰੇਕ ਲਾਈ ਸੀ। ਇਹ ਵੀ ਇੰਗਲੈਂਡ ’ਚ ਡੂੰਘੇ ਹੋ ਰਹੇ ਵਿੱਤੀ ਸੰਕਟ ਵੱਲ ਇਸ਼ਾਰਾ ਕਰਦਾ ਹੈ।

ਇਸ ਦੌਰਾਨ ਐਸ.ਐਂਡ ਪੀ. ਗਲੋਬਲ ਕੰਪੋਜ਼ਿਟ ਪਰਚੇਜ਼ਿੰਗ ਮੈਨੇਜਰ ਇੰਡੈਕਸ (ਪੀ. ਐੱਮ. ਆਈ.) ਸਤੰਬਰ ’ਚ ਲੁੜਕ ਕੇ 46.8 ’ਤੇ ਪਹੁੰਚ ਗਿਆ ਹੈ। ਇਹ ਪਿਛਲੇ ਮਹੀਨੇ 48.6 ’ਤੇ ਸੀ। ਜਨਵਰੀ, 2021 ਤੋਂ ਬਾਅਦ ਇਸ ’ਚ ਸਭ ਤੋਂ ਵੱਡੀ ਗਿਰਾਵਟ ਆਈ ਹੈ। ਪਿਛਲੀ ਵਾਰ ਕੋਰੋਨਾ ਮਹਾਮਾਰੀ ਦੌਰਾਨ ਲੱਗੇ ਲਾਕਡਾਊਨ ਕਾਰਨ ਇਸ ਤਰ੍ਹਾਂ ਦੇ ਹਾਲਾਤ ਬਣੇ ਸਨ। ਹਾਲਾਂਕਿ ਆਰਥਿਕ ਮਾਹਰ ਬਰਤਾਨੀਆ ਦੀ ਅਰਥਵਿਵਸਥਾ ’ਚ ਬਿਹਤਰੀ ਦੀ ਆਸ ਕਰ ਰਹੇ ਸਨ ਪਰ ਇਨ੍ਹਾਂ ਉਮੀਦਾਂ ਦੇ ਉਲਟ ਯੂ.ਕੇ. ਦਾ ਪ੍ਰਾਈਵੇਟ ਸੈਕਟਰ ਡੂੰਘੇ ਸੰਕਟ ’ਚ ਧੱਸਦਾ ਜਾ ਰਿਹਾ ਹੈ। ਯੂ.ਕੇ. ਦੀ ਆਰਥਿਕਤਾ ਨੂੰ ਲੈ ਕੇ ਇਹ ਸਰਵੇ ਬੈਂਕ ਆਫ਼ ਇੰਗਲੈਂਡ ਵੱਲੋਂ ਵਿਆਜ ਦਰਾਂ ’ਚ ਵਾਧੇ ’ਤੇ ਰੋਕ ਲਾਉਣ ਪਿੱਛੋਂ ਕੀਤਾ ਗਿਆ ਸੀ। ਇੰਗਲੈਂਡ ’ਚ ਵਿਆਜ ਦਰਾਂ 5.25 ਫ਼ੀਸਦੀ ਪੁੱਜਣ ਕਾਰਨ ਪਹਿਲਾਂ ਤੋਂ ਹੀ ਆਰਥਿਕ ਮੰਦੀ ਡੂੰਘੀ ਹੋਣ ਦੇ ਸੰਕੇਤ ਮਿਲ ਰਹੇ ਸਨ। ਬੈਂਕ ਆਫ਼ ਇੰਗੈਲਂਡ ਨੇ ਅੰਦਰੂਨੀ

(ਬਾਕੀ ਸਫ਼ਾ 29 ’ਤੇ)

# ਬ੍ਰਿਟੇਨ ’ਚ ਕੁੱਤਿਆਂ ਤੋਂ ਮਨੁੱਖਾਂ ਵਿੱਚ ਫ਼ੈਲੀ ਖ਼ਤਰਨਾਕ ਲਾਗ ਦੀ ਬਿਮਾਰੀ, ਸਿਹਤ ਵਿਭਾਗ ਵੀ ਚਿੰਤਤ

ਲੰਡਨ/ਏ.ਟੀ.ਨਿਊਜ਼ : ਇਨ੍ਹਾਂ ਦਿਨਾਂ ਵਿਚ ਬ੍ਰਿਟੇਨ ’ਚ ਇੱਕ ਵਾਇਰਸ ਹੌਲੀ-ਹੌਲੀ ਸਰਗਰਮ ਹੋ ਰਿਹਾ ਹੈ, ਜੋ ਹੁਣ ਤੱਕ ਸਿਰਫ ਕੁੱਤਿਆਂ ਤੱਕ ਹੀ ਸੀਮਤ ਸੀ। ਯੂਕੇ ਵਿੱਚ ਬਰੂਸੈਲਾ ਕੈਨਿਸ ਨਾਮਕ ਕੁੱਤੇ ਨਾਲ ਸਬੰਧਤ ਬੈਕਟੀਰੀਆ ਦੀ ਲਾਗ ਦੇ ਤਿੰਨ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਲੋਕਾਂ ਵਿੱਚ ਹਲਚਲ ਮਚ ਗਈ ਹੈ। ਮਨੁੱਖਾਂ ਵਿੱਚ ਬੈਕਟੀਰੀਆ ਦੀ ਲਾਗ ਦੇ ਮਾਮਲਿਆਂ ਕਾਰਨ ਬ੍ਰਿਟੇਨ ਦਾ ਸਿਹਤ ਵਿਭਾਗ ਵੀ ਚਿੰਤਤ ਹੈ।

ਇਹ ਬਿਮਾਰੀ ਆਮ ਤੌਰ ’ਤੇ ਕੁੱਤਿਆਂ ਵਿੱਚ ਦਰਦ, ਲੰਗੜਾਪਨ ਅਤੇ ਬਾਂਝਪਨ ਦਾ ਕਾਰਨ ਬਣਦੀ ਹੈ। ਦਿ ਇੰਡੀਪੈਂਡੈਂਟ ਵਿੱਚ ਦੱਸਿਆ ਗਿਆ ਸੀ ਕਿ ਆਮ ਤੌਰ ’ਤੇ ਦੇਖਿਆ ਜਾਂਦਾ ਹੈ ਕਿ ਕੁੱਤਿਆਂ ਵਿੱਚ ਇਹ ਬਿਮਾਰੀ ਲਾਇਲਾਜ ਹੈ ਅਤੇ ਇਸ ਨਾਲ ਉਨ੍ਹਾਂ ਦੀ ਜਾਨ ਨੂੰ ਵੀ ਖਤਰਾ ਹੈ। ਇਸ ਦੇ ਨਾਲ ਹੀ, ਮਨੁੱਖਾਂ ਵਿੱਚ ਇਸ ਬਿਮਾਰੀ ਦੇ ਫੈਲਣ ਦੇ ਬਾਵਜੂਦ, ਇਸਦਾ ਪ੍ਰਭਾਵ ਕਾਫ਼ੀ ਹਲਕਾ ਦੇਖਿਆ ਗਿਆ ਹੈ। ਇਹ ਦੱਸਿਆ ਗਿਆ ਸੀ ਕਿ ਨਤੀਜੇ ਵਜੋਂ ਲੋਕ ਮੈਨਿਨਜਾਈਟਿਸ ਅਤੇ ਸੈਪਟੀਸੀਮੀਆ ਤੋਂ ਪੀੜਤ ਹੋ ਸਕਦੇ ਹਨ।



ਵੈਂਡੀ ਹੇਜ਼ ਨਾਂ ਦੀ ਬਜ਼ੁਰਗ ਔਰਤ ਕੋਲ ਕੁੱਲ ਪੰਜ ਕੁੱਤੇ ਹਨ। ਪਿਛਲੇ ਸਾਲ, ਉਹ ਬਰੂਸੇਲਾ ਕੈਨਿਸ ਨਾਮਕ ਬੈਕਟੀਰੀਆ ਦੀ ਲਾਗ ਦਾ ਸ਼ਿਕਾਰ ਹੋਣ ਵਾਲੀ ਬ੍ਰਿਟੇਨ ਦੀ ਪਹਿਲੀ ਵਿਅਕਤੀ ਬਣ ਗਈ ਸੀ। ਜਿਸ ਤੋਂ ਬਾਅਦ ਉਹ ਆਪਣੇ ਕੁੱਤਿਆਂ ਤੋਂ ਦੂਰ ਰਹਿਣ ਲਈ ਮਜਬੂਰ ਹੋ ਗਿਆ। ਦੱਸਿਆ ਗਿਆ ਕਿ ਬੱਚੇ ਦੇ ਜਨਮ ਸਮੇਂ ਉਸ ਦੇ ਪਾਲਤੂ ਕੁੱਤੇ ਮੂਸ਼ਾ ਵੱਲੋਂ ਛੱਡੇ ਗਏ ਤਰਲ ਪਦਾਰਥ ਕਾਰਨ ਉਸ ਨੂੰ ਇਹ ਬਿਮਾਰੀ ਹੋਈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨਫੈਕਸ਼ਨ ਦੇ ਇੱਕ ਹੋਰ ਮਾਮਲੇ ’ਚ ਪੀੜਤ ਪਸ਼ੂਆਂ ਦੇ ਡਾਕਟਰ ’ਤੇ ਕੰਮ ਕਰਦੀ ਸੀ। ਉਸ ਵਿੱਚ ਕੋਈ ਲੱਛਣ ਨਹੀਂ ਸਨ ਅਤੇ ਰੁਟੀਨ ਟੈਸਟਿੰਗ ਦੁਆਰਾ, ਉਸ ਦੇ ਵਾਇਰਸ ਨਾਲ ਸੰਕਰਮਣ ਦੀ ਪਛਾਣ ਕੀਤੀ ਗਈ ਸੀ।2020 ਦੀਆਂ ਗਰਮੀਆਂ ਤੋਂ, ਕੁੱਤਿਆਂ ਵਿੱਚ ਬਰੂਸੈਲਾ ਕੈਨਿਸ ਇਨਫੈਕਸ਼ਨ ਦੇ ਮਾਮਲਿਆਂ ਦੀ ਗਿਣਤੀ ਵੱਧ ਰਹੀ ਹੈ। ਦੱਸਿਆ ਗਿਆ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲੇ ਪੂਰਬੀ ਯੂਰਪ ਤੋਂ ਬਰਤਾਨੀਆ ਨੂੰ ਦਰਾਮਦ ਕੀਤੇ ਕੁੱਤਿਆਂ ਨਾਲ ਸਬੰਧਿਤ ਹਨ।

# ਕੇਂਦਰ ਵੱਲ ਪੰਜਾਬ ਦਾ ਕੁੱਲ 8145 ਕਰੋੜ ਰੁਪਏ ਦਾ ਬਕਾਇਆ : ਚੀਮਾ

## ਵਿੱਤ ਮੰਤਰੀ ਨੇ 'ਆਪ' ਸਰਕਾਰ ਵੱਲੋਂ ਕਰਜ਼ੇ ਦੇ ਇੱਕ-ਇੱਕ ਪੈਸੇ ਦਾ ਦਿੱਤਾ ਵੇਰਵਾ

ਚੰਡੀਗੜ੍ਹ/ਏ.ਟੀ.ਨਿਊਜ਼: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚੁੱਕੇ ਗਏ ਕਰਜ਼ੇ ਬਾਰੇ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਥੇ ਮੌਜੂਦਾ ਸੂਬਾ ਸਰਕਾਰ ਵੱਲੋਂ ਵਜੋਂ ਚੁੱਕੇ ਗਏ ਕਰਜ਼ੇ ਦੇ ਇੱਕ-ਇੱਕ ਪੈਸੇ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਕੁੱਲ੍ਹ ਕਰਜ਼ੇ ਵਿਚੋਂ ਪਿਛਲੀ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲਏ ਕਰਜ਼ੇ ਦੇ ਵਿਆਜ ਵਜੋਂ 27 ਹਜ਼ਾਰ ਕਰੋੜ ਰੁਪਏ ਅਦਾ ਕੀਤੇ ਗਏ ਹਨ। ਉਨ੍ਹਾਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਕੇਂਦਰ ਸਰਕਾਰ ਤੋਂ 8145 ਕਰੋੜ ਰੁਪਏ ਦੇ ਬਕਾਏ ਦਿਵਾਉਣ ਵਿੱਚ ਸੂਬਾ ਸਰਕਾਰ ਦੀ ਮਦਦ ਕਰਨ ਦੀ ਵੀ ਅਪੀਲ ਕੀਤੀ।

ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਿਰ ਪਿਛਲੇ ਡੇਢ ਸਾਲ ਦੌਰਾਨ ਚੜ੍ਹੇ 47,109 ਕਰੋੜ ਰੁਪਏ ਦੇ ਕਰਜ਼ੇ ਦੇ ਜਵਾਬ ਵਿੱਚ 48,530 ਕਰੋੜ ਰੁਪਏ ਦਾ ਲੇਖਾ-ਜੋਖਾ ਦਿੱਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਪਿਛਲੇ ਡੇਢ ਸਾਲ ਦੌਰਾਨ 47109 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ, ਜਿਸ ਵਿੱਚ ਵਿੱਤੀ ਸਾਲ 2022-23 ਦੌਰਾਨ ਚੁੱਕੇ ਗਏ 32,448 ਕਰੋੜ ਰੁਪਏ ਅਤੇ 1 ਅਪ੍ਰੈਲ, 2023 ਤੋਂ 31 ਅਗਸਤ ਤੱਕ 14661 ਕਰੋੜ ਰੁਪਏ ਦੇ ਕਰਜ਼ੇ ਸ਼ਾਮਲ ਹਨ। ਇਸ ਵਿਚੋਂ 27,106 ਕਰੋੜ ਰੁਪਏ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਅਗਵਾਈ ਵਾਲੀਆਂ ਸੂਬਾ ਸਰਕਾਰਾਂ ਵੱਲੋਂ ਚੁੱਕੇ ਗਏ ਕਰਜ਼ੇ 'ਤੇ ਵਿਆਜ ਵਜੋਂ ਅਦਾ ਕੀਤੇ ਗਏ ਸਨ।



ਪੂੰਜੀਗਤ ਖਰਚੇ 'ਤੇ 10,208 ਕਰੋੜ ਰੁਪਏ ਖ਼ਰਚਣ ਤੋਂ ਇਲਾਵਾ ਸੂਬਾ ਸਰਕਾਰ ਨੇ ਪਨਸਪ ਅਤੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ 1148 ਕਰੋੜ ਰੁਪਏ ਦੇ ਕਰਜ਼ੇ ਨੂੰ ਸਹਿਣ ਕੀਤਾ ਤਾਂ ਜੋ ਇਨ੍ਹਾਂ ਅਦਾਰਿਆਂ ਨੂੰ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਪਿਛਲੀਆਂ ਸਰਕਾਰਾਂ ਦੇ ਬਕਾਇਆ ਬਿਜਲੀ ਸਬਸਿਡੀ ਬਿੱਲ ਦੇ 2556 ਕਰੋੜ ਰੁਪਏ ਪੀ.ਐੱਸ.ਪੀ.ਸੀ.ਐੱਲ. ਨੂੰ ਅਦਾ ਕੀਤੇ ਗਏ। ਇਸ ਤੋਂ ਇਲਾਵਾ ਪੇਂਡੂ ਵਿਕਾਸ ਫੰਡ ਦੇ 798 ਕਰੋੜ ਰੁਪਏ, ਗੰਨਾ ਕਿਸਾਨਾਂ ਦੇ 1008 ਕਰੋੜ ਰੁਪਏ, ਕੇਂਦਰੀ ਸਪਾਂਸਰਡ ਸਕੀਮਾਂ ਦੇ 1750 ਕਰੋੜ ਰੁਪਏ ਅਦਾ ਕੀਤੇ ਗਏ ਹਨ। ਕੇਂਦਰ ਸਰਕਾਰ ਵੱਲੋਂ ਸਸਤੀਆਂ ਦਰਾਂ 'ਤੇ ਕਰਜ਼ਾ ਦਿਵਾਉਣ ਲਈ ਸਥਾਪਤ ਕੀਤੇ ਸਿੰਕਿੰਗ ਫੰਡ ਵਿਚ ਵੀ 4000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ।

ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਕੇਂਦਰ ਵੱਲ ਕੁੱਲ੍ਹ 8145 ਕਰੋੜ ਰੁਪਏ ਦਾ ਬਕਾਇਆ ਹੈ, ਜਿਸ ਵਿੱਚ 5637 ਕਰੋੜ ਰੁਪਏ ਪੇਂਡੂ ਵਿਕਾਸ ਫੰਡ, 1857 ਕਰੋੜ ਰੁਪਏ ਵਿਸ਼ੇਸ਼ ਪੂੰਜੀ ਸਹਾਇਤਾ ਅਤੇ 651 ਕਰੋੜ ਰੁਪਏ ਰਾਸ਼ਟਰੀ ਸਿਹਤ ਮਿਸ਼ਨ (ਐੱਨ.ਐੱਚ.ਐੱਮ.) ਦੇ ਸ਼ਾਮਲ ਹਨ। ਕੇਂਦਰ ਸਰਕਾਰ ਨੂੰ ਪੱਤਰ ਲਿਖਣ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਵੱਲ ਬਕਾਇਆ ਪੇਂਡੂ ਵਿਕਾਸ ਫੰਡ (ਆਰਡੀਐਫ) ਸਮੇਤ ਰਾਜ ਦੇ ਬਕਾਏ ਮੰਗਣ ਲਈ ਸਬੰਧਿਤ ਕੇਂਦਰੀ ਮੰਤਰੀ ਨਾਲ ਮੁਲਾਕਾਤਾਂ ਵੀ ਕੀਤੀਆਂ। ਉਨ੍ਹਾਂ ਪੰਜਾਬ ਦੇ ਰਾਜਪਾਲ ਨੂੰ ਕੇਂਦਰ ਸਰਕਾਰ ਤੋਂ ਬਕਾਇਆ ਰਾਸ਼ੀ ਦਿਵਾਉਣ ਵਿਚ ਮਦਦ ਕਰਨ ਦੀ ਅਪੀਲ ਕੀਤੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਰੁੱਧ ਝੂਠੀ ਬਿਆਨਬਾਜ਼ੀ ਕਰਨ ਵਾਲੇ ਵਿਰੋਧੀ ਧਿਰ ਦੇ ਆਗੂਆਂ ਨੂੰ ਕਰੜਾ ਜਵਾਬ ਦਿੰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਨੇ ਜੀ.ਐੱਸ.ਟੀ. ਵਿੱਚ 17 ਫੀਸਦੀ, ਆਬਕਾਰੀ ਮਾਲੀਏ ਵਿੱਚ 44 ਫੀਸਦੀ, ਵਾਹਨਾਂ ਤੋਂ ਟੈਕਸਾਂ ਵਿੱਚ 13 ਫੀਸਦੀ ਅਤੇ ਸਟੈਂਪ ਅਤੇ ਰਜਿਸਟ੍ਰੇਸ਼ਨ ਤੋਂ ਮਾਲੀਏ ਵਿੱਚ 3 ਪ੍ਰਤੀਸ਼ਤ ਵਾਧਾ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬ ਨੂੰ ਦਿੱਤੀ ਗਈ 32,000 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ ਕਰਜ਼ੇ ਦੀ ਸੌਗਾਤ ਦੀ ਵਿਆਜ ਦਰ ਨੂੰ ਘਟਾ ਕੇ 7.35 ਫੀਸਦੀ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਿਸ ਨਾਲ ਸੂਬੇ ਨੂੰ 3500 ਕਰੋੜ ਰੁਪਏ ਦੀ ਬਚਤ ਹੋਈ ਹੈ।

ਕੈਨੇਡਾ-ਭਾਰਤ ਵਿਵਾਦ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਨੇਡਾ ਵਿੱਚ ਸਿਰਫ਼ ਪੰਜਾਬ ਦੇ ਹੀ ਨਹੀਂ ਪੂਰੇ ਭਾਰਤ ਦੇ ਵਿਦਿਆਰਥੀ ਪੜ੍ਹਦੇ ਹਨ ਅਤੇ ਉੱਥੇ ਕਈ ਭਾਰਤੀ ਪੇਸ਼ੇਵਰ ਵੀ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਰਾਹੀਂ ਇਸ ਮੁੱਦੇ ਨੂੰ ਜਲਦੀ ਹੱਲ ਕਰਨਾ ਚਾਹੀਦਾ ਹੈ।

ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਹਿਲਾਂ ਤਾਂ ਹਮੇਸ਼ਾ ਹੀ ਕਦਰਾਂ-ਕੀਮਤਾਂ ਦੀ ਗੱਲ ਹੁੰਦੀ ਸੀ ਫਿਰ ਹੁਣ ਉਹ ਕਾਨੂੰਨ ਤੋਂ ਕਿਉਂ ਭੱਜ ਰਹੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਵਿੱਤ ਮੰਤਰੀ ਨੂੰ ਆਪਣਾ ਕਾਇਰਤਾ ਵਾਲਾ ਰਵੱਈਆ ਛੱਡ ਕੇ ਆਪਣੇ ਆਪ ਨੂੰ ਕਾਨੂੰਨ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਜੇਕਰ ਉਨ੍ਹਾਂ ਨੇ ਕੁਝ ਗਲਤ ਨਹੀਂ ਕੀਤਾ ਹੈ ਤਾਂ ਉਹ ਡਰਦੇ ਕਿਉਂ ਹਨ।

ਭਾਜਪਾ ਦੇ ਮੌਜੂਦਾ ਪ੍ਰਧਾਨ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਦੀ ਵਿੱਤੀ ਹਾਲਤ ਅਤੇ ਕਰਜ਼ੇ ਬਾਰੇ ਦਿੱਤੇ ਬਿਆਨਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਨ੍ਹਾਂ ਦੇ ਸ਼ਾਸਨ ਦੌਰਾਨ ਸੂਬੇ ਸਿਰ ਸਭ ਤੋਂ ਵੱਧ ਕਰਜ਼ਾ ਚੜ੍ਹਿਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾ ਸਿਰਫ਼ ਬਕਾਇਆ ਕਰਜ਼ਾ ਮੁਆਫ਼ ਕਰ ਰਹੀ ਹੈ, ਸਗੋਂ ਸੱਤਾ ਵਿੱਚ ਆਉਣ ਦੇ ਪਹਿਲੇ ਦਿਨ ਤੋਂ ਹੀ ਸੂਬੇ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰ ਰਹੀ ਹੈ। ਹੁਣ ਤੱਕ 37 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, 13 ਹਜ਼ਾਰ ਆਰਜ਼ੀ ਅਧਿਆਪਕਾਂ ਦੀਆਂ ਸੇਵਾਵਾਂ ਪੱਕੀਆਂ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਦੀਆਂ ਤਨਖ਼ਾਹਾਂ ਵਿੱਚ ਤਿੰਨ ਗੁਣਾ ਵਾਧਾ ਕੀਤਾ ਗਿਆ ਹੈ, ਸਿਖਲਾਈ ਦੌਰਾਨ ਪਟਵਾਰੀਆਂ ਦਾ ਭੱਤਾ 5000 ਰੁਪਏ ਤੋਂ ਵਧਾ ਕੇ 18000 ਰੁਪਏ ਕੀਤਾ ਗਿਆ ਹੈ, ਬਿਜਲੀ ਬਿੱਲ ਨੂੰ ਘਟਾ ਕੇ ਜ਼ੀਰੋ ਕਰ ਦਿੱਤਾ ਗਿਆ ਹੈ ਅਤੇ ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਸਮੇਤ ਕਈ ਵੱਡੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਹਨ।

### ਗੁਰਦੁਆਰਾ ਸਾਹਿਬ ਵਿੱਚ 2 ਕੁੜੀਆਂ ਦੇ ਵਿਆਹ ਕਰਵਾਉਣ ਦਾ ਮਾਮਲਾ

## ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਗ੍ਰੰਥੀ ਸਿੰਘ ਤੇ ਰਾਗੀ ਜਥੇ ਦੀਆਂ ਸੇਵਾਵਾਂ 'ਤੇ ਰੋਕ

ਬਠਿੰਡਾ/ਏ.ਟੀ.ਨਿਊਜ਼ : ਬੀਤੇ ਦਿਨੀਂ 27 ਸਾਲਾ ਡਿੰਪਲ ਤੇ ਉਸ ਦੀ 21 ਸਾਲਾ ਪ੍ਰੇਮਿਕਾ ਮਨੀਸ਼ਾ ਨੇ ਸਮਾਜਿਕ ਰੁਕਾਵਟਾਂ ਨੂੰ ਤੋੜਦੇ ਹੋਏ ਬਠਿੰਡਾ ਦੇ ਗੁਰੂ ਘਰ ਵਿੱਚ ਵਿਆਹ ਕਰਵਾਇਆ ਸੀ। ਡਿੰਪਲ ਤੇ ਮਨੀਸ਼ਾ ਦੋਵਾਂ ਦੇ ਪਰਿਵਾਰਾਂ ਦੀ ਇਸ ਰਿਸ਼ਤੇ ਨੂੰ ਸਹਿਮਤੀ ਇਸ ਸਮਲਿੰਗੀ ਵਿਆਹ ਨੂੰ ਵਿਲੱਖਣ ਬਣਾਉਂਦੀ ਹੈ ਕਿਉਂਕਿ ਆਮ ਤੌਰ 'ਤੇ ਪਰਿਵਾਰ ਇਸ ਦਾ ਵਿਰੋਧ ਕਰਦੇ ਹਨ।



ਡਿੰਪਲ ਮਾਨਸਾ ਜ਼ਿਲ੍ਹੇ ਦੀ ਰਹਿਣ ਵਾਲੀ ਹੈ ਤੇ ਮਨੀਸ਼ਾ ਬਠਿੰਡਾ ਜ਼ਿਲ੍ਹੇ ਦੀ ਰਹਿਣ ਵਾਲੀ ਹੈ। ਗੁਰਦੁਆਰੇ ਵਿਖੇ 2 ਕੁੜੀਆਂ ਦੇ ਵਿਆਹ ਕਰਵਾਉਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਨੋਟਿਸ ਲਿਆ ਹੈ। ਜਥੇਦਾਰ ਸਾਹਿਬ ਵੱਲੋਂ ਵਿਆਹ ਕਰਵਾਉਣ ਵਾਲੇ ਗ੍ਰੰਥੀ ਸਿੰਘ ਅਤੇ ਰਾਗੀ ਜਥੇ ਉਪਰ ਰੋਕ ਲਗਾ ਦਿੱਤੀ ਹੈ। ਇਸ ਤੋਂ ਇਲਾਵਾ ਜਿਸ ਗੁਰਦੁਆਰਾ ਕਲਗ਼ੀਧਰ ਸਾਹਿਬ ਵਿੱਚ ਵਿਆਹ ਹੋਇਆ ਸੀ ਉਸ ਦੇ ਸਾਰੇ ਕੰਮਕਾਜ ਵੀ ਰੋਕ ਦਿੱਤੇ ਹਨ। ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਇਹ ਸਿਰਫ਼ ਮਰਿਆਦਾ ਦੇ ਉਲਟ ਹੀ ਨਹੀਂ ਬਲਕਿ ਗੈਰ ਕੁਦਰਤੀ ਵੀ ਹੈ। ਗੁਰਦੁਆਰਾ ਸਾਹਿਬ ਦੇ ਜਿਨ੍ਹਾਂ ਮੁਲਾਜ਼ਮਾਂ 'ਤੇ ਕਾਰਵਾਈ ਹੋਈ ਹੈ ਉਨ੍ਹਾਂ ਦੇ ਨਾਂ ਹਨ- ਮੁੱਖ ਗ੍ਰੰਥੀ ਹਰਦੇਵ ਸਿੰਘ, ਗ੍ਰੰਥੀ ਅਜੈਬ ਸਿੰਘ, ਰਾਗੀ ਸਿਕੰਦਰ ਸਿੰਘ, ਤਬਲਾ ਵਾਦਕ ਸਤਨਾਮ ਸਿੰਘ । ਜਥੇਦਾਰ ਨੇ ਕਿਹਾ ਕਿ ਦੋ ਲੜਕੀਆਂ ਦਾ ਵਿਆਹ ਸਿੱਖ ਰਹਿਤ ਮਰਿਆਦਾ ਦੇ ਉਲਟ ਤਾਂ ਹੈ ਹੀ ਬਲਕਿ ਗੈਰ-ਕੁਦਰਤੀ ਵੀ ਹੈ। ਉਨ੍ਹਾਂ ਨੇ ਸੰਸਾਰ ਭਰ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗ੍ਰੰਥੀ, ਰਾਗੀ ਅਤੇ ਪ੍ਰਚਾਰਕਾਂ ਨੂੰ ਇਸ ਉਲਟ ਰੁਝਾਨ ਨੂੰ ਧਿਆਨ ਵਿੱਚ ਰੱਖਦਿਆਂ ਸੁਚੇਤ ਰਹਿਣ ਦਾ ਆਦੇਸ਼ ਵੀ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਸਾਰ ਭਰ ਵਿੱਚ ਸਿੱਖਾਂ ਨੂੰ ਆਪਣੇ ਸਾਰੇ ਕਾਰਜ ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਹੀ ਕਰਨੇ ਚਾਹੀਦੇ ਹਨ।

20 ਸਤੰਬਰ ਨੂੰ ਜਦੋਂ ਇਹ ਮਾਮਲਾ ਸਾਹਮਣੇ ਆਇਆ ਸੀ ਤਾਂ ਸਿੱਖ ਜਥੇਬੰਦੀਆਂ ਗੁਰਦੁਆਰਾ ਸਾਹਿਬ ਪਹੁੰਚੀਆਂ ਸਨ ਤਾਂ ਉਨ੍ਹਾਂ ਨੇ ਵਿਆਹ ਕਰਵਾਉਣ ਵਾਲੇ ਗ੍ਰੰਥੀ ਅਤੇ ਰਾਗੀ ਸਿੰਘਾਂ ਕੋਲੋਂ ਹੱਥ ਖੜੇ ਕਰਕੇ ਮੁਆਫ਼ੀ ਮੰਗਵਾਈ ਸੀ । ਉਨ੍ਹਾਂ ਨੇ ਮੰਨਿਆ ਸੀ ਕਿ ਸਾਨੂੰ ਪਤਾ ਸੀ ਕਿ ਵਿਆਹ ਕਰਵਾਉਣ ਵਾਲਿਆਂ ਦੋਵੇਂ ਕੁੜੀਆਂ ਹਨ,ਪਰ ਉਨ੍ਹਾਂ ਵੱਲੋਂ ਇਸ ਨੂੰ ਕਾਨੂੰਨੀ ਤੌਰ 'ਤੇ ਮਨਜ਼ੂਰੀ ਮਿਲਣ ਦਾ ਦਾਅਵਾ ਕੀਤਾ ਸੀ । ਜਿਸ ਤੋਂ ਬਾਅਦ ਇੱਕ ਗ੍ਰੰਥੀ ਨੇ ਦੂਜੇ ਪਾਠੀ ਨਾਲ ਸਲਾਹ ਕੀਤੀ ਅਤੇ ਫਿਰ ਅਨੰਦ ਕਾਰਜ ਦੀ ਰਸਮ ਹੋਈ ।

(**ਬਾਕੀ ਸਫ਼ਾ 30 'ਤੇ**)

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਅਜੋਕੇ ਸਿੱਖ ਸੰਕਟ ਸਬੰਧੀ ਸਿੱਖ ਚਿੰਤਕਾਂ ਵੱਲੋਂ ਵਿਚਾਰ ਚਰਚਾ

## ਟਰੂਡੋ ਦੇ ਦੋਸ਼ਾਂ ਦਾ ਜਵਾਬ ਦੇਣ ਦੀ ਥਾਂ ਸਿੱਖਾਂ ਨੂੰ ਅਤਿਵਾਦੀ ਦੱਸਿਆ ਜਾ ਰਿਹੈ: ਗਿਆਨੀ ਹਰਪ੍ਰੀਤ ਸਿੰਘ

### ਸਰਕਾਰ ਸਿੱਖਾਂ ਵਿੱਚ ਦਹਿਸ਼ਤ ਪੈਦਾ ਨਾ ਕਰੇ : ਗੁਰਤੇਜ ਸਿੰਘ



ਜਲੰਧਰ/ਏ.ਟੀ.ਨਿਊਜ਼ : ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਭਾਰਤੀ ਏਜੰਸੀਆਂ ਦਾ ਜ਼ਿਕਰ ਕਰਨ ਮਗਰੋਂ ਸੰਸਾਰ ਭਰ ਵਿੱਚ ਇਸ ਮਸਲੇ ਨੂੰ ਲੈ ਕੇ ਬਣੇ ਹਾਲਾਤ ਉੱਤੇ ਸਿੱਖ ਨਜ਼ਰੀਏ ਤੋਂ ਵਿਚਾਰ ਚਰਚਾ ਕਰਨ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਦੀ ਅਗਵਾਈ ਵਿੱਚ ਇਕੱਤਰਤਾ ਇੱਥੋਂ ਦੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਜੀਟੀਬੀ ਨਗਰ ਵਿੱਚ ਹੋਈ। ਇਸ ਮੌਕੇ ਜਥੇਦਾਰ ਨੇ ਕਿਹਾ ਕਿ ਭਾਈ ਨਿੱਜਰ ਦੇ ਕਤਲ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੀ ਭਾਰਤ ਸਰਕਾਰ ਤੇ ਭਾਰਤੀ ਮੀਡੀਆ ਨੇ ਸੱਚਾਈ ਦੱਸਣ ਦੀ ਥਾਂ ਭਾਈ ਨਿੱਝਰ ਸਣੇ ਸਮੁੱਚੀ ਸਿੱਖ ਕੌਮ ਨੂੰ ਹੀ ਅੱਤਵਾਦੀ-ਵੱਖਵਾਦੀ ਗਰਦਾਨ ਕੇ ਸਿੱਖ ਕੌਮ ਖਿਲਾਫ ਨਫ਼ਰਤ ਅਤੇ ਡਰ ਦਾ ਮਹੌਲ ਸਿਰਜਿਆ , ਇਸ ਬਿਰਤਾਂਤ ਵਿੱਚ ਭਾਰਤੀ ਮੀਡੀਆ ਦੇ ਨਾਲ- ਨਾਲ ਪੰਜਾਬੀ ਮੀਡੀਆ ਨੇ ਵੀ ਸਰਕਾਰ ਦਾ ਹੀ ਪੱਖ ਰੱਖਿਆ ਹੈ। ਸਿੱਖ ਪੱਖ ਨੂੰ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਗਈ, ਜਦਕਿ ਭਾਈ ਨਿੱਜਰ ਖਿਲਾਫ ਭਾਰਤ ਵਿੱਚ ਕਿਸੇ ਹਿੰਸਕ ਗਤੀਵਿਧੀ ਵਿੱਚ ਸ਼ਮੂਲੀਅਤ ਦਾ ਕੋਈ ਦੋਸ਼ ਸਾਬਤ ਨਹੀਂ ਹੈ।

ਇਸ ਮੌਕੇ ਸਿੱਖ ਵਿਦਵਾਨ ਸਰਦਾਰ ਗੁਰਤੇਜ ਸਿੰਘ ਆਈ. ਏ. ਐਸ. ਨੇ ਕਿਹਾ ਕਿ ਭਾਰਤੀ ਹਕੂਮਤ ਹਰਦੀਪ ਸਿੰਘ ਨਿੱਝਰ ਦੀ ਜਾਇਦਾਦ ਜ਼ਬਤ ਕਰ ਰਹੀ ਹੈ ਜਦਕਿ ਇਹ ਕੰਮ ਕਿਸੇ ਵਿਅਕਤੀ ਨੂੰ ਪੇਸ਼ ਹੋਣ ਲਈ ਦਬਾਅ ਬਨਾਉਣ ਲਈ ਕੀਤਾ ਜਾਂਦਾ ਹੈ ਜਦਕਿ ਹਰਦੀਪ ਸਿੰਘ ਨਿੱਝਰ ਸਵਰਗਵਾਸ ਹੋ ਚੁੱਕਾ ਹੈ ਫਿਰ ਜਾਇਦਾਦ ਜ਼ਬਤ ਕਰਕੇ ਸਰਕਾਰ ਸਿੱਖਾਂ ਵਿੱਚ ਡਰ ਪੈਦਾ ਕਰਨਾ ਚਾਹੁੰਦੀ ਹੈ ।ਉਨ੍ਹਾਂ ਵਿਸ਼ਵ ਪੱਧਰ ਤੇ ਬੁੱਧੀਜੀਵੀਆਂ ਦਾ ਸਾਂਝਾ ਸੰਗਠਨ ਬਨਾਉਣ ਤੇ ਜ਼ੋਰ ਦਿੱਤਾ ।ਉਹਨਾਂ ਕਿ ਖਾਲਸਾ ਰਾਜ ਦੀ ਵਿਆਖਿਆ ਗੁਰੂ ਗਰੰਥ ਸਾਹਿਬ ਤੇ ਸਿੱਖ ਇਤਿਹਾਸ ਦੇ ਸੰਦਰਭ ਵਿੱਚ ਕੀਤੀ ਜਾਣੀ ਚਾਹੀਦੀ ਹੈ।

ਇਸ ਮੌਕੇ ਮਿਸਲ ਸਤਲੁਜ ਦੇ ਅਜੇ ਪਾਲ ਸਿੰਘ ਬਰਾੜ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਹ ਗੱਲ ਦਰਸਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਭਾਰਤ ਵਿੱਚ ਸਿੱਖਾਂ ਨੂੰ ਕੋਈ ਵੀ ਮਸਲਾ ਦਰਪੇਸ਼ ਨਹੀਂ ਹੈ ਤੇ ਕੈਨੇਡਾ ਵਿੱਚ ਵਸਦੇ ਸਿੱਖ ਹੀ ਭਾਰਤ ਅਤੇ ਪੰਜਾਬ ਵਿੱਚ ਸ਼ਾਂਤੀ ਭੰਗ ਕਰ ਰਹੇ ਹਨ ਜਦਕਿ ਸੱਚਾਈ ਇਸ ਤੋਂ ਬਿਲਕੁਲ ਉਲਟ ਹੈ, ਦੇਸ਼ ਦੀ ਅਜ਼ਾਦੀ ਮਗਰੋਂ ਸਿੱਖਾਂ ਅਤੇ ਪੰਜਾਬ ਦੇ ਮਸਲੇ ਲਗਾਤਾਰ ਲਟਕਦੇ ਆ ਰਹੇ ਹਨ ਜਿਸ ਕਾਰਨ ਸਿੱਖਾਂ ਵਿੱਚ ਭਾਰਤ ਪ੍ਰਤੀ ਬੇਭਰੋਸਗੀ ਅਤੇ ਬੇਗਾਨਗੀ ਦਾ ਅਹਿਸਾਸ ਹੈ।

ਇਸ ਮੌਕੇ ਸਿੱਖ ਕਾਰਕੁਨ ਪਰਮਪਾਲ ਸਿੰਘ ਸਭਰਾ ਨੇ ਕਿਹਾ ਕਿ 1992 ਵਿੱਚ ਯੂਐਨਓ ਤਕ ਪਹੁੰਚ ਕਰਨ ਵਾਲਾ ਅਕਾਲੀ ਦਲ ਹੁਣ ਇੱਸ ਮੌਕੇ ਕੇਵਲ ਫ਼ਰਜ਼ੀ ਬਿਆਨਾਂ ਤਕ ਸੀਮਤ ਹੋਕੇ ਰਹਿ ਗਿਆ ਹੈ ਅਤੇ ਪੰਜਾਬ ਦੇ ਚੁਣੇ ਹੋਏ 92 ਨੁਮਾਇੰਦੇ ਵੀ ਇਸ ਮਸਲੇ ਤੋਂ ਕਿਨਾਰਾ ਕਰ ਬੈਠੇ ਦਿਸਦੇ ਹਨ। ਉਹਨਾਂ ਕਿਹਾ ਕਿ ਇਸ ਵੇਲੇ ਪੰਥ ਨੂੰ ਸਮੂਹਕ ਤੌਰ 'ਤੇ ਸਿੱਖ ਸੰਸਥਾਵਾਂ ਦਾ ਵਿਸ਼ਵ ਪੱਧਰੀ ਗਠਜੋੜ ਤਿਆਰ ਕਰਨਾ ਚਾਹੀਦਾ ਹੈ ਜੋ ਨਕਾਰਾ ਹੋ ਚੁੱਕੀ ਸਿੱਖ ਲੀਡਰਸ਼ਿਪ ਦੀ ਥਾਂ 'ਤੇ ਸਿੱਖ ਹਿੱਤਾਂ ਦੀ ਦੁਨੀਆਂ ਭਰ ਵਿੱਚ ਰਾਖੀ ਲਈ ਸਮਰਪਿਤ ਹੋਵੇ।

ਇਸ ਮੌਕੇ ਗੰਗਵੀਰ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਸਿੱਖਾਂ ਨੂੰ ਮੁੜ 1980 ਦੇ ਸਮੇਂ ਵੱਲ ਧੱਕਿਆ ਜਾ ਰਿਹਾ ਹੈ। ਦਿੱਲੀ ਦਰਬਾਰ ਸਿੱਖਾਂ ਦੇ ਮਸਲੇ ਸੰਵਾਦ ਰਾਹੀਂ ਹੱਲ ਕਰਨ ਦੀ ਥਾਂ ਸਿੱਖਾਂ ਪ੍ਰਤੀ ਦਮਨਕਾਰੀ ਨੀਤੀ ਅਪਣਾ ਰਹੀ ਹੈ, ਜਿਸ ਦੇ ਨਤੀਜੇ ਭਵਿੱਖ ਵਿਚ ਬਹੁਤ ਮੰਦਭਾਗੇ ਹੋ ਸਕਦੇ ਹਨ।

ਸਿੱਖ ਵਿਦਵਾਨ ਹਰਸਿਮਰਨ ਸਿੰਘ ਨੇ ਕਿਹਾ ਕਿ ਸਾਨੂੰ ਕਿਸੇ ਦੂਜੇ ਦੀ ਨੀਤੀ ਦਾ ਸ਼ਿਕਾਰ ਹੋਣ ਦੀ ਥਾਂ ਗੁਰਬਾਣੀ ਅਤੇ ਇਤਿਹਾਸ ਦੀ ਰੋਸ਼ਨੀ ਵਿੱਚ ਸਿੱਖ ਨੀਤੀ ਦੇ ਉਭਾਰ ਲਈ ਕਾਰਜਸ਼ੀਲ ਹੋਣ ਦੀ ਲੋੜ ਹੈ। ਲੇਖਕ ਗੁਰਬਚਨ ਸਿੰਘ ਨੇ ਕਿਹਾ ਕਿ ਸ਼ਹੀਦ ਜਸਵੰਤ ਸਿੰਘ ਖਾਲੜੇ ਸਮੇਤ ਹਜ਼ਾਰਾਂ ਸਿੱਖ ਨੌਜਵਾਨਾਂ ਦੀ ਸਰਕਾਰੀ ਹਿਰਾਸਤ ਦੌਰਾਨ ਹੋਈਆਂ ਮੌਤਾਂ ਦਾ ਸੱਚ ਦੁਨੀਆਂ ਅੱਗੇ ਰੱਖਣ ਦਾ ਸਭ ਤੋਂ ਸਹੀ ਸਮਾਂ ਹੈ। (ਬਾਕੀ ਸਫ਼ਾ 29 'ਤੇ)

## ਸਾਈਕਲ ਮੁਰੰਮਤ ਕਰਨ ਵਾਲੇ ਦੀ ਬੇਟੀ ਬਣੀ ਪੰਜਾਬ ਦੀ ਪਹਿਲੀ ਮੁਟਿਆਰ ਡ੍ਰੋਨ ਇੰਸਟ੍ਰਕਟਰ

ਅਮਲੋਹ/ਏ.ਟੀ.ਨਿਊਜ਼ :ਅਮਲੋਹ ਦੇ ਵਾਰਡ ਨੰਬਰ-12 ਦੀ ਮਨਪ੍ਰੀਤ ਕੌਰ ਪੁੱਤਰੀ ਬਲਜੀਤ ਸਿੰਘ ਨੇ ਪੰਜਾਬ ਦੀ ਪਹਿਲੀ ਡ੍ਰੋਨ ਇੰਸਟ੍ਰਕਟਰ ਬਣਨ ਦਾ ਮਾਣ ਹਾਸਲ ਕੀਤਾ ਹੈ।ਉਸ ਦੇ ਪਿਤਾ ਬਲਜੀਤ ਸਿੰਘ ਸਾਈਕਲ ਰਿਪੇਅਰ ਦਾ ਕੰਮ ਕਰਦੇ ਹਨ ਜਿਸ ਨੇ ਸਖ਼ਤ ਮਿਹਨਤ ਕਰ ਕੇ ਆਪਣੀ ਬੇਟੀ ਦੀ ਪੜ੍ਹਾਈ ਵਿੱਚ ਕਮੀ ਨਹੀਂ ਆਉਣ ਦਿੱਤੀ ਜਦੋਂਕਿ ਉਸ ਦੀ ਹੋਣਹਾਰ ਬੇਟੀ ਨੇ ਕੁਝ ਬਣ ਕੇ ਦਿਖਾਉਣ ਦੀ ਇੱਛਾ ਤੇ ਜਜ਼ਬੇ ਨਾਲ ਇਹ ਮੁਕਾਮ ਹਾਸਲ ਕੀਤਾ।



ਉਸ ਦੇ ਅਮਲੋਹ ਪਹੁੰਚਣ 'ਤੇ ਮੁਹੱਲਾ ਵਾਸੀਆਂ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ ਅਤੇ ਲੱਡੂ ਵੰਡੇ ਗਏ। ਮਨਪ੍ਰੀਤ ਨੇ ਦੱਸਿਆ ਕਿ ਉਹ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ ਵਿਚੋਂ ਪ੍ਰੀਖਿਆ ਪਾਸ ਕਰ ਕੇ ਡ੍ਰੋਨ ਇੰਸਟ੍ਰਕਟਰ ਬਣੀ ਹੈ ਅਤੇ ਹੁਣ ਉਹ ਪੁਣੇ ਦੀ ਇੱਕ ਕੰਪਨੀ ਵਿੱਚ ਡ੍ਰੋਨ ਇੰਸਟਰਕਟਰ ਵਜੋਂ ਕੰਮ ਕਰ ਰਹੀ ਹੈ, ਜਿਸ ਦੇ ਨਾਲ ਉਹ ਵਿਦਿਆਰਥੀਆਂ ਨੂੰ ਡ੍ਰੋਨ ਪਾਇਲਟ ਦੀ ਸਿਖਲਾਈ ਵੀ ਦਿੰਦੀ ਹੈ ।ਉਸ ਨੇ ਆਪਣੇ ਮਾਪਿਆਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੀ ਬਦੌਲਤ ਹੀ ਇਥੇ ਤੱਕ ਪਹੁੰਚੀ ਹੈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਅਤੇ ਇਮਾਨਦਾਰੀ ਨਾਲ ਆਪਣਾ ਕੰਮ ਜਾਰੀ ਰੱਖੇਗੀ।

## 10 ਸਾਲਾਂ 'ਚ ਕੰਗਾਲ ਹੋ ਜਾਵੇਗਾ ਪੰਜਾਬ : ਸਿੱਧੂ

ਚੰਡੀਗੜ੍ਹ/ਏ.ਟੀ.ਨਿਊਜ਼ : ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੇਂਡੂ ਵਿਕਾਸ ਫੰਡ ਸਬੰਧੀ ਰਾਜਪਾਲ ਨੂੰ ਲਿਖੀ ਚਿੱਠੀ 'ਤੇ ਸਵਾਲ ਖੜ੍ਹੇ ਕੀਤੇ ਹਨ । ਸਿੱਧੂ ਨੇ ਟਵਿੱਟਰ 'ਤੇ ਇੱਕ ਵੀਡੀਓ ਸ਼ੇਅਰ ਕਰਦਿਆਂ ਕਿਹਾ, ਰਾਜਪਾਲ ਨੇ ਮੁੱਖ ਮੰਤਰੀ ਨੂੰ ਸਹੀ ਜਵਾਬ ਦਿੱਤਾ ਹੈ। ਮੁੱਖ ਮੰਤਰੀ ਇਹ ਕਿਉਂ ਨਹੀਂ ਦੱਸਦੇ ਕਿ ਪੈਸਾ ਕਿੱਥੇ ਖ਼ਰਚਿਆ ਗਿਆ ?ਨਵਜੋਤ ਸਿੰਘ ਸਿੱਧੂ ਨੇ ਸੂਬਾ ਸਰਕਾਰ ਦੇ ਵੱਧ ਰਹੇ ਕਰਜ਼ੇ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ 'ਆਪ' ਸਰਕਾਰ ਨੇ ਹੁਣ ਤੱਕ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਜੇਕਰ ਇਸ ਨੂੰ ਛਿਮਾਹੀ ਵਿੱਚ ਬਦਲਿਆ ਜਾਵੇ ਤਾਂ ਇਹ 17,000 ਕਰੋੜ ਰੁਪਏ ਬਣਦਾ ਹੈ। ਜਦੋਂ ਤੱਕ ਸਰਕਾਰ ਅਗਲੇ ਸਾਲ ਦਾ ਬਜਟ ਪੇਸ਼ ਕਰੇਗੀ, ਉਦੋਂ ਤੱਕ ਇਹ ਰਕਮ 70,000 ਕਰੋੜ ਰੁਪਏ ਤੱਕ ਪਹੁੰਚ ਜਾਵੇਗੀ। ਸਰਕਾਰ ਕਰਜ਼ਾ ਲੈਣ 'ਚ 'ਫੇਰਾਰੀ' 'ਤੇ ਹੈ ।ਸਿੱਧੂ ਨੇ ਕਿਹਾ ਕਿ ਜੇਕਰ ਅਕਾਲੀ ਦਲ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ 10 ਸਾਲਾਂ 'ਚ ਡੇਢ ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ। ਕਾਂਗਰਸ ਨੇ ਪੰਜ ਸਾਲਾਂ ਵਿੱਚ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ। ਜਿਸ ਦਰ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਕਰਜ਼ਾ ਲੈ ਰਹੀ ਹੈ, 10 ਸਾਲਾਂ ਵਿੱਚ ਪੰਜਾਬ ਕੰਗਾਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਰਕਾਰ (ਬਾਕੀ ਸਫ਼ਾ 30 'ਤੇ)



## ਵਿਲੱਖਣ ਵਿਵਸਥਾ ਹੈ ਲੰਗਰ ਗੁਰੂ ਰਾਮਦਾਸ ਦੀ

### ਹ.ਫਤੇ ਭਰ ਦੇ ਲੰਗਰ ਦਾ ਵੇਰਵਾ ਪਹਿਲਾਂ ਹੀ ਹੁੰਦਾ ਹੈ ਤਿਆਰ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਲਈ 'ਸ੍ਰੀ ਗੁਰੂ ਰਾਮਦਾਸ ਜੀ ਲੰਗਰ ਘਰ' ਵਿਖੇ ਹ.ਫਤੇ ਭਰ ਦੇ ਲੰਗਰ ਦਾ ਮੀਨੂ ਪਹਿਲਾਂ ਹੀ ਤਿਆਰ ਹੁੰਦਾ ਹੈ। ਆਮ ਦਿਨਾਂ ਵਿੱਚ ਇੱਕ ਲੱਖ, ਸਨਿੱਚਰਵਾਰ ਤੇ ਐਤਵਾਰ ਦੋ ਲੱਖ ਤੋਂ ਵੱਧ ਅਤੇ ਗੁਰਪੁਰਬ ਅਤੇ ਇਤਿਹਾਸਕ ਦਿਹਾੜਿਆਂ 'ਤੇ ਦੋ ਤੋਂ ਚਾਰ ਲੱਖ ਸੰਗਤ 24 ਘੰਟਿਆਂ ਵਿੱਚ ਲੰਗਰ ਛਕਦੀਆਂ ਹਨ। ਲੰਗਰ ਵਿੱਚ ਦਾਲਾਂ, ਸਬਜ਼ੀਆਂ, ਮਿੱਠਾ, ਚਾਵਲ, ਪ੍ਰਸ਼ਾਦਾ, ਚਾਹ ਆਦਿ 24 ਘੰਟੇ ਮਿਲਦੀ ਹੈ, 5 ਕਰੋੜ ਦੇ ਕਰੀਬ ਸੰਗਤ ਹਰ ਸਾਲ ਲੰਗਰ ਛਕਦੀ ਹੈ। ਲੰਗਰ ਦੇ ਪ੍ਰਬੰਧ ਲਈ ਮੈਨੇਜਰ ਸਤਿੰਦਰ ਸਿੰਘ ਤੇ ਦੋ ਮੀਤ ਮੈਨੇਜਰ ਗੁਰਤਿੰਦਰ ਪਾਲ ਸਿੰਘ ਤੇ ਬਲਵਿੰਦਰ ਸਿੰਘ 450 ਸੇਵਾਦਾਰਾਂ ਤੇ 12 ਹਲਵਾਈਆਂ ਨਾਲ 24 ਘੰਟੇ ਪ੍ਰਬੰਧ ਚਲਾਉਂਦੇ ਹਨ। ਇਥੇ ਅਣਗਿਣਤ ਸੰਗਤ ਸ਼ਰਧਾ ਅਨੁਸਾਰ ਲੰਗਰ ਤਿਆਰ ਕਰਨ, ਵਰਤਾਉਣ, ਬਰਤਨਾਂ ਦੀ ਸਫਾਈ ਆਦਿ ਦੀ ਸੇਵਾ ਕਰਦੀ ਹੈ। ਦੁਨੀਆਂ ਭਰ ਵਿੱਚ ਸਭ ਤੋਂ ਵੱਡੀ 'ਫ੍ਰੀ ਰਸੋਈ' ਵੱਜੋਂ ਜਾਣੀ ਜਾਂਦੀ 'ਸ੍ਰੀ ਗੁਰੂ ਰਾਮਦਾਸ ਜੀ ਦਾ ਲੰਗਰ ਘਰ' ਹੈ। ਇਥੇ ਧਾਰਮਿਕ ਸ਼ਖ਼ਸੀਅਤਾਂ, ਦੇਸ਼ਾਂ ਦੇ ਰਾਜੇ, ਪ੍ਰਧਾਨ ਮੰਤਰੀ, ਰਾਸ਼ਟਰਪਤੀ, ਮੰਤਰੀ, ਸੂਬਿਆਂ ਦੇ ਮੁੱਖ ਮੰਤਰੀ, ਸਰਕਾਰੀ ਉੱਚ ਅਹੁਦਿਆਂ 'ਤੇ ਤਾਇਨਾਤ ਅਧਿਕਾਰੀ ਆਮ ਸੰਗਤ ਨਾਲ ਪੰਗਤ ਵਿੱਚ ਬੈਠ ਕੇ ਮਰਿਆਦਾ ਅਨੁਸਾਰ ਲੰਗਰ ਛਕਦੇ ਹਨ। ਇਥੇ ਸੰਗਤ ਦੀ ਆਮਦ ਹਰ ਸਾਲ ਵਧਦੀ ਜਾ ਰਹੀ ਹੈ ਅਤੇ ਇਥੋਂ ਦੇ ਪ੍ਰਬੰਧ ਨੂੰ ਹਰ ਕੋਈ ਦੇਖਣਾ ਚਾਹੁੰਦਾ ਹੈ।



**100 ਕੁਇੰਟਲ ਲੱਕੜ, 20 ਸਿਲੰਡਰ, 150 ਯੂਨਿਟ ਗੈਸ ਦੀ ਰੋਜ਼ਾਨਾ ਹੁੰਦੀ ਹੈ ਵਰਤੋਂ:**

24 ਘੰਟੇ ਲੰਗਰ ਤਿਆਰ ਕਰਨ ਲਈ ਲੱਕੜ, ਪਾਈਪ ਲਾਈਨ ਗੈਸ ਤੇ ਗੈਸ ਸਿਲੰਡਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਵਿੱਚ 100 ਕੁਇੰਟਲ ਲੱਕੜ, 20 ਸਿਲੰਡਰ, 150 ਯੂਨਿਟ ਪੀਐੱਨਜੀ ਪਾਈਪ ਲਾਈਨ ਰਾਹੀਂ ਗੈਸ ਦੀ ਹਰ ਰੋਜ਼ ਵਰਤੋਂ ਹੁੰਦੀ ਹੈ ਜੋ ਵੱਧ ਲੰਗਰ ਤਿਆਰ ਕਰਨ ਸਮੇਂ ਵੱਧ ਜਾਂਦੀ ਹੈ।

**ਮੌਸਮੀ ਸਬਜ਼ੀਆਂ ਦੀ ਹੁੰਦੀ ਹੈ ਜ਼ਿਆਦਾ ਵਰਤੋਂ**

ਲੰਗਰ ਵਿੱਚ ਮੌਸਮੀ ਸਬਜ਼ੀਆਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ। ਸਾਲ 'ਚ ਜ਼ਿਆਦਾਤਰ ਆਲੂ-ਮਟਰ, ਆਲੂ-ਪਨੀਰ, ਆਲੂ-ਨਿਊਟਰੀ ਤਿਆਰ ਹੁੰਦੀ ਹੈ। ਇਸ ਤੋਂ ਇਲਾਵਾ ਆਲੂ-ਗੋਭੀ, ਆਲੂ-ਗਾਜਰ, ਆਲੂ-ਬੈਂਗਣ, ਸ਼ਲਗਮ, ਕੱਦੂ, ਘੀਆਂ, ਘੀਆ ਤੋਰੀ ਆਦਿ ਮੌਸਮੀ ਸਬਜ਼ੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਫਰਵਰੀ 'ਚ ਸਾਗ-ਮੱਕੀ ਦੀ ਰੋਟੀ ਤੇ ਸਾਉਣ ਵਿੱਚ ਖੀਰ-ਪੂੜੇ ਵੀ ਤਿਆਰ ਕੀਤੇ ਜਾਂਦੇ ਹਨ।

**ਹਰ ਹਫਤੇ ਦਾ ਹੁੰਦਾ ਮੀਨੂ ਤਿਆਰ**

ਸੋਮਵਾਰ- ਪ੍ਰਸ਼ਾਦੇ ਨਾਲ ਚਿੱਟੇ ਛੋਲੇ, ਦਾਲ, ਸਬਜ਼ੀ, ਖੀਰ, ਨਮਕੀਨ ਚੌਲ ਤਿਆਰ ਹੁੰਦੇ ਹਨ।

ਮੰਗਲਵਾਰ- ਪ੍ਰਸ਼ਾਦੇ ਨਾਲ ਕਾਲੇ ਛੋਲੇ, ਦਾਲ, ਸਬਜ਼ੀ, ਸੇਵੀਆਂ, ਨਮਕੀਨ ਚੌਲ ਤਿਆਰ ਹੁੰਦੇ ਹਨ।

ਬੁੱਧਵਾਰ- ਪ੍ਰਸ਼ਾਦੇ ਨਾਲ ਦਾਲ, ਕੜੀ-ਚਾਵਲ, ਖੀਰ ਸਬਜ਼ੀ ਤਿਆਰ ਹੁੰਦੀ ਹੈ।

ਵੀਰਵਾਰ- ਪ੍ਰਸ਼ਾਦੇ ਨਾਲ ਕਾਲੇ ਛੋਲੇ, ਦਾਲ, ਕੜਾਹ ਪ੍ਰਸ਼ਾਦ, ਨਮਕੀਨ ਚੌਲ ਤਿਆਰ ਹੁੰਦੇ ਹਨ।

ਸ਼ੁੱਕਰਵਾਰ- ਪ੍ਰਸ਼ਾਦੇ ਨਾਲ ਰਾਜਮਾਂਹ, ਦਾਲ, ਸਬਜ਼ੀ, ਖੀਰ, ਚੌਲ ਤਿਆਰ ਹੁੰਦੇ ਹਨ।

ਸਨਿੱਚਰਵਾਰ- ਪ੍ਰਸ਼ਾਦੇ ਨਾਲ ਕਾਲੇ ਛੋਲੇ, ਸਬਜ਼ੀ, ਦਾਲ, ਖੀਰ, ਨਮਕੀਨ ਚੌਲ ਤਿਆਰ ਹੁੰਦੇ ਹਨ।

ਐਤਵਾਰ- ਪ੍ਰਸ਼ਾਦੇ ਨਾਲ ਕੜੀ-ਚੌਲ, ਦਾਲ, ਸਬਜ਼ੀ, ਨਮਕੀਨ ਚੌਲ, ਸੇਵੀਆਂ, ਖੀਰ ਤਿਆਰ ਹੁੰਦੀ ਹੈ।

**ਆਮ ਦਿਨਾਂ 'ਚ ਇੱਕ ਲੱਖ ਸੰਗਤ ਲਈ ਲੰਗਰ ਤਿਆਰ ਕਰਨ** ਵਾਸਤੇ 60 ਕੁਇੰਟਲ ਆਟਾ, 15 ਕੁਇੰਟਲ ਚੌਲ, 17 ਕੁਇੰਟਲ ਦਾਲਾਂ, 20 ਕੁਇੰਟਲ ਸਬਜ਼ੀ, 2000 ਲੀਟਰ ਦੁੱਧ, 15 ਕੁਇੰਟਲ ਸੁੱਕਾ ਦੁੱਧ, ਦੇਸੀ ਘਿਓ, ਮਸਾਲੇ ਆਦਿ ਲੱਗਦੇ ਹਨ। ਜਿਸ ਤਰ੍ਹਾਂ ਸੰਗਤ ਦੀ ਆਮਦ ਵੱਧਦੀ ਹੈ ਲਾਗਤ ਦੁੱਗਣੀ ਜਾਂ ਇਸ ਤੋਂ ਵੀ ਵੱਧ ਹੋ ਜਾਂਦੀ ਹੈ।

# ਸਿੱਖਾਂ ਵਿਰੁੱਧ ਨਫ਼ਰਤੀ ਪ੍ਰਚਾਰ ਦਾ ਸ਼੍ਰੋਮਣੀ ਕਮੇਟੀ ਨੇ ਲਿਆ ਨੋਟਿਸ

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਭਾਰਤ-ਕੈਨੇਡਾ ਮਾਮਲੇ ’ਚ ਪਾਸ ਕੀਤਾ ਵਿਸ਼ੇਸ਼ ਮਤਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ’ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੀ ਸੰਸਦ ਅੰਦਰ ਉਥੋਂ ਦੇ ਵਸਨੀਕ ਸਿੱਖ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿੱਚ ਭਾਰਤੀ ਏਜੰਸੀਆਂ ਦੇ ਅਧਿਕਾਰੀਆਂ ਦਾ ਹੱਥ ਹੋਣ ਬਾਰੇ ਲਗਾਏ ਦੋਸ਼ਾਂ ’ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ।



ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ’ਚ ਪਾਸ ਕੀਤੇ ਗਏ ਇੱਕ ਵਿਸ਼ੇਸ਼ ਮਤੇ ਵਿੱਚ ਕਿਹਾ ਗਿਆ ਕਿ ਕਿਸੇ ਵੀ ਦੇਸ਼ ਦੀ ਸੰਸਦ ਵਿੱਚ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਗਿਆ ਬਿਆਨ ਆਮ ਨਹੀਂ ਸਮਝਿਆ ਜਾਂਦਾ, ਸਗੋਂ ਦੇਸ਼ ਦੇ ਸੰਵਿਧਾਨ ਦੀ ਮਾਣ-ਮਰਿਆਦਾ ਦੇ ਦਾਇਰੇ ਵਿੱਚ ਤੱਥਾਂ ਅਧਾਰਿਤ ਮੰਨਿਆ ਜਾਂਦਾ ਹੈ।

ਪਾਰਲੀਮੈਂਟ ਅੰਦਰ ਪ੍ਰਧਾਨ ਮੰਤਰੀ ਵੱਲੋਂ ਆਖੀ ਗਈ ਹਰ ਗੱਲ ਨੂੰ ਸਹਿਜੇ ਹੀ ਨਕਾਰਿਆ ਨਹੀਂ ਜਾ ਸਕਦਾ। ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਭਾਰਤੀ ਏਜੰਸੀਆਂ ’ਤੇ ਲਾਏ ਦੋਸ਼ਾਂ ਦੀ ਸੱਚਾਈ ਦੋਹਾਂ ਦੇਸ਼ਾਂ ਨੂੰ ਰਾਜਨੀਤੀ ਤੋਂ ਪਰ੍ਹੇ ਜਾ ਕੇ ਇਕ ਸੁਹਿਰਦ ਪਹੁੰਚ ਰਾਹੀਂ ਲੋਕਾਂ ਸਾਹਮਣੇ ਰੱਖਣੀ ਚਾਹੀਦੀ ਹੈ। ਜੇਕਰ ਇਸ ਨੂੰ ਕੇਵਲ ਰਾਜਨੀਤੀ ਕਰ ਕੇ ਹੀ ਦਬਾ ਦਿੱਤਾ ਜਾਂਦਾ ਹੈ ਤਾਂ ਇਹ ਮਨੁੱਖੀ ਅਧਿਕਾਰਾਂ ਨਾਲ ਨਾਇਨਸਾਫ਼ੀ ਮੰਨੀ ਜਾਵੇਗੀ। ਇਸ ਸਮੁੱਚੇ ਵਰਤਾਰੇ ਵਿੱਚ ਮੁੱਖ ਮੀਡੀਆ ਅਤੇ ਸੋਸ਼ਲ ਮੀਡੀਆ ਮੰਚਾਂ ’ਤੇ ਸਿੱਖ ਅਤੇ ਪੰਜਾਬ ਵਿਰੋਧੀ ਫੈਲਾਏ ਜਾ ਰਹੇ ਨਫ਼ਰਤੀ ਕੂੜ ਪ੍ਰਚਾਰ ਦੀ ਵੀ ਕਰੜੀ ਨਿੰਦਾ ਕਰਦਿਆਂ ਕਿਹਾ ਗਿਆ ਹੈ ਕਿ ਮੀਡੀਆ ਦੇ ਵੱਡੇ ਹਿੱਸੇ ਵੱਲੋਂ ਜਾਣਬੁਝ ਕੇ ਭਾਰਤ ਕੈਨੇਡਾ ਮਾਮਲਾ ਕੇਵਲ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ’ਤੇ ਹੀ ਕੇਂਦਰਿਤ ਕਰ ਦਿੱਤਾ ਗਿਆ ਹੈ।

ਅੰਤ੍ਰਿੰਗ ਕਮੇਟੀ ਨੇ ਮਤੇ ਰਾਹੀਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਸ ਮਸਲੇ ਨੂੰ ਸੰਜੀਦਗੀ ਨਾਲ ਲੈ ਕੇ ਇਸ ਵਿੱਚ ਸਿੱਖਾਂ ਦੇ ਅਕਸ ਨੂੰ ਖਰਾਬ ਕਰਨ ਵਾਲੇ ਲੋਕਾਂ ’ਤੇ ਕਾਰਵਾਈ ਕਰੇ।

## ਬੇਅੰਤ ਸਿੰਘ ਹੱਤਿਆ ਕਾਂਡ ਮਾਮਲੇ ਵਿੱਚ ਸ਼ਮਸ਼ੇਰ ਸਿੰਘ ਜ਼ਮਾਨਤ ’ਤੇ ਹੋਏ ਰਿਹਾਅ

ਚੰਡੀਗੜ੍ਹ/ਏ.ਟੀ.ਨਿਊਜ਼: ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿੱਚ ਦੋਸ਼ੀ ਪਟਿਆਲਾ ਵਾਸੀ ਸ਼ਮਸ਼ੇਰ ਸਿੰਘ ਨੂੰ ਬੀਤੇ ਦਿਨੀਂ ਬੁੜੈਲ ਜੇਲ੍ਹ ’ਚੋਂ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ।



ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਜ਼ਿਲ੍ਹਾ ਅਦਾਲਤ ਦੇ ਆਦੇਸ਼ਾਂ ’ਤੇ ਜ਼ਮਾਨਤ ’ਤੇ ਛੱਡਿਆ ਹੈ। ਸੀਜੇਐੱਮ ਡਾ. ਅਮਨ ਇੰਦਰ ਸਿੰਘ ਦੀ ਅਦਾਲਤ ਨੇ ਬੁੱਧਵਾਰ ਨੂੰ ਦੋ ਲੱਖ ਰੁਪਏ ਦੇ ਮੁਚਲਕੇ ਅਤੇ ਕੁਝ ਸ਼ਰਤਾਂ ਨਾਲ ਸ਼ਮਸ਼ੇਰ ਸਿੰਘ ਦੀ ਜ਼ਮਾਨਤ ਪਟੀਸ਼ਨ ਮਨਜ਼ੂਰ ਕੀਤੀ ਸੀ। ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਅਗਸਤ 2007 ’ਚ ਸ਼ਮਸ਼ੇਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਥੇ ਮਾਮਲੇ ਵਿੱਚ ਹੋਰ ਦੋਸ਼ੀਆਂ ਨੂੰ ਵੀ ਸਜ਼ਾ ਹੋਈ ਸੀ। ਬੇਅੰਤ ਸਿੰਘ ਹੱਤਿਆ ਕਾਂਡ ਵਿੱਚ ਸ਼ਮਸ਼ੇਰ ਸਿੰਘ ਦੀ ਸਮੇਂ ਤੋਂ ਪਹਿਲਾਂ ਰਿਹਾਈ ਦਾ ਮਾਮਲਾ ਹਾਲੇ ਪੈਂਡਿੰਗ ਹੈ। ਇਸ ਤੋਂ ਪਹਿਲਾਂ ਜੁਲਾਈ 2023 ’ਚ ਸੀਜੇਐੱਮ ਅਦਾਲਤ ਨੇ ਸ਼ਮਸ਼ੇਰ ਸਿੰਘ ਦੀ ਸਮੇਂ ਤੋਂ ਪਹਿਲਾਂ ਰਿਹਾਈ ਵਾਲੀ ਸਿਫ਼ਾਰਸ਼ ’ਤੇ ਪ੍ਰਸ਼ਾਸਨ ਨੂੰ ਦੋ ਮਹੀਨਿਆਂ ’ਚ ਫ਼ੈਸਲਾ ਲੈਣ ਲਈ ਕਿਹਾ ਸੀ। ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਜੇ ਸ਼ਮਸ਼ੇਰ ਸਿੰਘ ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਸਬੰਧਤ ਅਥਾਰਟੀ ਖ਼ਾਰਜ ਕਰ ਦਿੰਦੀ ਹੈ ਤਾਂ ਉਸ ਨੂੰ ਸਰੇਂਡਰ ਕਰਨਾ ਹੋਵੇਗਾ।

## ਨਸ਼ਿਆਂ ਦੀ ਓਵਰਡੋਜ਼ ਕਾਰਨ ਤਿੰਨ ਸਾਲਾਂ ’ਚ ਗਈਆਂ 266 ਜਾਨਾਂ

### ਪੰਜਾਬ-ਹਰਿਆਣਾ ਹਾਈ ਕੋਰਟ ਨੇ ਮੁੱਖ ਸਕੱਤਰ ਨੂੰ ਵੇਰਵਾ ਸੌਂਪਣ ਦਾ ਦਿੱਤਾ ਹੁਕਮ

ਚੰਡੀਗੜ੍ਹ/ਏ.ਟੀ.ਨਿਊਜ਼ : ਨਸ਼ਿਆਂ ਦੀ ਓਵਰਡੋਜ਼ ਕਾਰਨ ਪੰਜਾਬ ਵਿੱਚ ਪਿਛਲੇ 3 ਸਾਲਾਂ ਦੌਰਾਨ 266 ਵਿਅਕਤੀਆਂ ਨੇ ਜਾਨ ਗੁਆਈ ਹੈ। ਇਨ੍ਹਾਂ ਅੰਕੜਿਆਂ ’ਤੇ ਚਿੰਤਾ ਜ਼ਾਹਰ ਕਰਦੇ ਹੋਏ ਪੰਜਾਬ-ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਨਸ਼ਿਆਂ ’ਤੇ ਰੋਕ ਲਾਉਣ ਲਈ ਚੁੱਕੇ ਕਦਮਾਂ ਬਾਰੇ ਵੇਰਵਾ ਸੌਂਪਣ ਦਾ ਹੁਕਮ ਕੀਤਾ ਹੈ। ਜਲੰਧਰ ਨਿਵਾਸੀ ਨਿਧੀ ਨੇ ਹਾਈ ਕੋਰਟ ਵਿੱਚ ਹਾਈ ਕੋਰਟ ਵਿੱਚ ਪਟੀਸ਼ਨ ਦਾਖ਼ਲ ਕਰਦੇ ਹੋਏ ਐੱਨ.ਡੀ.ਪੀ.ਐੱਸ. ਮਾਮਲੇ ਵਿੱਚ ਜ਼ਮਾਨਤ ਦੇਣ ਦੀ ਅਪੀਲ ਕੀਤੀ ਸੀ। ਹਾਈ ਕੋਰਟ ਨੇ ਪਟੀਸ਼ਨ ’ਤੇ ਸੁਣਵਾਈ ਕਰਦੇ ਹੋਏ ਬਿਊਰੋ ਆਫ ਇੰਵੈਸਟੀਗੇਸ਼ਨ ਨੂੰ ਨਸ਼ਿਆਂ ਦੀ ਓਵਰਡੋਜ਼ ਕਾਰਨ ਜਾਨ ਗੁਆਉਣ ਬਾਰੇ ਜਾਣਕਾਰੀ ਸੌਂਪਣ ਦਾ ਹੁਕਮ ਕੀਤਾ ਸੀ।



ਬਿਊਰੋ ਨੇ ਹਾਈ ਕੋਰਟ ਨੂੰ ਦੱਸਿਆ ਕਿ ਪਹਿਲੀ ਅਪ੍ਰੈਲ 2020 ਤੋਂ ਲੈ ਕੇ ਮਾਰਚ 2023 ਤੱਕ ਨਸ਼ਿਆਂ ਦੀ ਓਵਰਡੋਜ਼ ਨੇ ਸੂਬੇ ਵਿੱਚ 266 ਲੋਕਾਂ ਦੀ ਜਾਨ ਲਈ ਹੈ।2020-21 ਦੌਰਾਨ 36, 2021-22 ਦੌਰਾਨ 71 ਤੇ ਜਦਕਿ 2022-23 ਵਿੱਚ 156 ਲੋਕਾਂ ਦੀ ਜਾਨ ਗਈ ਹੈ। ਬਠਿੰਡਾ ਵਿੱਚ ਸਭ ਤੋਂ ਵੱਧ 38, ਤਰਨਤਾਰਨ ਵਿੱਚ 30, ਫਿਰੋਜ਼ਪੁਰ ਵਿੱਚ 19, ਮੋਗਾ ਤੇ ਅੰਮ੍ਰਿਤਸਰ ਵਿੱਚ 17, ਹੁਸ਼ਿਆਰਪੁਰ ਤੇ ਫ਼ਾਜ਼ਿਲਕਾ ਵਿੱਚ 14 ਤੇ ਫ਼ਰੀਦਕੋਟ ਵਿੱਚ 13 ਵਿਅਕਤੀਆਂ ਦੀ ਜਾਨ ਗਈ ਹੈ। ਹਾਈ ਕੋਰਟ ਨੇ ਇਨ੍ਹਾਂ ਅੰਕੜਿਆਂ ’ਤੇ ਚਿੰਤਾ ਪ੍ਰਗਟ ਕਰਦਿਆਂ ਹੁਣ ਪੰਜਾਬ ਦੇ ਮੁੱਖ ਸਕੱਤਰ ਨੂੰ ਨਸ਼ਿਆਂ ’ਤੇ ਲਗਾਮ ਲਾਉਣ ਲਈ ਚੁੱਕੇ ਕਦਮਾਂ ਬਾਰੇ ਵੇਰਵਾ ਸੌਂਪਣ ਦਾ ਹੁਕਮ ਕੀਤਾ ਹੈ।

## ਬਾਬਾ ਫ਼ਰੀਦ ਆਗਮਨ ਪੁਰਬ ਦੇ ਮੌਕੇ ਮਿਸਲ ਸਤਲੁਜ ਵੱਲੋਂ ਚੜ੍ਹਤ ਸਿੰਘ ਸ਼ੁਕਰਚੱਕੀਆ ਨਿਸ਼ਾਨੇਬਾਜ਼ੀ ਮੁਕਾਬਲੇ ਕਰਵਾਏ

ਮਿਸਲ ਸਤਲੁਜ ਵੱਲੋਂ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਲੜੀ ਤਹਿਤ ਬਾਬਾ ਫ਼ਰੀਦ ਆਗਮਨ ਪੁਰਬ ਦੇ ਮੌਕੇ ’ਤੇ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੀ ਅਤੇ ਸ਼ੁਕਰਚੱਕੀਆ ਮਿਸਲ ਦੇ ਬਾਨੀ ਸ. ਚੜ੍ਹਤ ਸਿੰਘ ਨੂੰ ਸਮਰਪਿਤ ਏਅਰ ਰਾਈਫਲ/ ਪਿਸਤੌਲ 10 ਮੀਟਰ ਵਿੱਚ ਸ. ਚੜ੍ਹਤ ਸਿੰਘ ਸੁੱਕਰਚੱਕੀਆ ਨਿਸ਼ਾਨੇਬਾਜ਼ੀ ਟਰਾਫੀ ਮੁਕਾਬਲੇ ਕਰਵਾਏ ਗਏ। ਬਾਬਾ ਫ਼ਰੀਦ ਸਕੂਲ ਦੀ ਸ਼ੂਟਿੰਗ ਰੇਂਜ ’ਤੇ ਖੇਡੇ ਗਏ ਇਸ ਖੇਡ ਮੁਕਾਬਲੇ ਦਾ ਉਦਘਾਟਨ ਸ.ਇੰਦਰਜੀਤ ਸਿੰਘ ਸੇਖੋਂ ਵੱਲੋਂ ਕੀਤਾ ਗਿਆ। ਵੱਡੀ ਗਿਣਤੀ ਵਿੱਚ ਸਕੂਲਾਂ ਦੇ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ ਜਿੱਥੇ ਮਿਸਲ ਸਤਲੁਜ ਵੱਲੋਂ ਸਾਰੇ ਬੱਚਿਆਂ ਨੂੰ ਭਾਗ ਪੱਤਰ ਦਿੱਤੇ ਗਏ । ਬਾਬਾ ਫ਼ਰੀਦ ਪਬਲਿਕ ਸਕੂਲ ਸ. ਚੜ੍ਹਤ ਸਿੰਘ ਸੁੱਕਰਚੱਕੀਆ ਨਿਸ਼ਾਨੇਬਾਜ਼ੀ ਟਰਾਫੀ ਦਾ ਜੇਤੂ ਰਿਹਾ। ਦੂਜੇ ਸਥਾਨ ਉੱਤੇ ਦਸਮੇਸ਼ ਪਬਲਿਕ ਸਕੂਲ, ਤੀਸਰੇ ਸਥਾਨ ’ਤੇ ਦਾਸ ਐਂਡ ਬਰਾਉਨ ਸਕੂਲ ਫਿਰੋਜ਼ਪੁਰ ਅਤੇ ਮੇਜਰ ਅਜੈਬ ਸਿੰਘ ਸਕੂਲ ਜਿਉਣਵਾਲਾ ਰਹੇ। ਬੱਚਿਆਂ ਵੱਲੋਂ ਜਿੱਤੇ ਸਥਾਨ ਇਸ ਪ੍ਰਕਾਰ ਹਨ





10 ਮੀਟਰ ਏਅਰ ਰਾਈਫਲ ਲੜਕੇ ( ਆਈ.ਐਸ.ਐਸ.ਐਫ਼.)-
(1.) ਗੁਰਮਨ ਸਿੰਘ ਸੰਧੂ (ਮਾਤਾ ਗੁਜਰੀ ਪਬਲਿਕ ਸਕੂਲ ਫਿਰੋਜ਼ਪੁਰ190/200 )
(2.) ਅਰਸ਼ਦੀਪ ਸਿੰਘ ਸੰਧੂ (ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ183/200)

10 ਮੀਟਰ ਏਅਰ ਪਿਸਤੌਲ ਲੜਕੇ ( ਆਈ.ਐਸ.ਐਸ.ਐਫ਼.)-
(1.) ਪਰਵਾਜ਼ ਸਿੰਘ ਸੰਧੂ (ਹਰਗੋਬਿੰਦ ਸਕੂਲ ਭਾਣਾ 190/200)
(2.) ਗੁਰਨੂਰ ਸਿੰਘ (ਕੈਂਮਬਰਿਜ਼ ਇੰਟਰਨੈਸ਼ਨਲ ਸਕੂਲ ਮੋਗਾ 188/200)
(3.) ਵੰਸ਼ਦੀਪ ਸਿੰਘ ਭੁੱਲਰ (ਸ਼ਹੀਦ ਗੰਜ ਪਬਲਿਕ ਸਕੂਲ ਮੁੱਦਕੀ 185/200)

10 ਮੀਟਰ ਏਅਰ ਰਾਈਫਲ ਲੜਕੇ ( ਐਨ.ਆਰ.)
(1.) ਨਵਦੀਪ ਸਿੰਘ ਸੰਧੂ (ਦਾਸ ਐਂਡ ਬਰਾਉਨ ਵਰਲਡ ਸਕੂਲ ਫਿਰੋਜ਼ਪੁਰ 192/200)
(2.) ਨਵਜੋਤ ਸਿੰਘ ਸੰਧੂ (ਸੇਂਟ ਜੋਸਫ ਕਾਨਵੈਂਟ ਸਕੂਲ ਫਿਰੋਜ਼ਪੁਰ 183/200)
(3.) ਇਸਰਮਾਨਵੀਰ ਸਿੰਘ ਢਿੱਲੋਂ (ਦਾਸ ਐਂਡ ਬਰਾਉਨ ਸਕੂਲ ਫਿਰੋਜ਼ਪੁਰ 179/200)

10 ਮੀਟਰ ਏਅਰ ਰਾਈਫਲ ਲੜਕੀਆਂ ( ਐਨ.ਆਰ.)
(1.) ਏਕਮਵੀਰ ਕੌਰ (ਸੇਂਟ ਮੈਰੀ ਸਕੂਲ ਫ਼ਰੀਦਕੋਟ 176/200)
(2.) ਨਵਪ੍ਰੀਤ ਕੌਰ ਮਾਨ ( ਮੇਜਰ ਅਜਾਇਬ ਸਿੰਘ ਸਕੂਲ ਜਿਓਣਵਾਲਾ 156/200)
(3.) ਵੀਕਸ਼ਾ ਗੋਇਲ ਮੇਜਰ ਅਜਾਇਬ ਸਿੰਘ ਸਕੂਲ ਜਿਓਣਵਾਲਾ 129/200 ?)

10 ਮੀਟਰ ਏਅਰ ਪਿਸਤੌਲ ਲੜਕੇ (ਐਨ.ਆਰ.)
(1.) ਅਭੇਇੰਦਰ ਪ੍ਰਤਾਪ ਸਿੰਘ(ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ 173/200)
(2.) ਅਰਮਾਨਦੀਪ ਸਿੰਘ ਸੰਧੂ - ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ 171/200
(3.) ਮਨਸੰਗਤ ਸਿੰਘ ਢਿੱਲੋਂ -ਸੇਂਟ ਜੋਸਫ ਕਾਨਵੈਂਟ ਸਕੂਲ ਫਿਰੋਜ਼ਪੁਰ 161/200

10 ਮੀਟਰ ਏਅਰ ਪਿਸਤੌਲ ਲੜਕੀਆਂ ( ਐਨ.ਆਰ.)
(1.) ਸੁਖਮਨਜੀਤ ਕੌਰ -ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ 123/200
(2.) ਹਰਮਜੀਤ ਕੌਰ - ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ 92/200
(3.) ਪਰਮਵੀਰ ਕੌਰ- ਮੇਜਰ ਅਜਾਇਬ ਸਿੰਘ ਸਕੂਲ ਜਿਉਣਵਾਲਾ 91/200

10 ਮੀਟਰ ਏਅਰ ਰਾਈਫਲ ਓਪਨ ਸਾਈਟ ਲੜਕੇ ( ਏਐਮਏਟੀਈਯੂਆਰ/ਸ਼ੁਕੀਨ)
(1.) ਗੁਰਨੂਰ ਸਿੰਘ - ਐਸ ਐਸ ਐਮ ਗਲੋਬਲ ਸਕੂਲ 47/100
(2.) ਅਸ਼ਮਨ ਸਿੰਘ ਸੰਘਾ - ਬਾਬਾ ਫ਼ਰੀਦ ਪਬਲਿਕ ਸਕੂਲ 23/100
(3.) ਗੁਰਸ਼ਾਨ ਸਿੰਘ - ਐਸ ਐਸ ਐਮ ਗਲੋਬਲ ਸਕੂਲ 11/100

(ਬਾਕੀ ਸਫ਼ਾ 30 ’ਤੇ)

**ਦਰਪਣ ਝੂਠ ਨਹੀਂ ਬੋਲਦਾ**

# ਭਾਈ ਨਿੱਝਰ ਕਾਂਡ ਤੋਂ ਬਾਅਦ ਐਫ.ਬੀ.ਆਈ. ਨੇ ਵੀ ਅਮਰੀਕਾ 'ਚ ਰਹਿੰਦੇ ਸਿੱਖ ਆਗੂਆਂ ਨੂੰ ਕੀਤਾ ਸੁਚੇਤ

## ਕੈਨੇਡਾ ਦੇ ਆਗੂ ਭਾਈ ਨਿੱਝਰ ਦੇ ਕਤਲ ਤੋਂ ਬਾਅਦ ਅਮਰੀਕਨ ਸਿੱਖ ਆਗੂ ਨਿਸ਼ਾਨੇ ਉੱਪਰ

### ਅਮਰੀਕਨ ਵੈਬਸਾਈਟ 'ਦ ਇੰਟਰਸੈਪਟ' ਦੀ ਸਨਸਨੀਖੇਜ਼ ਰਿਪੋਰਟ



18 ਜੂਨ, 2023 ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਗੁਰਦੁਆਰਾ ਸਾਹਿਬ ਦੇ ਬਾਹਰ ਇੱਕ ਹਾਈ-ਪ੍ਰੋਫਾਈਲ ਕੈਨੇਡੀਅਨ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ, ਐਫ.ਬੀ.ਆਈ. ਨੇ ਅਮਰੀਕਾ ਵਿੱਚ ਬਹੁਤ ਸਾਰੇ ਸਿੱਖ ਕਾਰਕੁਨਾਂ ਨੂੰ ਸੁਚੇਤ ਰਹਿਣ ਦਾ ਸੁਨੇਹਾ ਵੀ ਭੇਜਿਆ ਸੀ। ਇਸ ਸਬੰਧੀ ਖ਼ੁਫ਼ੀਆ ਵਿਭਾਗ ਦੇ ਕਈ ਅਧਿਕਾਰੀਆਂ ਨੇ ਬਕਾਇਦਾ ਇਨ੍ਹਾਂ ਆਗੂਆਂ ਨੂੰ ਮਿਲ ਕੇ ਇਸ ਸਬੰਧੀ ਜਾਣਕਾਰੀ ਦਿੱਤੀ ਸੀ ਅਮਰੀਕਨ ਵੈਬਸਾਈਟ 'ਦ ਇੰਟਰਸੈਪਟ' ਦੀ ਰਿਪੋਰਟ ਅਨੁਸਾਰ ਅਮਰੀਕੀ ਨਾਗਰਿਕ ਅਤੇ ਸਿਆਸੀ ਕਾਰਕੁਨ ਪ੍ਰੀਤਪਾਲ ਸਿੰਘ ਨੇ ਦੱਸਿਆ ਕਿ ਕੈਲੀਫੋਰਨੀਆ ਵਿੱਚ ਸਿਆਸੀ ਸੰਗਠਨ ਵਿੱਚ ਸ਼ਾਮਲ ਦੋ ਹੋਰ ਸਿੱਖ ਅਮਰੀਕੀਆਂ ਨੂੰ ਐਫ.ਬੀ.ਆਈ. ਵੱਲੋਂ ਕਾਲਾਂ ਆਈਆਂ ਅਤੇ ਭਾਈ ਨਿੱਝਰ ਦੇ ਕਤਲ ਤੋਂ ਬਾਅਦ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ। ਪ੍ਰੀਤਪਾਲ ਸਿੰਘ ਨੇ ਕਿਹਾ ਕਿ ਜੂਨ ਦੇ ਅਖੀਰ ਵਿੱਚ, ਐਫ.ਬੀ.ਆਈ. ਦੇ ਦੋ ਵਿਸ਼ੇਸ਼ ਏਜੰਟ ਮੈਨੂੰ ਮਿਲਣ ਆਏ ਸਨ ਅਤੇ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਹੈ ਕਿ ਮੇਰੀ ਜਾਨ ਨੂੰ ਖ਼ਤਰਾ ਹੈ। ਉਨ੍ਹਾਂ ਨੇ ਸਾਨੂੰ ਸਪੱਸ਼ਟ ਤੌਰ 'ਤੇ ਇਹ ਨਹੀਂ ਦੱਸਿਆ ਕਿ ਧਮਕੀ ਕਿੱਥੋਂ ਆ ਰਹੀ ਹੈ, ਪਰ ਉਨ੍ਹਾਂ ਨੇ ਕਿਹਾ ਕਿ ਮੈਨੂੰ ਸਾਵਧਾਨ ਰਹਿਣਾ ਚਾਹੀਦਾ ਹੈ।ਦੋ ਹੋਰ ਸਿੱਖ ਕਾਰਕੁਨਾਂ, ਜਿਨ੍ਹਾਂ ਨੇ ਸੁਰੱਖਿਆ ਕਾਰਨਾਂ ਕਰਕੇ ਆਪਣਾ ਨਾਂ ਨਹੀਂ ਦੱਸਿਆ, ਨੇ ਇਹ ਵੀ ਕਿਹਾ ਕਿ ਐਫ.ਬੀ.ਆਈ. ਨੇ ਉਨ੍ਹਾਂ ਨਾਲ ਉਸੇ ਸਮੇਂ ਮੁਲਾਕਾਤ ਕੀਤੀ ਸੀ ਜਦੋਂ ਹਰਦੀਪ ਸਿੰਘ ਨਿੱਝਰ ਦਾ ਕਤਲ ਹੋ ਚੁੱਕਿਆ ਸੀ ।ਕੈਲੀਫੋਰਨੀਆ ਸਥਿਤ ਗੈਰ-ਲਾਭਕਾਰੀ ਸੰਸਥਾ ਇਨਸਾਫ ਦੇ ਸਹਿ-ਨਿਰਦੇਸ਼ਕ ਸੁਖਮਨ ਧਾਮੀ ਨੇ ਕਿਹਾ ਕਿ ਸਾਨੂੰ ਇਹ ਸੂਚਨਾ ਵੀ ਮਿਲੀ ਸੀ ਕਿ ਸੁਰੱਖਿਆ ਅਧਿਕਾਰੀਆਂ ਨੇ ਖ਼ਾਲਿਸਤਾਨੀ ਆਗੂਆਂ ਨਾਲ ਗੱਲਬਾਤ ਕੀਤੀ ਅਤੇ ਚਿਤਾਵਨੀ ਦਿੱਤੀ ਗਈ ਕਿ ਉਹ ਵੀ ਨਿਸ਼ਾਨਾ ਬਣ ਸਕਦੇ ਹਨ।

ਬੀਤੇ ਵੀਰਵਾਰ ਦੌਰਾਨ ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਇੱਕ ਰਿਪੋਰਟ ਸਾਹਮਣੇ ਆਈ ਸੀ ਕਿ ਕੈਨੇਡਾ ਨੇ ਸਿਗਨਲ ਅਤੇ ਹੋਰ ਖ਼ੁਫ਼ੀਆ ਜਾਣਕਾਰੀਆਂ ਦੇ ਆਧਾਰ 'ਤੇ ਨਿੱਝਰ ਕਤਲ ਕਾਂਡ ਵਿੱਚ ਭਾਰਤੀ ਏਜੰਸੀਆਂ ਦੇ ਸ਼ਾਮਲ ਹੋਣ ਦਾ ਸ਼ੱਕ ਪ੍ਰਗਟਾਇਆ ਸੀ। ਇਸ ਵਿੱਚ ਉਹ ਜਾਣਕਾਰੀ ਵੀ ਸ਼ਾਮਲ ਹੈ ਜੋ ਕੈਨੇਡਾ ਵਿੱਚ ਭਾਰਤੀ ਡਿਪਲੋਮੈਟਾਂ ਦੀ ਗੱਲਬਾਤ ਅਤੇ ਅਮਰੀਕਾ ਦੀ 'ਫਾਈਵ ਆਈਜ਼ ਖ਼ੁਫ਼ੀਆ ਗਠਜੋੜ' ਵਿੱਚ ਅਣਦੱਸੇ ਸੂਤਰਾਂ ਤੋਂ ਮਿਲੀ ਹੈ। ਇਸ ਹਫਤੇ ਦੇ ਸ਼ੁਰੂ ਵਿੱਚ, ਕੈਨੇਡਾ ਨੇ ਇੱਕ ਚੋਟੀ ਦੇ ਭਾਰਤੀ ਡਿਪਲੋਮੈਟ ਨੂੰ ਕੱਢ ਦਿੱਤਾ ਸੀ ਜੋ ਕੈਨੇਡਾ ਵਿੱਚ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਦਾ ਮੁਖੀ ਸੀ।

ਭਾਰਤ ਨੇ ਹਮਲਾਵਰ ਰੁਖ ਅਪਣਾਉਂਦੇ ਹੋਏ, ਦੋਸ਼ਾਂ ਨੂੰ ਬੇਹੂਦਾ ਦੱਸਦਿਆਂ ਖਾਰਜ ਕੀਤਾ ਸੀ ਅਤੇ ਕੈਨੇਡਾ 'ਤੇ ਸਿੱਖ ਖਾੜਕੂਆਂ ਅਤੇ ਕੱਟੜਪੰਥੀ ਸਮੂਹਾਂ ਨੂੰ ਸਰਪ੍ਰਸਤੀ ਦੇਣ ਦਾ ਦੋਸ਼ ਲਗਾਇਆ ਸੀ। ਭਾਰਤ ਦੀ ਅੱਤਵਾਦ ਰੋਕੂ ਏਜੰਸੀ ਐਨ. ਆਈ. ਏ. ਨੇ ਬੀਤੇ ਵੀਰਵਾਰ ਨੂੰ ਉਨ੍ਹਾਂ ਪ੍ਰਦਰਸ਼ਨਕਾਰੀਆਂ ਬਾਰੇ ਵੀ ਜਾਣਕਾਰੀ ਦਿੱਤੀ ਸੀ, ਜਿਨ੍ਹਾਂ ਨੇ ਇਸ ਸਾਲ ਦੇ ਸ਼ੁਰੂ ਵਿੱਚ ਸੈਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਨੂੰ ਕਥਿਤ ਤੌਰ 'ਤੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਹਾਲਾਂ ਕਿ ਅਮਰੀਕਾ ਨੇ ਅੱਗ ਲਾਉਣ ਦੀ ਘਟਨਾ ਬਾਰੇ ਪੁਸ਼ਟੀ ਨਹੀਂ ਕੀਤੀ ਸੀ।

ਅਮਰੀਕਾ ਨੇ ਕੈਨੇਡਾ ਵੱਲੋਂ ਭਾਰਤ ਉਪਰ ਲਗਾਏ ਦੋਸ਼ਾਂ 'ਤੇ ਚਿੰਤਾ ਜ਼ਾਹਿਰ ਕੀਤੀ ਸੀ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਬੀਤੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਅਮਰੀਕਾ ਇਸ ਦੀ ਜਾਂਚ ਵਿੱਚ ਕੈਨੇਡਾ ਨਾਲ ਸਹਿਯੋਗ ਕਰ ਰਿਹਾ ਹੈ। ਇਸ ਹਫਤੇ ਆਪਣੇ ਬਿਆਨ ਵਿੱਚ, ਯੂਐਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਕਿਹਾ ਸੀ ਕਿ ਭਾਰਤ ਕੋਲ ਗੈਰ-ਨਿਆਇਕ ਹੱਤਿਆਵਾਂ ਵਰਗੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਵਿਸ਼ੇਸ਼ ਛੋਟ ਨਹੀਂ ਹੈ, ਨਾ ਦਿੱਤੀ ਜਾ ਸਕਦੀ ਹੈ।

ਅਮਰੀਕਾ ਭਾਰਤ ਨਾਲ ਵਪਾਰ ਕਰਨ ਵਾਲਾ ਸਭ ਤੋਂ ਵੱਡਾ ਦੇਸ਼ ਹੈ ਅਤੇ ਇਹ ਵੀ ਸਪੱਸ਼ਟ ਹੈ ਕਿ ਅਮਰੀਕਾ ਦੇ ਇਹ ਵਪਾਰਕ ਸਬੰਧ ਕੈਨੇਡਾ ਨਾਲੋਂ ਭਾਰਤ ਨਾਲ ਕਿਤੇ ਜ਼ਿਆਦਾ ਹਨ ਪਰ ਹਾਲ ਦੀ ਘੜੀ ਅਮਰੀਕਾ ਕੈਨੇਡਾ ਦੀ ਹਮਾਇਤ ਵਿੱਚ ਹੈ।ਮੋਦੀ ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਸਿੱਖਾਂ ਵਿਰੁੱਧ ਅਮਰੀਕਾ ਦੀ ਧਰਤੀ 'ਤੇ ਭਾਰਤ ਦੀ ਕੋਈ ਵੀ ਪ੍ਰਭੂਸੱਤਾ ਨੂੰ ਚੈਲਿੰਜ ਕਰਨ ਵਾਲੀ ਜਾਂ ਹਿੰਸਕ ਕਾਰਵਾਈ ਦੋਵਾਂ ਦੇਸ਼ਾਂ ਵਿਚਾਲੇ ਦਰਾਰ ਪੈਦਾ ਕਰ ਸਕਦੀ ਹੈ ਕਿਉਂਕਿ ਭਾਰਤ ਚੀਨ ਦਾ ਸਾਹਮਣਾ ਕਰਨ ਲਈ ਅਮਰੀਕਾ ਨਾਲ ਗੱਠਜੋੜ ਬਣਾ ਰਿਹਾ ਹੈ।

ਸਿੱਖ ਅਮਰੀਕੀਆਂ ਜਿਨ੍ਹਾਂ ਨੂੰ ਧਮਕੀਆਂ ਮਿਲੀਆਂ ਹਨ, ਦਾ ਕਹਿਣਾ ਹੈ ਕਿ ਉਹ ਡਰਨ ਵਾਲੇ ਨਹੀਂ ਹਨ, ਪਰ ਉਹ ਚਾਹੁੰਦੇ ਹਨ ਕਿ ਅਮਰੀਕੀ ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ ਕਦਮ ਵਧਾਏ ਅਤੇ ਸੱਜੇ ਪੱਖੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਹਮਲਾਵਰ ਅਤੇ ਤਾਨਾਸ਼ਾਹੀ ਕਾਰਵਾਈ ਵਿਰੁੱਧ ਖੜੀ ਹੋਵੇ।

ਅਮਰੀਕੀ ਨਾਗਰਿਕ ਅਤੇ ਸਿਆਸੀ ਕਾਰਕੁਨ ਪ੍ਰੀਤਪਾਲ ਸਿੰਘ ਨੇ ਕਿਹਾ ਕਿ ਜੇਕਰ ਭਾਰਤ ਕੈਨੇਡੀਅਨਾਂ ਨੂੰ ਨਿਸ਼ਾਨਾ ਬਣਾ ਸਕਦਾ ਹੈ, ਤਾਂ ਅਗਲਾ ਨਿਸ਼ਾਨਾ ਅਮਰੀਕੀ ਹੋਣਗੇ। ਉਨ੍ਹਾਂ ਕਿਹਾ ਕਿ ਇਹ ਹਮਲਾ ਸਾਡੀਆਂ ਜਮਹੂਰੀ ਸੰਸਥਾਵਾਂ ਨੂੰ ਕਮਜ਼ੋਰ ਕਰਦਾ ਹੈ, ਵਿਅਕਤੀਗਤ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਘਟਾਉਂਦਾ ਹੈ, ਅਤੇ ਸੰਯੁਕਤ ਰਾਜ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਅਤੇ ਪ੍ਰਭੂਸੱਤਾ ਨੂੰ ਖਤਰਾ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ (ਬਾਕੀ ਸਫ਼ਾ 29 'ਤੇ)

## ਨਿੱਝਰ ਦੀ ਹੱਤਿਆ 'ਚ ਭਾਰਤ 'ਤੇ ਕੈਨੇਡਾ ਦੇ ਦੋਸ਼, ਫ਼ਾਈਵ ਆਈ ਨੈੱਟਵਰਕ ਦੀਆਂ ਗੁਪਤ ਸੂਚਨਾਵਾਂ 'ਤੇ ਆਧਾਰਿਤ

### ਕੀ ਕੈਨੇਡਾ ਭਾਈ ਨਿੱਝਰ ਕਤਲ ਮਾਮਲੇ ਨੂੰ ਅੰਤਰਰਾਸ਼ਟਰੀ ਅਦਾਲਤ ਵਿੱਚ ਲਿਜਾ ਸਕਦੈ ?

### ਅਮਰੀਕਾ ਨੇ ਨਿੱਝਰ ਦੇ ਕਤਲ ਬਾਰੇ ਕੈਨੇਡਾ ਨੂੰ ਦਿੱਤੀ ਸੀ ਖ਼ੁਫ਼ੀਆ ਜਾਣਕਾਰੀ: ਨਿਊਯਾਰਕ ਟਾਈਮਜ਼



ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਫਿਰ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਬ੍ਰਿਟਿਸ਼ ਕੋਲੰਬੀਆ ਵਿੱਚ 'ਸਿੱਖ ਆਗੂ' ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਉਪਰ ਲਗੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ। ਕੌਮਾਂਤਰੀ ਮਾਹਿਰਾਂ ਦਾ ਕਹਿਣਾ ਹੈ ਕਿ, ਜੇਕਰ ਇਹ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਇਹ ਅੰਤਰਰਾਸ਼ਟਰੀ ਕਾਨੂੰਨ ਦੀ ਘੋਰ ਉਲੰਘਣਾ ਮੰਨੀ ਜਾਵੇਗੀ।

ਅਲਜਜੀਰਾ ਦੀ ਇੱਕ ਰਿਪੋਰਟ ਦੇ ਅਨੁਸਾਰ, ਕੈਨੇਡੀਅਨ ਅੰਤਰਰਾਸ਼ਟਰੀ ਵਕੀਲ ਅਮਾਂਡਾ ਘਰੇਮਨੀ ਦਾ ਕਹਿਣਾ ਹੈ ਕਿ ਕੈਨੇਡਾ ਨੇ ਇਸ ਨਾਲ ਨਜਿੱਠਣ ਲਈ ਜਿਸ ਤਰੀਕੇ ਨਾਲ ਚੋਣ ਕੀਤੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਉਹ ਇਸ ਮਾਮਲੇ ਨੂੰ ਕਿੰਨੀ ਗੰਭੀਰਤਾ ਨਾਲ ਲੈ ਰਿਹਾ ਹੈ।

ਕੈਨੇਡਾ ਦੇ ਸੰਸਦ ਮੈਂਬਰ ਅਤੇ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਮੁਖੀ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਜੇਕਰ ਇਹ ਗਲ ਸੱਚ ਸਾਬਤ ਹੋ ਜਾਂਦੀ ਹੈ, ਤਾਂ ਇਹ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੋਵੇਗੀ।

ਕੈਨੇਡੀਅਨ ਜਨਤਕ ਪ੍ਰਸਾਰਕ ਸੀਬੀਸੀ ਨੇ ਸਰਕਾਰੀ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਭਾਈ ਨਿੱਝਰ ਦੀ ਹੱਤਿਆ ਵਿੱਚ ਭਾਰਤ ਦੀ ਸ਼ਮੂਲੀਅਤ ਸੰਬੰਧੀ ਕੈਨੇਡਾ ਦੇ ਦੋਸ਼, ਓਟਾਵਾ ਦੇ ਫਾਈਵ ਆਈ ਨੈੱਟਵਰਕ ਦੇ ਸਹਿਯੋਗੀਆਂ ਤੋਂ ਮਿਲੀਆਂ ਗੁਪਤ ਸੂਚਨਾਵਾਂ 'ਤੇ ਆਧਾਰਿਤ ਹਨ ।

ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਦੀ ਇੱਕ ਇਕਾਈ ਸੀ.ਬੀ.ਸੀ. ਨਿਊਜ਼ ਦੀ ਰਿਪੋਰਟ ਵਿੱਚ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਕੈਨੇਡਾ ਦੀ ਸਰਕਾਰ ਨੇ ਭਾਈ ਨਿੱਝਰ ਦੀ ਹੱਤਿਆ ਮਾਮਲੇ ਵਿੱਚ ਇੱਕ ਮਹੀਨਾ ਜਾਰੀ ਜਾਂਚ ਦੌਰਾਨ ਖ਼ੁਫ਼ੀਆ ਜਾਣਕਾਰੀ ਜੁਟਾਈ ਹੈ ।ਕੈਨੇਡੀਅਨ ਸਰਕਾਰ ਨਾਲ ਜੁੜੇ ਸੂਤਰਾਂ ਨੇ ਕਿਹਾ ਕਿ ਇਸ ਖ਼ੁਫ਼ੀਆ ਜਾਣਕਾਰੀ ਵਿੱਚ ਕੈਨੇਡਾ ਵਿਖੇ ਮੌਜੂਦ ਭਾਰਤੀ ਰਾਜਦੂਤਾਂ ਦੀ ਅਤੇ ਭਾਰਤੀ ਅਧਿਕਾਰੀਆਂ ਦੀ ਆਪਸ ਵਿੱਚ ਕੀਤੀ ਗਈ ਗੱਲਬਾਤ ਹੈ । ਰਿਪੋਰਟ ਅਨੁਸਾਰ ਖ਼ੁਫ਼ੀਆ ਜਾਣਕਾਰੀ ਕੇਵਲ ਕੈਨੇਡਾ ਤੋਂ ਹੀ ਨਹੀਂ ਮਿਲੀ ਹੈ, ਇਸ ਵਿੱਚ ਕੁਝ ਜਾਣਕਾਰੀ 'ਫਾਈਵ ਆਈਜ਼' ਖ਼ੁਫ਼ੀਆ ਨੈੱਟਵਰਕ ਦੇ ਇਕ ਬਿਨਾਂ ਨਾਂਅ ਦੇ ਸਹਿਯੋਗੀ ਤੋਂ ਮਿਲੀ ਹੈ ।

ਮਾਹਿਰਾਂ ਅਨੁਸਾਰ ਅੰਤਰਰਾਸ਼ਟਰੀ ਅਦਾਲਤ ਵਿੱਚ ਜਾਣ ਤੋਂ ਪਹਿਲਾਂ, ਕੈਨੇਡਾ ਜੇਕਰ ਪੁਖਤਾ ਸਬੂਤ ਭਾਰਤ ਖ਼ਿਲਾਫ਼ ਹਾਸਿਲ ਕਰ ਸਕਿਆ ਤਾਂ ਉਹ ਭਾਰਤ ਤੋਂ ਮੁਆਵਜ਼ੇ ਦੀ ਮੰਗ ਕਰਨ ਲਈ ਦੁਵੱਲੀ ਗੱਲਬਾਤ ਕਰ ਸਕਦਾ ਹੈ ਅਤੇ ਇਸ ਪਵਾਇੰਟ 'ਤੇ ਪਹੁੰਚ ਸਕਦਾ ਹੈ ਕਿ ਭਵਿੱਖ ਵਿੱਚ ਅਜਿਹੀਆਂ ਕਾਰਵਾਈਆਂ ਨਾ ਹੋਣ ਪਰ ਜੇ ਭਾਰਤ ਇਸੇ ਤਰ੍ਹਾਂ ਅੜਿਆ ਰਿਹਾ ਤਾਂ ਇਹ ਮਾਮਲਾ ਅੰਤਰਰਾਸ਼ਟਰੀ ਕੋਰਟ ਵਿੱਚ ਵੀ ਜਾ ਸਕਦਾ ਹੈ।

ਨਿਊਯਾਰਕ ਟਾਈਮਜ਼ ਅਨੁਸਾਰ ਨਿੱਝਰ ਦੇ ਕਤਲ ਤੋਂ ਬਾਅਦ ਅਮਰੀਕੀ ਅਧਿਕਾਰੀਆਂ ਨੇ ਆਪਣੇ ਕੈਨੇਡੀਅਨ ਹਮਰੁਤਬਾ ਨੂੰ ਕਿਹਾ ਕਿ ਵਾਸ਼ਿੰਗਟਨ ਨੂੰ ਇਸ ਸਾਜ਼ਿਸ਼ ਬਾਰੇ ਪਹਿਲਾਂ ਤੋਂ ਕੋਈ ਜਾਣਕਾਰੀ ਨਹੀਂ ਸੀ ਅਤੇ ਜੇਕਰ ਉਨ੍ਹਾਂ ਕੋਲ ਅਜਿਹੀ ਕੋਈ ਜਾਣਕਾਰੀ ਹੁੰਦੀ ਹੈ , ਤਾਂ ਉਹ ਤੁਰੰਤ ਓਟਾਵਾ ਨਾਲ ਸਾਂਝਾ ਕਰਨਗੇ। (ਬਾਕੀ ਸਫ਼ਾ 29 'ਤੇ)

## ਸਿੱਖਾਂ ਦੇ ਕੌਮਾਂਤਰੀ ਉਭਾਰ ਪਿੱਛੇ ਕੀ ਰਾਜ ਹੈ ?

### ਭਾਰਤ ਵਿੱਚ ਹੁੰਦੇ ਸਿੱਖ ਮੌਲਿਕ ਅਧਿਕਾਰਾਂ ਦੇ ਹਨਣ ਦੀ ਗੱਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਭਾਰਨ ਦੀ ਲੋੜ



ਅੰਤਰ ਰਾਸ਼ਟਰੀ ਪੱਧਰ 'ਤੇ ਸਿੱਖਾਂ ਨੂੰ ਲੈ ਕੇ ਜੋ ਤਾਜ਼ਾ ਉਭਾਰ ਹੋਇਆ ਹੈ, ਦਰਅਸਲ ਉਹ ਇਕਦਮ ਜਾਂ ਮਹਿਜ ਭਾਈ ਹਰਦੀਪ ਸਿੰਘ ਨਿੱਝਰ ਹੁਰਾਂ ਦੇ ਮਾਮਲੇ ਕਾਰਨ ਨਹੀਂ ਹੋਇਆ, ਬਲਕਿ ਇਸ ਦੀ ਕੰਨਸੋਅ ਬਹੁਤ ਪਹਿਲਾਂ ਤੋਂ ਆ ਰਹੀ ਸੀ. ਹੁਣ ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਕਿ ਸੰਸਾਰ ਇੱਕ ਨਵੇਂ ਤੇ ਵੱਖਰੀ ਭਾਂਤ ਦੇ ਸ਼ੀਤ ਯੁੱਧ ਵਿੱਚ ਫਸ ਚੁੱਕਾ ਹੈ। ਨੌਮ ਚੌਮਸਕੀ ਤੋਂ ਲੈ ਕੇ ਹੈਨਰੀ ਕਿਸਿੰਗਰ ਤੱਕ ਇਸ ਬਾਰੇ ਸਮੇਂ-ਸਮੇਂ ਤੇ ਟਿੱਪਣੀਆਂ ਕਰਦੇ ਆ ਰਹੇ ਹਨ। ਇਹੀ ਨਹੀਂ ਕਿਸਿੰਗਰ ਤਾਂ ਇਕ ਆਖ਼ਰੀ ਇਸ ਉਮੀਦ ਵਜੋਂ ਇੱਕ ਵਿਚੋਲੀਏ ਦੇ ਰੂਪ ਵਿੱਚ ਚੀਨ ਦਾ ਦੌਰਾ ਵੀ ਕਰ ਚੁੱਕਾ ਹੈ, ਪਰ ਸਮੱਸਿਆ ਦਾ ਕਿਧਰੇ ਕੋਈ ਹੱਲ ਦਿਖਾਈ ਨਹੀਂ ਦੇ ਰਿਹਾ। ਭਾਰਤ ਇਸ ਸਭ ਦੌਰਾਨ ਖੁਦ ਨੂੰ ਜਿਵੇਂ ਵਿਸ਼ਵ ਸ਼ਕਤੀ ਦੇ ਬਿਰਤਾਂਤਕ ਰੂਪ ਵਿੱਚ ਪੇਸ਼ ਕਰ ਰਿਹਾ ਹੈ, ਪੁਰਾਣੀਆਂ ਸੱਤਾਵਾਂ ਉਸ ਨਾਲ ਵੀ ਖਾਸ ਸਹਿਜ ਰੂਪ ਵਿੱਚ ਨਹੀਂ ਹਨ। ਅਮਰੀਕਨ ਰਾਸ਼ਟਰਪਤੀ ਬਾਇਡਨ ਦਾ ਜੀ 20 ਵਿਚਲਾ ਰਵੱਈਆ ਤੇ ਜਿੰਨਪਿੰਗ ਦਾ ਰੁੱਖਾਪਣ ਸਾਬਤ ਕਰਦਾ ਕਿ ਭਾਰਤ ਦੀਆਂ ਨਵੀਆਂ ਭੂਗੋਲਿਕ ਹੱਦਬੰਦੀਆਂ ਜ਼ਿਆਦਾ ਦੂਰ ਨਹੀਂ ਹਨ। ਇਸ ਲਈ ਸਿੱਖਾਂ ਨੂੰ ਦੋਵੇਂ ਧਿਰਾਂ ਆਪਣੇ ਪੱਖ ਵਿੱਚ ਰੱਖਣਾ ਚਾਹੁੰਦੀਆਂ ਹਨ। ਇਸ ਦੇ ਕਈ ਢੁਕਵੇਂ ਕਾਰਨ ਵੀ ਹਨ। ਪਿਛਲੇ ਦੋ ਮਹੀਨੇ ਦੀ ਅਮਰੀਕਾ ਦੀਆਂ ਅਹਿਮ ਅਖ਼ਬਾਰਾਂ ਨਿਊਯਾਰਕ ਟਾਈਮਜ਼, ਵਸ਼ਿੰਗਟਨ ਟਾਈਮਜ਼, ਚੀਨ ਦੀ ਸਰਕਾਰੀ ਅਖ਼ਬਾਰ ਗਲੋਬਲ ਟਾਈਮਜ਼, ਰੂਸ ਦੀ ਆਰਟੀ ਇੰਟਰਨੈਸ਼ਨਲ ਸਿੱਖਾਂ ਨੂੰ ਖਾਸ ਥਾਂ ਦੇ ਰਹੀ ਹੈ।

ਪਿਛਲੇ ਲੰਮੇ ਸਮੇਂ ਤੋਂ ਸਿੱਖ ਆਪਣੀ ਅਜ਼ਾਦੀ ਤੇ ਵੱਖਰੇ ਦੇਸ਼ ਦੀ ਮੰਗ ਨੂੰ ਲੈ ਕੇ ਲਗਾਤਾਰ ਵਿਸ਼ਵ ਭਾਈਚਾਰੇ ਸਾਹਮਣੇ ਆਪਣੀ ਗੱਲ ਰੱਖ ਰਹੇ ਹਨ। ਪੰਥਕ ਹਲਕਿਆਂ ਵਿੱਚ ਕੁੱਝ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਰੈਫਰੈਂਡਮ ਜਿਹੇ ਮੁੱਦੇ ਬਾਰੇ ਸਾਡੇ ਲੋਕਾਂ ਅੰਦਰ ਕਈ ਤਰ੍ਹਾਂ ਦੀਆਂ ਧਾਰਨਾਵਾਂ ਹੋਣਗੀਆਂ ਪਰ ਇਹ ਗੱਲ ਸਮਝਣੀ ਕਦੀ ਵੀ ਮੁਸ਼ਕਲ ਨਹੀਂ ਹੈ ਕਿ ਜੇਕਰ ਕੋਸੋਵੋ ਜਿਹੇ ਨਿੱਕੇ ਜਿਹੇ ਮੁਲਕ ਅੰਦਰਲੀ ਰਾਏ-ਸ਼ੁਮਾਰੀ ਪ੍ਰਤੀ ਵਿਸ਼ਵ ਭਾਈਚਾਰਾ ਆਪਣਾ ਧਿਆਨ ਕੇਂਦਰਿਤ ਕਰ ਸਕਦਾ ਹੈ ਤਾਂ ਸੰਸਾਰ ਭਰ ਵਿੱਚ ਫੈਲੇ ਸਿੱਖ ਭਾਈਚਾਰੇ ਬਾਰੇ ਉਹ ਅੱਖਾਂ ਕਿਵੇਂ ਮੀਚ ਸਕਦਾ ਹੈ ? ਖਾਸ ਕਰ ਉਸ ਵਕਤ ਜਦੋਂ ਕੂਟਨੀਤਕ ਤੇ ਰਾਜਨੀਤਕ ਤੌਰ ਤੇ ਸਿੱਖ ਵਿਸ਼ਵ ਭਾਈਚਾਰੇ ਦੇ ਸਨਮੁਖ ਹਨ ?

ਅਮਰੀਕਾ ਅਤੇ ਚੀਨ ਪਿਛਲੇ ਕੁਝ ਸਾਲਾਂ ਤੋਂ ਜਿਨ੍ਹਾਂ ਵਿਸ਼ਿਆਂ ਵਿੱਚ ਲਗਭਗ ਇੱਕ ਰਾਏ ਰੱਖਦੇ ਹਨ, ਸਿੱਖ ਉਨ੍ਹਾਂ ਵਿੱਚ ਸ਼ਾਮਲ ਹਨ. ਇਹੀ ਕਾਰਨ ਹੈ ਕਿ ਜਿੱਥੇ ਚੀਨ ਲਦਾਖ ਅਤੇ ਤਿੱਬਤ ਖੇਤਰ ਵਿੱਚ ਸਿੱਖ ਭੂਮਿਕਾ ਨੂੰ ਸਮਰਥਨ ਦੇ ਰਿਹਾ ਹੈ, ਉੱਥੇ ਹੀ ਅਮਰੀਕਾ ਭਾਰਤ ਨਾਲ ਸਿੱਖਾਂ ਦੇ ਸੰਬੰਧਾਂ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ। ਪਰ ਇੱਥੇ ਸਿੱਖਾਂ ਲਈ ਇੱਕ ਸਮਝਣ ਵਾਲੀ ਗੱਲ ਇਹ ਜ਼ਰੂਰ ਹੈ ਕਿ (ਬਾਕੀ ਸਫ਼ਾ 29 'ਤੇ)

## ਮੋਦੀ ਦੇ ਵਿਕਾਸ ਦੇ ਦਾਅਵੇ ਝੂਠੇ

# ਸਿਰਫ਼ ਅਰਬਪਤੀਆਂ ਦੀ ਦੌਲਤ ਵਿੱਚ 46 ਫ਼ੀਸਦੀ ਦਾ ਹੋਇਆ ਵਾਧਾ

### ਆਮ ਜਨਤਾ ਦੀ ਬੱਚਤ ਪਿਛਲੇ 50 ਸਾਲਾਂ ਦੇ ਨੀਵੇਂ ਪੱਧਰ ਤੱਕ ਪੁੱਜੀ



ਨਵੀਂ ਦਿੱਲੀ/ਏ.ਟੀ.ਨਿਊਜ਼ : ਜੀ-20 ਦਿੱਲੀ ਸਿਖਰ ਸੰਮੇਲਨ ਦੇ ਐਲਾਨਨਾਮੇ ਵਿੱਚ ਮੋਦੀ ਸਰਕਾਰ ਵੱਲੋਂ ਕਿਹਾ ਗਿਆ ਸੀ ਕਿ ਅਸੀਂ ਅਜਿਹਾ ਸਮਾਵੇਸ਼ੀ ਵਿਕਾਸ ਮਾਡਲ ਅਪਣਾਵਾਂਗੇ ਜਿਸ ਨਾਲ ਗਰੀਬੀ ਦਾ ਖਾਤਮਾ ਹੋ ਜਾਵੇਗਾ। ਇਸ ਦਾਅਵੇ ਦਾ ਸੱਚ ਇਹ ਹੈ ਕਿ 2022 ਵਿੱਚ ਦੇਸ਼ ਦੇ ਅਰਬਪਤੀਆਂ ਦੀ ਦੌਲਤ ਵਿੱਚ 46 ਫ਼ੀਸਦੀ ਦਾ ਵਾਧਾ ਹੋਇਆ, ਜਦੋਂ ਕਿ ਆਮ ਜਨਤਾ ਦੀ ਬੱਚਤ ਪਿਛਲੇ 50 ਸਾਲਾਂ ਦੇ ਨੀਵੇਂ ਪੱਧਰ ਤੱਕ ਪੁੱਜ ਚੁੱਕੀ ਹੈ। ਆਰਥਿਕ ਅਸਮਾਨਤਾ ਦੀ ਹਾਲਤ ਇਹ ਹੈ ਕਿ ਸਿਰਫ਼ 5 ਫ਼ੀਸਦੀ ਅਮੀਰਾਂ ਕੋਲ ਦੇਸ਼ ਦੀ 60 ਫ਼ੀਸਦੀ ਦੌਲਤ ਹੈ ਤੇ ਦੂਜੇ ਪਾਸੇ ਆਮ ਅਬਾਦੀ ਵਾਲੇ ਪਰਵਾਰਾਂ ਦੀ ਬੱਚਤ 2022-23 ਵਿੱਚ ਜੀ ਡੀ ਪੀ ਦੇ 5.1 ਫ਼ੀਸਦੀ ਤੱਕ ਸਿਮਟ ਗਈ ਹੈ। ਇਸ ਤੋਂ ਪਹਿਲੇ ਸਾਲ ਇਹ 7.2 ਫੀਸਦੀ ਤੇ ਉਸ ਤੋਂ ਪਹਿਲੇ ਸਾਲ 11.5 ਫੀਸਦੀ ਸੀ।

ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਰਿਪੋਰਟ ਮੁਤਾਬਕ ਘਰੇਲੂ ਬੱਚਤ ਘੱਟ ਹੋਣ ਨਾਲ ਆਮ ਪਰਿਵਾਰਾਂ ਉੱਤੇ ਵਿੱਤੀ ਬੋਝ ਵੀ ਵਧ ਰਿਹਾ ਹੈ। ਇਹ ਬੋਝ ਪਿਛਲੇ ਵਰ੍ਹੇ 3.8 ਫ਼ੀਸਦੀ ਤੋਂ ਵਧ ਕੇ 5.8 ਫ਼ੀਸਦੀ ਹੋ ਚੁੱਕਾ ਹੈ। ਇੱਕ ਪਾਸੇ ਬੱਚਤ ਵਿੱਚ ਕਮੀ ਤੇ ਦੂਜੇ ਪਾਸੇ ਮਹਿੰਗਾਈ ਤੇ ਵਧੇ ਖ਼ਰਚਿਆਂ ਨੇ ਦੇਸ਼ ਦੇ ਮੱਧ-ਵਰਗ ਤੇ ਗਰੀਬ ਪਰਿਵਾਰਾਂ ਦਾ ਲੱਕ ਤੋੜ ਦਿੱਤਾ ਹੈ। ਇਸ ਰਿਪੋਰਟ ਦੇ ਪ੍ਰਕਾਸ਼ਤ ਹੋਣ ਤੋਂ ਬਾਅਦ ਵਿੱਤ ਵਿਭਾਗ ਨੇ ਸਪੱਸ਼ਟੀਕਰਨ ਦਿੱਤਾ ਕਿ ਅਰਥਵਿਵਸਥਾ ਦੀ ਹਾਲਤ ਅਜਿਹੀ ਨਹੀਂ ਹੈ, ਜਿਸ ਤਰ੍ਹਾਂ ਦੀ ਰਿਪੋਰਟ ਵਿੱਚ ਦੱਸੀ ਗਈ ਹੈ। ਉਸ ਨੇ ਕਿਹਾ ਕਿ ਅਸਲ ਵਿੱਚ ਮੱਧ-ਵਰਗੀ ਪਰਵਾਰ ਕਾਰਾਂ ਤੇ ਘਰ ਖਰੀਦ ਰਹੇ ਹਨ, ਇਸ ਕਰਕੇ ਇਹ ਅੰਕੜੇ ਆਏ ਹਨ ਪਰ ਜਿਹੜੇ ਅੰਕੜੇ ਵਿੱਤ ਵਿਭਾਗ ਵੱਲੋਂ ਜਾਰੀ ਕੀਤੇ ਗਏ ਹਨ, ਉਹ ਤਾਂ ਮੱਧ ਵਰਗ ਦੀ ਬਦਹਾਲੀ ਨੂੰ ਹੀ ਪ੍ਰਗਟ ਕਰ ਕਰ ਰਹੇ ਹਨ। ਵਿੱਤ ਵਿਭਾਗ ਅਨੁਸਾਰ 2020-21 ਵਿੱਚ ਇਨ੍ਹਾਂ ਪਰਵਾਰਾਂ ਨੇ 22.8 ਲੱਖ ਕਰੋੜ ਦੀਆਂ ਜਾਇਦਾਦਾਂ ਖ਼ਰੀਦੀਆਂ ਸਨ, 2021-22 ਵਿੱਚ ਇਹ ਅੰਕੜਾ ਘਟ ਕੇ 17 ਲੱਖ ਕਰੋੜ ਤੇ 2022-23 ਵਿੱਚ 13.8 ਲੱਖ ਕਰੋੜ ਤੱਕ ਪੁੱਜ ਗਿਆ ਹੈ।

ਜਿਥੋਂ ਤਕ ਬੇਰੁਜ਼ਗਾਰੀ ਦੀ ਗੱਲ ਹੈ, ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ 25 ਸਾਲ ਤੱਕ ਦੇ ਗ੍ਰੈਜੂਏਟਾਂ ਦੀ ਬੇਰੁਜ਼ਗਾਰੀ ਦਰ 42.3 ਫ਼ੀਸਦੀ, 25 ਤੋਂ 29 ਤੱਕ ਦੇ ਗ੍ਰੈਜੂਏਟਾਂ ਤੇ ਉੱਚ ਵਿੱਦਿਆ ਪ੍ਰਾਪਤ ਦੀ ਬੇਰੁਜ਼ਗਾਰੀ ਦਰ 22.8 ਫ਼ੀਸਦੀ ਤੇ 25 ਸਾਲ ਦੀ ਉਮਰ ਤੋਂ ਘੱਟ ਵਾਲੇ ਸੈਕੰਡਰੀ ਪਾਸ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 21.4 ਫ਼ੀਸਦੀ ਤੱਕ ਪੁੱਜ ਚੁੱਕੀ ਹੈ। ਖੇਤੀ ਖੇਤਰ ਵਿੱਚ ਔਰਤਾਂ ਦੀ ਹਿੱਸੇਦਾਰੀ ਵੀ ਘੱਟ ਹੋ ਰਹੀ ਹੈ। ਸੰਨ 2022 ਵਿੱਚ ਖੇਤੀ ਖੇਤਰ ਵਿੱਚ 69.1 ਫ਼ੀਸਦੀ ਔਰਤਾਂ ਦੀ ਹਿੱਸੇਦਾਰੀ ਸੀ ਜਦੋਂ ਕਿ ਇਸ ਤੋਂ ਪਹਿਲੇ ਸਾਲ ਇਹ 72.4 ਫ਼ੀਸਦੀ ਸੀ।

ਹੁਣੇ ਜਿਹੇ ਜਰਮਨੀ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਭਰਮਾਊ ਵਾਅਦਿਆਂ ਰਾਹੀਂ ਸੱਤਾ ਵਿੱਚ ਆਈਆਂ ਸਰਕਾਰਾਂ ਅਰਥਵਿਵਸਥਾ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਇਸ ਅਧਿਐਨ ਵਿੱਚ 1900 ਤੋਂ ਲੈ ਕੇ 2020 ਤੱਕ 50 ਦੇਸ਼ਾਂ ਦੀਆਂ ਸਰਕਾਰਾਂ ਦੀਆਂ ਅਰਥਵਿਵਸਥਾ ਸੰਬੰਧੀ ਨੀਤੀਆਂ ਦੀ ਪੜਚੋਲ ਕੀਤੀ ਗਈ ਹੈ। ਅਧਿਐਨ ਮੁਤਾਬਕ ਅਜਿਹੀਆਂ ਸਰਕਾਰਾਂ 15 ਸਾਲਾਂ ਵਿੱਚ ਹੀ ਦੇਸ਼ ਦੀ ਅਰਥਵਿਵਸਥਾ ਤੇ ਜੀਵਨ ਪੱਧਰ ਨੂੰ 10 ਫ਼ੀਸਦੀ ਹੇਠਾਂ ਡੇਗ ਦਿੰਦੀਆਂ ਹਨ।

ਅਧਿਐਨ ਵਿੱਚ ਕਿਹਾ ਹੈ ਕਿ ਇਸ ਸਮੇਂ ਦੁਨੀਆਂ ਦੇ 25 ਫ਼ੀਸਦੀ ਤੋਂ ਵੱਧ ਦੇਸ਼ਾਂ ਵਿੱਚ ਅਜਿਹੀਆਂ ਸਰਕਾਰਾਂ ਹਨ। ਇਹ ਸਰਕਾਰਾਂ ਆਮ ਨਾਲੋਂ ਵੱਧ ਸਮੇਂ ਤੱਕ ਰਾਜ ਕਰਦੀਆਂ ਹਨ। ਇਹ ਸੰਵਿਧਾਨਕ ਤੇ ਵਿੱਤੀ ਸੰਸਥਾਵਾਂ ਨੂੰ ਗੁਲਾਮ ਬਣਾ ਲੈਂਦੀਆਂ ਹਨ। ਇਹੋ ਹੀ ਭਾਰਤ ਵਿੱਚ ਹੋ ਰਿਹਾ ਹੈ

## ਅਰਬਾਂ ਦੀ ਦੌਲਤ, ਪਰ ਵਾਰਸ ਕੌਣ ?

### ਭਾਰਤ ਦੇ ਕਈ ਵੱਡੇ ਉਦਯੋਗਪਤੀਆਂ ਨੇ ਅਗਲੀ ਪੀੜ੍ਹੀ ਨੂੰ ਸੌਂਪਣੀ ਹੈ ਵਾਗਡੋਰ



ਭਾਰਤ ਦੇ ਕਈ ਵੱਡੇ ਉਦਯੋਗਪਤੀ ਹੁਣ ਉਮਰ ਦੇ ਅਜਿਹੇ ਪੜਾਅ 'ਤੇ ਪਹੁੰਚ ਗਏ ਹਨ ਜਿੱਥੇ ਉਨ੍ਹਾਂ ਨੂੰ ਅਗਲੀ ਪੀੜ੍ਹੀ ਨੂੰ ਵਾਗਡੋਰ ਸੌਂਪਣੀ ਪੈਂਦੀ ਹੈ। ਜੇਕਰ ਉਹ ਸਪੱਸ਼ਟ ਉਤਰਾਧਿਕਾਰੀ ਯੋਜਨਾ ਨਹੀਂ ਬਣਾਉਂਦੇ ਤਾਂ ਆਉਣ ਵਾਲੀ ਪੀੜ੍ਹੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੇਸ਼ ਵਿੱਚ ਕੁਝ ਅਜਿਹੇ ਉਦਯੋਗਪਤੀ ਹਨ ਜਿਨ੍ਹਾਂ ਦੀ ਉਤਰਾਧਿਕਾਰੀ ਦੀ ਯੋਜਨਾ ਨੂੰ ਦੇਖਿਆ ਜਾ ਰਿਹਾ ਹੈ । ਸਭ ਦੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਇਹ ਕਾਰੋਬਾਰੀ ਆਗੂ ਅਗਲੀ ਪੀੜ੍ਹੀ ਨੂੰ ਵਾਗਡੋਰ ਕਿਵੇਂ ਸੌਂਪਣਗੇ।

ਜ਼ਿਕਰ ਯੋਗ ਹੈ ਕਿ ਰਿਲਾਇੰਸ ਇੰਡਸਟਰੀਜ਼ ਦੇ ਸੰਸਥਾਪਕ ਧੀਰੂਭਾਈ ਅੰਬਾਨੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰਾਂ ਮੁਕੇਸ਼ ਅੰਬਾਨੀ ਅਤੇ ਅਨਿਲ ਅੰਬਾਨੀ ਵਿਚਕਾਰ ਸਰਵਉੱਚਤਾ ਦੀ ਲੜਾਈ ਸ਼ੁਰੂ ਹੋ ਗਈ ਸੀ। ਆਖਰਕਾਰ ਉਨ੍ਹਾਂ ਦੀ ਮਾਂ ਦੇ ਦਖਲ ਤੋਂ ਬਾਅਦ ਕਾਰੋਬਾਰ ਨੂੰ ਦੋਵਾਂ ਭਰਾਵਾਂ ਵਿੱਚ ਵੰਡਣਾ ਪਿਆ। ਮੁਕੇਸ਼ ਅੰਬਾਨੀ ਇਹ ਯਕੀਨੀ ਬਣਾਉਣ ਲਈ ਪੂਰੇ ਕਦਮ ਚੁੱਕ ਰਹੇ ਹਨ ਕਿ ਭਵਿੱਖ ਵਿੱਚ ਅਜਿਹਾ ਨਾ ਹੋਵੇ। ਇਸੇ ਤਰ੍ਹਾਂ ਕਈ ਹੋਰ ਸਨਅਤਕਾਰ ਵੀ ਹਨ ਜਿਨ੍ਹਾਂ ਦੇ ਉਤਰਾਧਿਕਾਰੀ 'ਤੇ ਨਜ਼ਰ ਰੱਖੀ ਜਾ ਰਹੀ ਹੈ।

**ਉਦੈ ਕੋਟਕ** : ਦੇਸ਼ ਦੇ ਤੀਜੇ ਸਭ ਤੋਂ ਵੱਡੇ ਨਿੱਜੀ ਬੈਂਕ ਕੋਟਕ ਮਹਿੰਦਰਾ ਬੈਂਕ ਦੇ ਸੰਸਥਾਪਕ ਉਦੈ ਕੋਟਕ ਨੇ ਹਾਲ ਹੀ ਵਿੱਚ ਐਮਡੀ ਅਤੇ ਸੀਈਓ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਫਿਲਹਾਲ, ਪੇਸ਼ੇਵਰ ਬੈਂਕ ਦਾ ਚਾਰਜ ਸੰਭਾਲਣਗੇ। ਕੋਟਕ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੁੱਤਰ ਜੈ ਕੋਟਕ ਦੀ ਤਾਜਪੋਸ਼ੀ ਬੋਰਡ 'ਤੇ ਨਿਰਭਰ ਕਰੇਗੀ। ਕੋਟਕ ਦੇ ਛੋਟੇ ਬੇਟੇ ਧਵਲ ਨੇ ਪਿਛਲੇ ਸਾਲ ਕੋਲੰਬੀਆ ਬਿਜ਼ਨਸ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ। ਉਦੈ ਕੋਟਕ ਨੇ ਕਰੀਬ ਚਾਰ ਦਹਾਕਿਆਂ ਤੱਕ ਬੈਂਕ ਦੀ ਕਮਾਨ ਸੰਭਾਲੀ।

**ਆਨੰਦ ਮਹਿੰਦਰਾ** : ਆਨੰਦ ਮਹਿੰਦਰਾ 1.9 ਲੱਖ ਕਰੋੜ ਰੁਪਏ ਦੀ ਮਾਰਕੀਟ ਵਾਲੇ ਮਹਿੰਦਰਾ ਐਂਡ ਮਹਿੰਦਰਾ ਗਰੁੱਪ ਦੇ ਚੇਅਰਮੈਨ ਹਨ। ਇਸ ਸਮੂਹ ਦਾ ਕਾਰੋਬਾਰ ਆਟੋਮੋਬਾਈਲ, ਖੇਤੀਬਾੜੀ, ਆਈਟੀ ਅਤੇ ਏਰੋਸਪੇਸ ਸਮੇਤ ਕਈ ਖੇਤਰਾਂ ਵਿੱਚ ਫੈਲਿਆ ਹੋਇਆ ਹੈ। ਆਨੰਦ ਮਹਿੰਦਰਾ ਦੀਆਂ ਦੋ ਧੀਆਂ ਹਨ, ਜਿਨ੍ਹਾਂ ਵਿੱਚੋਂ ਕੋਈ ਵੀ ਇਸ ਸਮੇਂ ਗਰੁੱਪ ਵਿੱਚ ਲੀਡਰਸ਼ਿਪ ਦੇ ਅਹੁਦੇ 'ਤੇ ਨਹੀਂ ਹੈ।

**ਕਿਰਨ ਮਜ਼ੂਮਦਾਰ ਸ਼ਾਅ** : ਕਿਰਨ ਮਜ਼ੂਮਦਾਰ ਸ਼ਾਅ ਦੇ ਕੋਈ ਬੱਚਾ ਨਹੀਂ ਹੈ। ਉਸ ਦੇ ਪਤੀ ਦਾ ਪਿਛਲੇ ਸਾਲ ਦਿਹਾਂਤ ਹੋ ਗਿਆ ਸੀ। ਸ਼ਾਅ ਨੇ ਅਜੇ ਤੱਕ ਕੰਪਨੀ ਵਿੱਚ ਉਤਰਾਧਿਕਾਰ ਬਾਰੇ ਕੋਈ ਗੱਲ ਨਹੀਂ ਕੀਤੀ ਹੈ। ਬੈਂਗਲੂਰੂ ਸਥਿਤ ਬਾਇਓਟੈਕ ਕੰਪਨੀ ਬਾਇਓਕਾਨ ਦੀ ਸੰਸਥਾਪਕ ਸ਼ਾਅ ਨੂੰ (**ਬਾਕੀ ਸਫ਼ਾ 30 'ਤੇ**)


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਭਾਰਤ ਦੇ ਵੱਖ-ਵੱਖ ਸੂਬਿਆਂ ’ਚ ਵਸਦੇ ਨੇ ‘ਮਿੰਨੀ ਪੰਜਾਬ’



☛ ਪੰਜਾਬ ਦਾ ਭਲਾ ਲੋਚਦੇ ਹਨ ਵੱਖ-ਵੱਖ ਸੂਬਿਆਂ ’ਚ ਰਹਿੰਦੇ ਸਿੱਖ

☛ ਪੰਜਾਬ ਦੀ ਹਰ ਘਟਨਾ ਦਾ ਦੂਜੇ ਸੂਬਿਆਂ ’ਚ ਰਹਿੰਦੇ ਸਿੱਖਾਂ ’ਤੇ ਹੁੰਦੇ ਅਸਰ



ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਤੋਂ ਇਲਾਵਾ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਵੱਡੀ ਗਿਣਤੀ ਸਿੱਖ ਰਹਿ ਰਹੇ ਹਨ, ਜੋ ਕਿ ਹਰ ਵੇਲੇ ਹੀ ਪੰਜਾਬ ਦਾ ਭਲਾ ਲੋਚਦੇ ਹਨ। ਖਾਸ ਗਲ ਇਹ ਹੈ ਕਿ ਪੰਜਾਬ ਵਿੱਚ ਵਾਪਰਦੀ ਹਰ ਘਟਨਾ ਦਾ ਦੂਜੇ ਸੂਬਿਆਂ ’ਚ ਰਹਿੰਦੇ ਸਿੱਖਾਂ ਉਪਰ ਕਿਸੇ ਨਾ ਕਿਸੇ ਤਰੀਕੇ ਨਾਲ ਅਸਰ ਜ਼ਰੂਰ ਹੁੰਦਾ ਹੈ, ਇਸੇ ਕਾਰਨ ਦੂਜੇ ਸੂਬਿਆਂ ਵਿੱਚ ਰਹਿੰਦੇ ਸਿੱਖ ਪੰਜਾਬ ਵਿੱਚ ਹਮੇਸ਼ਾ ਹੀ ਅਮਨ-ਸ਼ਾਂਤੀ ਰਹਿਣ ਦੀ ਅਰਦਾਸ ਕਰਦੇ ਹਨ। ਵੱਖ ਵੱਖ ਸੂਬਿਆਂ ’ਚ ਵਸਦੇ ਸਿੱਖਾਂ ਨੇ ਉਥੇ ‘ਮਿੰਨੀ ਪੰਜਾਬ’ ਵਸਾਏ ਹੋਏ ਹਨ ਅਤੇ ਸਿੱਖਾਂ ਦੀ ਬਹੁਗਿਣਤੀ ਵਾਲੇ ਇਲਾਕਿਆਂ ਨੂੰ ਉਥੋਂ ਦੇ ਲੋਕ ‘ਮਿੰਨੀ ਪੰਜਾਬ’ ਕਹਿੰਦੇ ਹਨ।

ਕਿਹਾ ਜਾਂਦਾ ਹੈ ਕਿ ਸਿੱਖ ਭਾਵੇਂ ਕਿਸੇ ਵੀ ਸੂਬੇ ਜਾਂ ਦੇਸ਼ ਵਿੱਚ ਰਹਿੰਦੇ ਹੋਣ ਉਹਨਾਂ ਦੇ ਪੇਕੇ ਪੰਜਾਬ ਵਿੱਚ ਹੀ ਹੁੰਦੇ ਹਨ। ਇਹੋ ਹਾਲ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਸਿੱਖਾਂ ਦਾ ਹੈ। ਉਹਨਾਂ ਦੀਆਂ ਵੱਡੀ ਗਿਣਤੀ ਰਿਸ਼ਤੇਦਾਰੀਆਂ ਪੰਜਾਬ ਵਿੱਚ ਰਹਿੰਦੇ ਲੋਕਾਂ ਨਾਲ ਹਨ ਅਤੇ ਦੂਜੇ ਸੂਬਿਆਂ ’ਚ ਰਹਿੰਦੇ ਸਿੱਖਾਂ ਵੱਲੋਂ ਆਪਣੇ ਬੱਚਿਆਂ ਦੇ ਵਿਆਹ ਪੰਜਾਬ ’ਚ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਹੁਣ ਪੰਜਾਬ ਵਾਂਗ ਹੀ ਦੂਜੇ ਸੂਬਿਆਂ ’ਚ ਰਹਿੰਦੇ ਸਿੱਖ ਵੀ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲੱਗ ਪਏ ਹਨ, ਜਿਸ ਕਰਕੇ ਵਿਦੇਸ਼ ਜਾਣ ਦਾ ਰੁਝਾਨ ਵੱਖ ਵੱਖ ਸੂਬਿਆਂ ’ਚ ਰਹਿੰਦੇ ਸਿੱਖਾਂ ਵੀ ਵੇਖਿਆ ਜਾ ਰਿਹਾ ਹੈ।

ਵੱਖ- ਵੱਖ ਸੂਬਿਆਂ ’ਚ ਰਹਿੰਦੇ ਸਿੱਖਾਂ ਸਬੰਧੀ ਖੋਜ ਕਰਨ ’ਤੇ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਇਹ ਲੋਕ ਹੁਣ ਸਿਆਸੀ ਤੌਰ ’ਤੇ ਵੀ ਸੁਚੇਤ ਅਤੇ ਜਾਗਰੂਕ ਹੋ ਚੁੱਕੇ ਹਨ ਅਤੇ ਬਹੁਤ ਸੋਚ ਸਮਝ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋ ਕਰਦੇ ਹਨ। ਕਈ ਸੂਬਿਆਂ ’ਚ ਤਾਂ ਇਹ ਹਾਲ ਹੈ ਕਿ ਪੰਜਾਬੀਆਂ ਤੇ ਸਿੱਖਾਂ ਦੀਆਂ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਪਰ ਦੁੱਖ ਦੀ ਗਲ ਇਹ ਹੈ ਕਿ ਵੱਡੀ ਗਿਣਤੀ ਸਿਆਸੀ ਲੋਕਾਂ ਨੇ ਇਹਨਾਂ ਨੂੰ ਆਪਣਾ ਵੋਟ ਬੈਂਕ ਬਣਾਉਣ ਤਕ ਹੀ ਸੀਮਿਤ ਕਰ ਰਖਿਆ ਹੈ ਅਤੇ ਇਹਨਾਂ ਪੰਜਾਬੀਆਂ ਨੂੰ ਸਿਆਸੀ ਪਾਰਟੀਆਂ ਵਿੱਚ ਬਹੁਤ ਘੱਟ ਨੁਮਾਇੰਦਗੀ ਦਿੱਤੀ ਜਾਂਦੀ ਹੈ। ਭਾਵੇਂ ਕਿ ਕਈ ਸੂਬਿਆਂ ਵਿੱਚ ਪੰਜਾਬੀ/ ਸਿੱਖ ਅਹਿਮ ਅਹੁਦਿਆਂ ’ਤੇ ਵੀ ਤੈਨਾਤ ਹਨ, ਪਰ ਇਹਨਾਂ ਅਹੁਦਿਆਂ ’ਤੇ ਉਹ ਆਪਣੀ ਮਿਹਨਤ ਨਾਲ ਪਹੁੰਚੇ ਹਨ। ਪੰਜਾਬ ਵਿੱਚ ਜਦੋਂ ਵੀ ਪਰਵਾਸੀ ਸਿੱਖਾਂ ਦੀ ਗੱਲ ਹੁੰਦੀ ਹੈ ਤਾਂ ਅਕਸਰ ਵੱਖ-ਵੱਖ ਦੇਸ਼ਾਂ ’ਚ ਰਹਿੰਦੇ ਐਨ.ਆਰ.ਆਈ. ਪੰਜਾਬੀਆਂ ਤਕ ਸੀਮਿਤ ਹੁੰਦੀ ਹੈ ਅਤੇ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਸਿੱਖ ਅਣਗੌਲੇ ਰਹਿ ਜਾਂਦੇ ਹਨ। ਜਿਸ ਕਾਰਨ ਇਹਨਾਂ ਸੂਬਿਆਂ ’ਚ ਰਹਿੰਦੇ ਸਿੱਖਾਂ ਦੀਆਂ ਮੰਗਾਂ ਪੂਰੀਆਂ ਹੋਣ ਦੀ ਥਾਂ ਅਕਸਰ ਲਟਕਦੀਆਂ ਰਹਿੰਦੀਆਂ ਹਨ।



1984 ਦੇ ਦੁਖਾਂਤ ਤੋਂ ਬਾਅਦ ਭਾਵੇਂ ਭਾਰਤ ਦੇ ਵੱਖ-ਵੱਖ ਸੂਬਿਆਂ ’ਚ ਰਹਿੰਦੇ ਸਿੱਖਾਂ ਵਿਚੋਂ ਵੱਡੀ ਗਿਣਤੀ ਲੋਕ ਪੰਜਾਬ ਵਿੱਚ ਆ ਕੇ ਰਹਿਣ ਲੱਗ ਪਏ ਹਨ ਪਰ ਅਜੇ ਵੀ ਵੱਖ- ਵੱਖ ਸੂਬਿਆਂ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਰਹਿ ਰਹੇ ਹਨ। (**ਬਾਕੀ ਸਫ਼ਾ 30 ’ਤੇ**)

## 2011 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੇ ਵੱਖ-ਵੱਖ ਸੂਬਿਆਂ ’ਚ ਸਿੱਖਾਂ ਦੀ ਗਿਣਤੀ

ਪੰਜਾਬ : 16,004,754 (57.69%)
ਹਰਿਆਣਾ : 1,243,752 (4.91%)
ਰਾਜਸਥਾਨ : 872,930 (1.27%)
ਉੱਤਰ ਪ੍ਰਦੇਸ਼: 643,500 (0.32%)
ਦਿੱਲੀ: 570,581 (3.4%)
ਉੱਤਰਾਖੰਡ: 236,340 (2.34%)
ਜੰਮੂ ਅਤੇ ਕਸ਼ਮੀਰ : 232,585 (.9%)
ਮਹਾਰਾਸ਼ਟਰ : 223,247(0.2%)
ਮੱਧ ਪ੍ਰਦੇਸ਼ : 151,412 (0.21%)
ਚੰਡੀਗੜ੍ਹ : 138,329 (13.11%)
ਹਿਮਾਚਲ ਪ੍ਰਦੇਸ਼ : 79,896 (1.16%)
ਝਾਰਖੰਡ : 71,422 (0.22%)
ਛੱਤੀਸਗੜ੍ਹ : 70,036 (0.27%)
ਪੱਛਮੀ ਬੰਗਾਲ : 63,523 (0.07%)
ਗੁਜਰਾਤ : 58,246 (0.1%)
ਤੇਲੰਗਾਨਾ : 30,340 (0.09%)
ਕਰਨਾਟਕ : 28,773 (0.05%)
ਬਿਹਾਰ : 23,779 (0.02%)
ਓਡੀਸ਼ਾ : 21,991 (0.05%)
ਅਸਾਮ : 20,672 (0.07%)
ਤਾਮਿਲਨਾਡੂ : 14,601 (0.02%)
ਆਂਧਰਾ ਪ੍ਰਦੇਸ਼ : 9,904 (0.02%)
ਕੇਰਲ : 3,814 (0.01%)
ਅਰੁਣਾਚਲ ਪ੍ਰਦੇਸ਼ : 3,287 (0.24%)
ਮੇਘਾਲਿਆ : 3,045 (0.1%)
ਲਦਾਖ : 2,263 (0.83%)
ਨਾਗਾਲੈਂਡ : 1,890 (0.1%)
ਸਿੱਕਮ : 1,868 (0.31%)
ਮਣੀਪੁਰ : 1,527 (0.05%)
ਗੋਆ : 1,473 (0.1%)
ਅੰਡੇਮਾਨ ਅਤੇ ਨਿਕੋਬਾਰ ਟਾਪੂ : 1,286 (0.34%)
ਤ੍ਰਿਪੁਰਾ : 1,070 (0.03%)
ਦਾਦਰਾ, ਨਗਰ ਹਵੇਲੀ ਅਤੇ ਦਮਨ ਅਤੇ ਦੀਉ : 389 (0.07%)
ਪੁਡੂਚੇਰੀ : 297 (0.02%)
ਮਿਜ਼ੋਰਮ : 286 (0.03%)
ਲਕਸ਼ਦੀਪ : 8 (0.01%)

# ਵੱਖ-ਵੱਖ ਖ਼ੇਤਰਾਂ ’ਚ ਵਸੀ ਹੋਈ ਸਿੱਖ ਆਬਾਦੀ

### ਅਸਾਮੀ ਸਿੱਖ

ਅਸਾਮ ਵਿੱਚ ਸਿੱਖ ਧਰਮ ਦੀ ਮੌਜੂਦਗੀ 200 ਸਾਲਾਂ ਤੋਂ ਵੱਧ ਹੈ। ਅਸਾਮ ਵਿੱਚ ਸਿੱਖਾਂ ਦੇ ਰਹਿਣ ਦੀ ਸ਼ੁਰੂਆਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੈ ਜੋ ਆਪਣੀ ਫੌਜ ਨੂੰ ਅਸਾਮ ਲੈ ਕੇ ਗਿਆ ਅਤੇ ਸਥਾਨਕ ਲੋਕਾਂ ’ਤੇ ਸਿੱਖ ਧਰਮ ਦਾ ਕੁਝ ਪ੍ਰਭਾਵ ਪਾਇਆ। 2001 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਅਸਾਮ ਵਿੱਚ 22,519 ਸਿੱਖ ਸਨ, ਜਿਨ੍ਹਾਂ ਵਿੱਚੋਂ 4,000 ਅਸਾਮੀ ਸਿੱਖ ਹਨ। ਅਸਾਮੀ ਸਿੱਖ, ਸਿੱਖ ਧਰਮ ਨੂੰ ਮੰਨਦੇ ਹਨ ਅਤੇ ਸਿੱਖ ਤਿਉਹਾਰ ਮਨਾਉਂਦੇ ਹਨ ਅਤੇ ਉਹ ਮਾਘ ਬੀਹੂ ਵਰਗੇ ਸੱਭਿਆਚਾਰਕ ਤਿਉਹਾਰ ਵੀ ਮਨਾਉਂਦੇ ਹਨ ਅਤੇ ਰਵਾਇਤੀ ਅਸਾਮੀ ਪਹਿਰਾਵਾ ਪਹਿਨਦੇ ਹਨ। ਉਨ੍ਹਾਂ ਦੀ ਭਾਸ਼ਾ ਅਸਾਮੀ ਭਾਸ਼ਾ ਹੈ।

### ਬਿਹਾਰੀ ਸਿੱਖ

ਅਗਰਹਰ ਸਿੱਖ ਬਿਹਾਰ ਅਤੇ ਝਾਰਖੰਡ ਵਿੱਚ ਪਾਇਆ ਜਾਣ ਵਾਲਾ ਇੱਕ ਸਿੱਖ ਭਾਈਚਾਰਾ ਹੈ। ਅਗਰਹਰੀ ਸਿੱਖ, ਜਿਨ੍ਹਾਂ ਨੂੰ ‘ਬਿਹਾਰੀ ਸਿੱਖ’ ਵੀ ਕਿਹਾ ਜਾਂਦਾ ਹੈ, ਸਦੀਆਂ ਤੋਂ ਬਿਹਾਰ ਅਤੇ ਝਾਰਖੰਡ ਵਿੱਚ ਮੌਜੂਦ ਹਨ। ਬਿਹਾਰੀ ਸਿੱਖ ਸਥਾਨਕ ਬਿਹਾਰੀ ਭਾਈਚਾਰੇ ਨਾਲ ਆਪਣਾ ਸੱਭਿਆਚਾਰ ਸਾਂਝਾ ਕਰਦੇ ਹਨ। ਮਰਦ ਆਮ ਤੌਰ ’ਤੇ ਸਥਾਨਕ ਧੋਤੀ ਪਹਿਨਦੇ ਹਨ ਅਤੇ ਔਰਤਾਂ ਸਾੜੀ ਪਹਿਨਦੀਆਂ ਹਨ। ਉਹ ਛਠ ਤਿਉਹਾਰ ਵਰਗੇ ਹਿੰਦੂ ਤਿਉਹਾਰ ਵੀ ਮਨਾਉਂਦੇ ਹਨ।

### ਦਖਣੀ ਸਿੱਖ

ਦਖਣੀ ਸਿੱਖ ਭਾਰਤ ਦੇ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਰਾਜਾਂ ਦੇ ਅੰਦਰ ਸਥਿਤ ਡੇਕਨ ਪਠਾਰ ਵਿੱਚ ਰਹਿੰਦੇ ਹਨ। ਇਹਨਾਂ ਸਿੱਖ ਔਰਤਾਂ ਦਾ ਰਵਾਇਤੀ ਪਹਿਰਾਵਾ ਸਾੜੀ ਹੈ। ਦਖਣੀ ਸਿੱਖਾਂ ਦੀ ਮੂਲ ਭਾਸ਼ਾ ਤੇਲਗੂ ਭਾਸ਼ਾ ਹੈ।

### ਕਸ਼ਮੀਰੀ ਸਿੱਖ

ਕਸ਼ਮੀਰੀ ਸਿੱਖ ਕਸ਼ਮੀਰੀ ਭਾਸ਼ਾ ਬੋਲਦੇ ਹਨ ਅਤੇ ਕਸ਼ਮੀਰੀ ਸੱਭਿਆਚਾਰ ਦੀ ਪਾਲਣਾ ਕਰਦੇ ਹਨ। ਉਹ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਵਿੱਚ 1819 ਵਿੱਚ ਕਸ਼ਮੀਰ ਵਿੱਚ ਵਸਣ ਵਾਲੇ ਸਿੱਖ ਸਿਪਾਹੀਆਂ ਦੇ ਪ੍ਰਭਾਵ ਨੂੰ ਆਪਣੀ ਧਾਰਮਿਕ ਵਿਰਾਸਤ ਦੱਸਦੇ ਹਨ। ਉਸ ਸਮੇਂ ਸਿੱਖ ਫੌਜੀ ਕਸ਼ਮੀਰ ਵਿੱਚ ਪੱਕੇ ਤੌਰ ’ਤੇ ਵਸ ਗਏ ਸਨ।

### ਪੰਜਾਬੀ ਸਿੱਖ

ਪੰਜਾਬੀ ਸਿੱਖ ਅਣਵੰਡੇ ਪੰਜਾਬ ਖੇਤਰ ਦੇ ਮੂਲ ਨਿਵਾਸੀ ਹਨ ਜੋ ਪੰਜਾਬੀ ਭਾਸ਼ਾ ਨੂੰ ਆਪਣੀ ਮਾਂ ਬੋਲੀ ਵਜੋਂ ਬੋਲਦੇ ਹਨ ਅਤੇ ਪੰਜਾਬੀ ਸੱਭਿਆਚਾਰ ਦਾ ਅਭਿਆਸ ਕਰਦੇ ਹਨ। ਉਨ੍ਹਾਂ ਦੇ ਰਵਾਇਤੀ ਪਹਿਰਾਵੇ ਵਿੱਚ ਪੰਜਾਬੀ ਸਲਵਾਰ ਸੂਟ, ਪੰਜਾਬੀ ਤੰਬਾ ਅਤੇ ਕੁੜਤਾ, ਪੰਜਾਬੀ ਜੁੱਤੀ ਅਤੇ ਪਟਿਆਲਾ ਸਲਵਾਰ ਸ਼ਾਮਲ ਹਨ। ਨਾਨਕਸ਼ਾਹੀ ਕੈਲੰਡਰ ਦੀ ਵਰਤੋਂ ਕਰਦਿਆਂ ਸਿੱਖ ਤਿਉਹਾਰਾਂ ਤੋਂ ਇਲਾਵਾ, ਪੰਜਾਬੀ ਸਿੱਖ ਪੰਜਾਬੀ ਕੈਲੰਡਰ ਦੀ ਵਰਤੋਂ ਕਰਕੇ ਰਵਾਇਤੀ ਪੰਜਾਬੀ ਤਿਉਹਾਰ ਮਨਾਉਂਦੇ ਹਨ।

### ਸਿੰਧੀ ਸਿੱਖ

ਸਿੰਧੀ ਸਿੱਖ, ਸਿੱਖ ਧਰਮ ਦੇ ਤਿਉਹਾਰ ਮਨਾਉਣ ਤੋਂ ਇਲਾਵਾ, ਚੇਤੀ ਚੰਦ, ਸਿੰਧੀ ਨਵਾਂ ਸਾਲ ਵਰਗੇ ਸੱਭਿਆਚਾਰਕ ਤਿਉਹਾਰ ਵੀ ਮਨਾਉਂਦੇ ਹਨ। ਸਿੰਧੀ ਸਿੱਖ ਸਿੰਧੀ ਭਾਸ਼ਾ ਬੋਲਦੇ ਹਨ। ਜ਼ਿਆਦਾਤਰ ਸਿੰਧੀ ਹਿੰਦੂ ਨਾਨਕ ਪੰਥੀ ਹਨ ਜੋ 10 ਸਿੱਖ ਗੁਰੂ ਸਾਹਿਬਾਨ ਨੂੰ ਮੰਨਦੇ ਹਨ ਅਤੇ ਨਿਯਮਿਤ ਤੌਰ ’ਤੇ ਗੁਰਦੁਆਰਿਆਂ ਵਿੱਚ ਜਾਂਦੇ ਹਨ ਅਤੇ ਇਹਨਾਂ ਦੇ ਜ਼ਿਆਦਾਤਰ ਵਿਆਹ ਵੀ ਗੁਰਦੁਆਰਿਆਂ ਵਿੱਚ ਹੁੰਦੇ ਹਨ।

### ਦੱਖਣੀ ਭਾਰਤੀ ਸਿੱਖ

ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਸਿੱਖ ਭਾਈਚਾਰੇ ਹਨ ਜਿਨ੍ਹਾਂ ਨੇ ਸਦੀਆਂ ਪਹਿਲਾਂ ਸਿੱਖ ਧਰਮ ਅਪਣਾ ਲਿਆ ਸੀ। ਇਹਨਾਂ ਸਿੱਖਾਂ ਵਿੱਚ ਬੰਜਾਰੇ ਅਤੇ ਸਤਨਾਮੀ ਸ਼ਾਮਲ ਹਨ। ਸਿਕਲੀਗਰਾਂ ਲਈ, ਦੱਖਣੀ ਭਾਰਤ ਵਿੱਚ ਧਰਮ ਦੇ ਮਿਸ਼ਰਣ ਦੀ ਪ੍ਰਕਿਰਿਆ 10ਵੇਂ ਸਿੱਖ ਗੁਰੂ ਗੋਬਿੰਦ ਸਿੰਘ ਨਾਲ ਸ਼ੁਰੂ ਹੋਈ ਸੀ ।

ਸਿਕਲੀਗਰ ਸਿੱਖ ਦਸਵੇਂ ਗੁਰੂ ਜੀ ਦੇ ਪੈਰੋਕਾਰ ਹਨ, ਇਹ ਲੋਕ ਮਾਹਰ ਹਥਿਆਰ ਨਿਰਮਾਤਾ ਵਜੋਂ ਦੱਖਣੀ ਭਾਰਤ ਵਿੱਚ ਆਏ ਸਨ। ਸਿਕਲੀਗਰ ਫ਼ਾਰਸੀ ਸ਼ਬਦਾਂ ‘ਸੈਕਲ’ ਅਤੇ ‘ਗਰ’ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਧਾਤ ਪਾਲਿਸ਼ ਕਰਨ ਵਾਲਾ। ਸਿਕਲੀਗਰਾਂ ਦਾ ਰਵਾਇਤੀ ਕਿੱਤਾ ਰਸੋਈ ਦਾ ਸਾਮਾਨ ਬਣਾਉਣਾ ਹੈ।

ਬੰਜਾਰਾ ਇੱਕ ਖ਼ਾਨਾਬਦੋਸ਼ ਕਬੀਲਾ ਹੈ ਜੋ ਰਵਾਇਤੀ ਤੌਰ ’ਤੇ ਮਾਲ ਦੇ ਨਾਲ ਯਾਤਰਾ ਕਰਦਾ ਹੈ ਅਤੇ ਉੱਤਰੀ ਭਾਰਤ ਦੇ ਨਾਲ-ਨਾਲ ਦੱਖਣ ਦੇ ਇੱਕ ਵੱਡੇ ਹਿੱਸੇ ਵਿੱਚ ਪਾਇਆ ਜਾਂਦਾ ਹੈ। ਸਿੱਖ ਖ਼ਾਨਾਬਦੋਸ਼ ਵੀ ਇਸ ਭਾਈਚਾਰੇ ਵਾਂਗ ਹੀ ਹੁੰਦੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

27 ਸਤੰਬਰ ਤੋਂ 3 ਅਕਤੂਬਰ, 2023

## ਬਦਲਦੇ ਹਲਾਤ ਅਤੇ ਸਿੱਖ

ਇਸ ਸਤੰਬਰ ਮਹੀਨੇ ਇੰਡੀਆ ਵਿੱਚ ਹੋਏ ਜੀ-20 ਸੰਮੇਲਨ ਵਿੱਚ ਸੰਸਾਰ ਦੇ 20 ਦੇਸ਼ਾਂ ਦੇ ਨੁਮਾਇੰਦੇ, ਮੌਜੂਦਾ ਅਤੇ ਭਵਿੱਖ ਵਿੱਚ ਵਪਾਰ ਸਬੰਧੀ ਔਂਕੜਾਂ ਨਾਲ ਨਜਿੱਠਣ ਲਈ ਇਕੱਠੇ ਹੋਏ। ਜੀ- 20 ਸੰਮੇਲਨ ਵਿੱਚ ਇਹਨਾਂ ਨੁਮਾਇੰਦਿਆਂ ਨੇ ਸੰਸਾਰ ਵਪਾਰ, ਸੰਸਾਰਕ ਆਰਥਿਕਤਾ, ਵਾਤਾਵਰਣ ਦੇ ਮੁੱਦੇ, ਵਿਕਾਸ ਅਤੇ ਬਦਲਦੇ ਸਮਿਆਂ ਵਿੱਚ ਵਪਾਰ ਲਈ ਸੌਖੇ ਅਤੇ ਬਦਲਵੇਂ ਪ੍ਰਬੰਧ ਸਥਾਪਤ ਕਰਨ ਲਈ ਚਰਚਾ ਅਤੇ ਕੁਝ ਫੈਸਲੇ ਕੀਤੇ। ਵਿਸ਼ਵ ਪੱਧਰ 'ਤੇ ਹੁੰਦੀ ਇਹ ਬੈਠਕ ਵਿਸ਼ਵ ਤਬਦੀਲੀਆਂ ਦੇ ਮੱਦੇਨਜ਼ਰ ਕਾਫ਼ੀ ਅਹਿਮ ਹੈ।

ਮਨੁੱਖਾਂ ਨੇ ਸਮੇਂ-ਸਮੇਂ 'ਤੇ ਹਕੂਮਤ ਦੇ ਬਦਲਦੇ ਤੌਰ ਤਰੀਕਿਆਂ ਨੂੰ ਦੇਖਿਆ ਹੈ। ਰਾਜ ਦੇ ਅਨੇਕ ਰੂਪਾਂ ਵਿਚੋਂ ਰਾਜਾਸ਼ਾਹੀ, ਅਫ਼ਸਰਸ਼ਾਹੀ, ਤਾਨਾਸ਼ਾਹੀ ਅਤੇ ਲੋਕਤੰਤਰ ਇਤਿਹਾਸ ਵਿੱਚ ਪ੍ਰਮੁੱਖ ਰਹੇ ਹਨ। ਸੰਸਾਰ ਪੱਧਰ 'ਤੇ ਪੂੰਜੀਵਾਦ ਅਤੇ ਵੱਡੀਆਂ ਵਪਾਰਕ ਸ਼ਕਤੀਆਂ ਨੇ ਸੰਸਾਰ ਦੇ ਵੱਡੇ ਦੇਸ਼ਾਂ ਨੂੰ ਅਨੇਕਾਂ ਆਪਾ ਵਿਰੋਧਤਾਵਾਂ ਦੇ ਬਾਵਜੂਦ ਇੱਕ ਮੰਚ 'ਤੇ ਆਉਣ ਲਈ ਇੱਕ ਤਰ੍ਹਾਂ ਨਾਲ ਮਜਬੂਰ ਹੀ ਕਰ ਦਿੱਤਾ ਹੈ। ਭਾਵੇਂ ਕਿ ਦੁਨੀਆਂ ਨੇ ਦੇਖਿਆ ਹੈ ਕਿ ਅਜਿਹੇ ਮੰਚਾਂ ਉੱਪਰ ਵੀ ਦੇਸ਼ ਇੱਕ ਦੂਜੇ ਨੂੰ ਇੱਕ ਤਰ੍ਹਾਂ ਨਾਲ ਨੀਵਾਂ ਦਿਖਾਉਣ ਦੇ ਮੌਕੇ ਲੱਭਦੇ ਨਜ਼ਰ ਆਏ। ਮਿਡਲ ਈਸਟ, ਯੂਰਪ ਅਤੇ ਇੰਡੀਆ ਨੇ ਚੀਨ ਦੇ ਸਿਲਕ ਰੋਡ ਕੋਰੀਡੋਰ ਦੇ ਮੁਕਾਬਲੇ 'ਤੇ ਨਵੇਂ ਤਰ੍ਹਾਂ ਦੇ ਕੋਰੀਡੋਰ ਨੂੰ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਕੋਰੀਡੋਰ ਦੇ ਰਸਤੇ ਉਪਰ ਪਹਿਲਾਂ ਹੀ ਸੰਸਾਰ ਦੀਆਂ ਵੱਡੀਆਂ ਕੰਪਨੀਆਂ ਨੇ ਆਪਣੇ ਅੱਡੇ ਅਤੇ ਕਾਰੋਬਾਰ ਵਿਕਸਤ ਕੀਤੇ ਹੋਏ ਹਨ। ਸਰਸਰੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਪੂੰਜੀਵਾਦੀ ਸ਼ਕਤੀਆਂ ਨੇ ਹੀ ਆਪਣੀਆਂ ਬਣਾਈਆਂ ਯੋਜਨਾਵਾਂ ਨੂੰ ਸਿਰੇ ਚੜ੍ਹਾਉਣ ਲਈ 20 ਮੁਲਕਾਂ ਦੇ ਵੱਡੇ ਆਗੂਆਂ ਨੂੰ ਇਕੱਠਾ ਕੀਤਾ ਹੋਇਆ ਹੈ। ਨਵੀਆਂ ਖੋਜਾਂ, ਤਕਨੀਕਾਂ ਅਤੇ ਮਾਰੂ ਹਥਿਆਰ ਈਜਾਦ ਅਤੇ ਤਿਆਰ ਕਰਨ ਦੀ ਦੌੜ ਵਿੱਚ ਕੰਪਨੀਆਂ ਦਾ ਹੱਥ ਸਰਕਾਰਾਂ ਤੋਂ ਉਪਰ ਹੈ। ਲੋਕਾਂ ਨੂੰ ਜਾਣਕਾਰੀ ਅਤੇ ਤਕਨੀਕਾਂ ਆਸਰੇ ਕਾਬੂ ਕਰਨ ਦੀ ਤਾਕਤ ਕੰਪਨੀਆਂ ਦੀ ਸਰਕਾਰਾਂ ਤੋਂ ਜਿਆਦਾ ਹੈ।

ਮਹਿਕੂਮ ਕੌਮਾਂ ਨੂੰ ਦਬਾਉਣ ਅਤੇ ਆਪਣੇ ਕਾਬੂ ਹੇਠ ਕਰਨ ਲਈ ਹਕੂਮਤ ਵੱਲੋਂ ਗਿਆਨ, ਭਰਮ, ਝੂਠ ਅਤੇ ਬੇਕਿਰਕ ਹਿੰਸਾ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਮਹਿਕੂਮ ਕੌਮਾਂ ਦੀਆਂ ਸੰਸਥਾਵਾਂ ਨੂੰ ਆਪਣੇ ਪ੍ਰਬੰਧ ਹੇਠ ਕਰਨ, ਬੋਲਣ ਵਾਲਿਆਂ ਦੀ ਜੁਬਾਨ ਬੰਦ ਕਰਵਾਉਣ, ਮੀਡੀਆ ਨੂੰ ਕਾਬੂ ਹੇਠ ਕਰਨ ਜਿਹੇ ਆਮ ਤਰੀਕੇ ਵਰਤ ਕੇ ਸਰਕਾਰਾਂ ਵੱਲੋਂ ਲੋਕਾਈ ਨੂੰ ਆਪਣੇ ਹੱਕ ਵਿੱਚ ਭੁਗਤਾਇਆ ਜਾਂਦਾ ਸੀ। ਬਦਲਦੇ ਸਮਿਆਂ ਦੀ ਨਬਜ਼ ਪਛਾਣਦਿਆਂ ਆਉਣ ਵਾਲੇ ਨਵੇਂ ਰਾਜ ਪ੍ਰਬੰਧ ਵਿੱਚ ਮਹਿਕੂਮ ਧਿਰਾਂ ਕੋਲ ਆਪਣੀ ਹੋਂਦ ਹਸਤੀ ਨੂੰ ਵਿਅਕਤ ਕਰਨ ਦੇ ਕੀ ਰਾਹ ਬਚਦੇ ਹਨ, ਇਸ ਬਾਰੇ ਵਿਚਾਰ ਕਰਨ ਦਾ ਵੇਲਾ ਹੈ। ਨਿਸ਼ਚਿਤ ਹੀ ਪੂੰਜੀਵਾਦ ਜਗਤ ਰਿਵਾਇਤੀ ਰਾਜ ਨਾਲੋਂ ਵਧੇਰੇ ਜੋਰ ਅਤੇ ਸਮਰੱਥਾ ਵਿੱਚ ਹੋਵੇਗਾ। ਜਿਸ ਕੋਲ ਆਦਮੀ ਨੂੰ ਗੁਲਾਮ ਬਣਾਉਣ ਦੇ ਵਧੇਰੇ ਤਰੀਕੇ ਅਤੇ ਸਮਰੱਥਾ ਮੌਜੂਦ ਹੈ। ਪੂੰਜੀਵਾਦੀ ਜਗਤ ਵਿੱਚ ਕੁਦਰਤੀ ਸਾਧਨਾਂ, ਕੁਦਰਤੀ ਜੀਵਨ ਸਮੇਤ ਇਨਸਾਨ ਦੀ ਵੀ ਕੀਮਤ ਨਿਗੂਣੀ ਹੈ। ਅਜਿਹੇ ਵਿੱਚ ਜਿਹੜੇ ਹਕੂਮਤ ਤੋਂ ਵੱਖਰੀ ਰਾਏ ਰੱਖਦੇ ਹਨ, ਉਹਨਾਂ ਦੇ ਲਈ ਸੰਘਰਸ਼ ਦੇ ਕਿਹੜੇ ਰਾਹ ਬਾਕੀ ਬਚਦੇ ਹਨ ?

ਭੂ-ਰਾਜਨੀਤੀ ਦੇ ਪੱਖ ਤੋਂ ਪੰਜਾਬ ਦੇ ਬਹਿੰਦਿਆਂ ਖ਼ਾਸ ਕਰ ਸਿੱਖਾਂ ਨੇ ਹੁਣ ਸੋਚਣਾ ਹੈ ਕਿ ਆਉਣ ਵਾਲੇ ਹਲਾਤਾਂ ਵਿੱਚ ਸਿੱਖਾਂ ਕੋਲ ਕਿਹੜੇ ਰਾਹ ਬਚਦੇ ਹਨ। ਸੰਸਾਰ ਪੱਧਰ ਉਪਰ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਵਿੱਚ ਭੂ-ਰਾਜਨੀਤੀ ਦੇ ਪੱਖ ਤੋਂ ਰੱਸਾਕਸ਼ੀ ਸ਼ੁਰੂ ਹੋ ਗਈ ਹੈ। ਪੰਜਾਬ, ਏਸ਼ੀਆ ਵਿੱਚ ਸਭ ਤੋਂ ਢੁਕਵੀਂ ਜਗ੍ਹਾ 'ਤੇ ਹੋਣ ਕਰਕੇ ਇਸ ਦੀ ਰਾਜਨੀਤਕ ਤੌਰ 'ਤੇ ਮਹੱਤਤਾ ਵੱਧ ਗਈ ਹੈ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਇਹ ਪੰਜੇ ਮੁਲਕ ਸੰਸਾਰ ਵਿੱਚ ਵੱਡੀ ਤਾਕਤ ਦੇ ਤੌਰ 'ਤੇ ਜਾਣੇ ਜਾਂਦੇ ਹਨ ਅਤੇ ਆਪਸ ਵਿੱਚ ਭਾਈਵਾਲ ਹਨ। ਚੀਨ, ਰੂਸ ਅਤੇ ਏਸ਼ੀਆ ਦੇ ਅਨੇਕਾਂ ਮੁਲਕ ਅਮਰੀਕਾ ਦੀ ਸਿਰਦਾਰੀ ਨੂੰ ਟੱਕਰ ਦੇਣ ਅਤੇ ਬਾਹਰ ਨਿਕਲਣ ਲਈ ਆਪਣੇ ਪ੍ਰਬੰਧ ਸਥਾਪਿਤ ਕਰ ਰਹੇ ਹਨ। ਅਜਿਹੇ ਵਿੱਚ ਪੰਜਾਬ ਦੀ ਧਰਤੀ 'ਤੇ ਰਹਿੰਦੇ ਸਿੱਖ ਇਸ ਸੰਸਾਰ ਪੱਧਰ ਦੀ ਰਾਜਨੀਤੀ ਵਿੱਚ ਜਰੂਰ ਕੇਂਦਰ ਬਿੰਦੂ ਬਣਨਗੇ।

ਬੀਤੇ ਵਰ੍ਹਿਆਂ ਵਿੱਚ ਆਰਥਿਕਤਾ ਅਤੇ ਤਕਨਾਲੋਜੀ ਦੇ ਪੱਖ ਤੋਂ ਚੀਨ ਨੇ ਆਪਣੇ ਆਪ ਨੂੰ ਸਾਬਿਤ ਕੀਤਾ ਹੈ ਅਤੇ ਸੰਸਾਰ ਦੇ ਵਪਾਰ ਵਿੱਚ ਆਪਣੀ ਪ੍ਰਭਾਵਸ਼ਾਲੀ ਜਗ੍ਹਾ ਬਣਾਈ ਹੈ। ਗਵਾਦਰ ਬੰਦਰਗਾਹ ਰਾਹੀਂ ਜੇਕਰ ਚੀਨ ਆਪਣੀ ਸੋਚੀ ਸਕੀਮ ਤਹਿਤ ਸੜਕੀ ਆਵਾਜਾਈ ਖੋਲ੍ਹਣ ਲਈ ਕਾਮਯਾਬ ਹੋ ਜਾਂਦਾ ਹੈ, ਤਾਂ ਇਹ ਅਮਰੀਕਾ ਸਮੇਤ ਪੱਛਮੀ ਤਾਕਤਾਂ ਲਈ ਵੱਡੀ ਚੁਣੌਤੀ ਤਾਂ ਬਣੇਗਾ ਹੀ, ਨਾਲ ਹੀ ਚੀਨ ਦੇ ਦੁਨੀਆਂ ਭਰ ਵਿੱਚ ਸਰਦਾਰੀ ਕਰਨ ਦੇ ਰਾਹ ਖੁੱਲ ਜਾਣਗੇ, ਜੋ ਕਿ ਪੱਛਮ ਦੇ ਲਈ ਵੀ ਜੀਣ ਮਰਨ ਦਾ ਸਵਾਲ ਬਣੇਗਾ। ਗਵਾਦਰ ਰਾਹੀਂ ਵਪਾਰ ਖੁੱਲ੍ਹਣ 'ਤੇ ਸਿਲਕ ਰੋਡ ਦੀਆਂ ਸੜਕਾਂ ਪੰਜਾਬ ਵਿਚੋਂ ਹੀ ਗੁਜ਼ਰਨਗੀਆਂ। ਇਸ ਲਈ ਪੰਜਾਬ, ਚੀਨ ਅਤੇ ਅਮਰੀਕਾ ਦੇ ਲਈ ਖ਼ਾਸ ਦਿਲਚਸਪੀ ਦੀ ਜਗ੍ਹਾ ਹੈ। ਨਾਲ ਹੀ ਪੰਜਾਬ, ਇੰਡੀਆ ਦੇ ਲਈ ਵੀ ਜ਼ਰੂਰੀ ਸੂਬਾ ਹੈ। ਇਹਨਾਂ ਤ੍ਰਿਕੋਣੇ ਹਲਾਤਾਂ ਵਿੱਚ ਪੰਜਾਬ ਅਤੇ ਸਿੱਖਾਂ ਦੀ ਥਾਂ ਬੜੀ ਮਹੱਤਵਪੂਰਨ ਹੈ। ਦੁਨੀਆਂ ਦੇ ਇਤਿਹਾਸ ਵਿੱਚ ਇਹ ਵੀ ਗੱਲ ਸਹੀ ਹੋਈ ਹੈ ਕਿ ਰਾਜ ਲੈਣ ਲਈ ਮਹਿਕੂਮ ਕੌਮਾਂ ਨੂੰ ਖੁਦ ਹੀ ਸੰਘਰਸ਼ ਕਰਨਾ ਪੈਂਦਾ ਹੈ। ਕੋਈ ਵੀ ਤਾਕਤ ਕਿਸੇ ਕੌਮ ਨੂੰ ਥਾਲੀ ਵਿੱਚ ਪਰੋਸ ਕੇ ਰਾਜ ਨਹੀਂ ਦਿੰਦੀ। ਰਾਜ ਲੈਣ ਲਈ ਬਾਹਰੀ ਤਾਕਤਾਂ ਦੀ ਮਦਦ ਦੀ ਲੋੜ ਪੈਂਦੀ ਹੈ ਅਤੇ ਮਦਦ ਮਿਲਦੀ ਰਹਿੰਦੀ ਹੈ ਪਰ ਆਪਣੀ ਕੌਮ ਦੇ ਲਈ ਫਾਇਦੇਮੰਦ ਫੈਸਲੇ ਖੁਦ ਹੀ ਲੈਣੇ ਪੈਂਦੇ ਹਨ।ਸਿੱਖਾਂ ਨੂੰ ਅਜਿਹੇ ਸਮੇਂ ਤਿਆਰੀ ਵਜੋਂ ਆਪਣੀ ਸਮਰੱਥਾ ਵਧਾਉਣ ਦੀ ਜਰੂਰਤ ਹੈ ਪਰ ਸਿੱਖਾਂ ਦੇ ਲਈ ਇਹ ਹਲਾਤ ਚਿੰਤਾਜਨਕ ਇਸ ਕਰਕੇ ਹਨ ਕਿ ਸਿੱਖਾਂ ਦੀਆਂ ਸਾਰੀਆਂ ਹੀ ਸੰਸਥਾਵਾਂ ਨਿਘਾਰ ਵੱਲ ਹਨ। ਯੋਗ ਅਤੇ ਬੁੱਧੀਮਾਨ ਬੰਦਿਆ ਦੀ ਹਰੇਕ ਸੰਸਥਾ ਵਿੱਚ ਘਾਟ ਹੈ। ਇਸ ਘਾਟ ਨੂੰ ਪੂਰਾ ਕੀਤਿਆਂ ਜਾਣਾ ਚਾਹੀਦਾ ਹੈ। ਦੂਸਰਾ ਅਹਿਮ ਪੱਖ ਇਹ ਵੀ ਹੈ ਕਿ ਸਿੱਖਾਂ ਕੋਲ ਪੁਰਖਿਆਂ ਦੁਆਰਾ ਸਿਰਜਿਆ ਕਾਫ਼ੀ ਕੁਝ ਹੈ, ਕਾਫ਼ੀ ਪ੍ਰਬੰਧ ਪਹਿਲਾਂ ਤੋਂ ਹੀ ਮੌਜੂਦ ਹੈ। ਜੇਕਰ ਸਿੱਖ ਉਹਨਾਂ ਰਵਾਇਤਾਂ ਅਤੇ ਅਨੁਸ਼ਾਸਨ ਮੁਤਾਬਿਕ ਅੱਜ ਆਪਣੇ ਆਪ ਨੂੰ ਹਰ ਪੱਖ ਤੋਂ ਤਿਆਰ ਕਰਨ, ਸੰਘਰਸ਼ ਅਤੇ ਹਰ ਤਰ੍ਹਾਂ ਦਾ ਪ੍ਰਬੰਧ ਚਲਾਉਣ ਲਈ ਯੋਗ ਅਗਵਾਈ ਅਤੇ ਜਥੇ ਤਿਆਰ ਕਰਨ ਤਾਂ ਹੀ ਆਉਣ ਵਾਲਾ ਸਮਾਂ ਸਿੱਖਾਂ ਦੇ ਹੱਕ ਵਿੱਚ ਫਤਵਾ ਸੁਣਾ ਸਕੇਗਾ। ਗੁਰੂ ਸਾਹਿਬ ਤੋਂ ਸਿੱਖਿਆ ਲੈਕੇ ਆਪਣੇ ਆਪ ਨੂੰ ਤਖ਼ਤ ਦੇ ਲਾਇਕ ਬਣਾਉਣਾ ਪੈਣਾ ਹੈ, ਹਰ ਤਰ੍ਹਾਂ ਦੀ ਸੇਵਾ ਦੇ ਕਾਬਿਲ ਬਣਨਾ ਪੈਣਾ ਹੈ। ਜੇਕਰ ਸਿੱਖਾਂ ਨੇ ਇਸ ਬਣ ਰਹੇ ਨਵੇਂ ਆਲਮੀ ਸਮੀਕਰਨਾਂ ਨੂੰ ਸਮਝ ਕੇ ਠੀਕ ਅੰਦਾਜ਼ੇ ਨਾ ਲਗਾਏ, ਯੋਗ ਤਿਆਰੀ ਨਾ ਕੀਤੀ ਤਾਂ ਆਉਣ ਵਾਲਾ ਸਮਾਂ ਬਹੁਤ ਮਾੜਾ ਹੋਵੇਗਾ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਕੈਨੇਡਾ ਅਤੇ ਭਾਰਤ ਦੇ ਰਿਸ਼ਤਿਆਂ 'ਚ ਤਰੇੜਾਂ ਕਿਉਂ ?



ਦਲਵਿੰਦਰ ਸਿੰਘ ਘੁੰਮਣ



ਕੈਨੇਡਾ ਨੇ ਭਾਰਤ ਨਾਲ ਰਿਸ਼ਤਿਆਂ ਦੀ ਬੁਨਿਆਦ ਵਿੱਚ ਵੱਡੀ ਤਰੇੜ ਪੈਣ ਦੇ ਸੰਕੇਤ ਦਿੱਤੇ ਹਨ। ਜੋ ਲੰਬੇ ਸਮੇਂ ਤੋਂ ਕੁੜੱਤਣ ਵੱਧ ਰਹੀ ਸੀ ਉਸ ਦਾ ਸ਼ੁਰੂਆਤੀ ਅਸਰ ਬਹੁਤ ਹੀ ਗੰਭੀਰ ਰੂਪ ਵਿੱਚ ਸਾਹਮਣੇ ਆਇਆ ਹੈ। ਕੈਨੇਡਾ ਸਰਕਾਰ ਦੀਆਂ ਖ਼ੁਫ਼ੀਆ ਰਿਪੋਰਟਾਂ ਨੇ ਪੁਖਤਾ ਸਬੂਤਾਂ ਦੇ ਅਧਾਰ 'ਤੇ ਭਾਰਤੀ ਏਜੰਸੀਆਂ ਉਪਰ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿੱਚ ਸਿੱਧੇ ਦਖਲ ਦੇਣ ਨੂੰ ਗੰਭੀਰਤਾ ਨਾਲ ਲਿਆ ਹੈ। ਇਸ ਦੇ ਚਲਦੇ ਕੈਨੇਡਾ ਨੇ ਮੁੱਖ ਰੂਪ ਵਿੱਚ ਭਾਰਤ ਨਾਲ ਪੂਰੀ ਤਰਾਂ ਨਾਲ ਟਰੇਡ ਗੱਲਬਾਤ ਨੂੰ ਬੰਦ ਕਰ ਦਿੱਤਾ। ਜੁਸਟਿਨ ਟਰੂਡੋ ਨੇ ਭਾਰਤ ਨੂੰ ਨਿੱਝਰ ਕਤਲ ਕਾਂਡ ਵਿੱਚ ਸਹਿਯੋਗ ਦੇਣ ਲਈ ਕਿਹਾ ਹੈ। ਟਰੂਡੋ ਨੇ ਆਪਣੇ ਬਿਆਨ ਦੇਣ ਤੋ ਪਹਿਲਾ ਆਪਣੇ ਨਾਤੀ ਦੇਸ਼ਾਂ ਦੇ ਮੁਖੀਆਂ, ਜਿਨ੍ਹਾਂ ਵਿੱਚ ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਫਰਾਂਸ ਨਾਲ ਗੱਲਬਾਤ ਕਰਕੇ ਇਹ ਸੰਦੇਸ਼ ਦੇ ਦਿੱਤਾ ਕਿ ਇਸ ਨੂੰ ਥੰਮ੍ਹਣਾ ਜਰੂਰੀ ਹੈ ਨਹੀਂ ਤਾਂ ਇਜ਼ਰਾਇਲ ਦੀ ਖ਼ੁਫ਼ੀਆ ਏਜੰਸੀ ਮੌਸਾਦ ਵਾਂਗ ਰੋਕਣਾ ਮੁਸ਼ਕਿਲ ਹੀ ਨਹੀਂ ਸਗੋਂ ਨਾ ਮੁਮਕਿਨ ਵੀ ਹੋ ਸਕਦਾ ਹੈ। ਜੋ ਹਰ ਦੇਸ਼ ਦੇ ਇਜ਼ਰਾਇਲੀ ਮੂਲ ਬਾਸ਼ਿੰਦਿਆਂ ਕੋਲੋਂ ਇਜ਼ਰਾਇਲ ਵਿਰੋਧੀ ਲੋਕਾਂ ਦੇ ਕਤਲ ਕਰਨ ਵਿੱਚ ਵਾਲੀ ਇਕ ਖਤਰਨਾਕ ਜਥੇਬੰਦੀ ਹੈ। ਇਸ ਘਟਨਾ ਨਾਲ ਸੰਸਾਰ ਪੱਧਰ 'ਤੇ ਭਾਰਤ ਵੱਲ ਉਂਗਲ ਉੱਠੀ ਹੈ। ਆਪਸੀ ਰਿਸ਼ਤਿਆਂ ਦੀ ਗਲੋਬਲਾਈਜੇਸ਼ਨ ਲਈ ਵੱਡੀ ਰੁਕਾਵਟ ਪੈਦਾ ਹੋਣ ਦੇ ਅਸਾਰ ਵੱਧ ਗਏ ਹਨ।

ਯਾਦ ਰਹੇ ਕੁੱਝ ਮਹੀਨੇ ਪਹਿਲਾਂ ਹਰਦੀਪ ਸਿੰਘ ਨਿੱਝਰ ਦੀ ਗੁਰੂ ਘਰ ਦੀ ਪਾਰਕਿੰਗ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜਿਸ ਦਾ ਸ਼ੱਕ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਉੱਪਰ ਲੱਗ ਰਿਹਾ ਹੈ। ਕੁਝ ਸਮਾਂ ਪਹਿਲਾਂ ਹੀ ਅਮਰੀਕਾ ਦੇ ਧਾਰਮਿਕ ਅਜ਼ਾਦੀ ਕਾਕਸ ਦੇ ਸਾਬਕਾ ਚੇਅਰਮੈਨ ਮਿਸਟਰ ਟਰੈਂਟ ਫਰੈਂਕ ਨੇ ਵੀ ਭਾਰਤ ਨੂੰ ਸਿੱਖਾਂ ਵਿਰੁੱਧ ਹੋ ਰਹੇ ਕਤਲਾਂ ਦੇ ਸਬੰਧ ਵਿੱਚ ਬਹੁਤ ਸਖ਼ਤ ਟਿੱਪਣੀ ਦੇ ਰੂਪ ਵਿੱਚ ਵਾਰਨਿੰਗ ਦਿੱਤੀ ਸੀ ਕਿ ਅਗਰ ਅਮਰੀਕਾ ਵਿੱਚ ਕਿਸੇ ਸਿੱਖ 'ਤੇ ਕੋਈ ਹਮਲਾ ਹੋਇਆ ਤਾਂ ਉਸ ਦਾ ਸਖ਼ਤ ਐਕਸ਼ਨ ਲਿਆ ਜਾਵੇਗਾ।

ਇਸ ਸਾਲ ਦੇ ਸ਼ੁਰੂ ਤੋ ਵਿਦੇਸ਼ਾਂ ਵਿੱਚ ਵੱਸਦੇ ਖ਼ਾਲਿਸਤਾਨ ਹਿਮਾਇਤੀਆਂ ਦਾ ਇੱਕ ਤੋਂ ਬਾਅਦ ਇੱਕ ਕਤਲ ਭਾਰਤੀ ਏਜੰਸੀਆਂ ਨੂੰ ਸ਼ੱਕ ਦੇ ਘੇਰੇ ਵਿੱਚ ਖੜ੍ਹਾ ਕਰ ਰਿਹਾ ਸੀ। ਜਿਥੇ ਜਿਥੇ ਇਹ ਕਤਲ ਹੋਏ ਹਨ ਉਥੇ ਦੀਆਂ ਸਰਕਾਰਾਂ ਲਈ ਹੁਣ ਉਹ ਕੇਸਾਂ ਨੂੰ ਵੀ ਖੋਲ੍ਹਣ ਲਈ ਮੰਗ ਜਾਂ ਦਲੀਲਾਂ ਬਣ ਸਕਦੀਆਂ ਹਨ ਜਿਨ੍ਹਾਂ ਨੂੰ ਜਾਂ ਤਾਂ ਸ਼ੱਕੀ ਕਰਕੇ ਬੰਦ ਕਰ ਦਿੱਤਾ ਗਿਆ ਸੀ ਜਾਂ ਆਪਸੀ ਰਿਸ਼ਤਿਆਂ ਨੂੰ ਦੁਵੱਲੀ ਡਿਪਲੋਮੇਸੀ ਦੇ ਨਾ ਵਿਗੜਨ ਕਾਰਨ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਸੀ। ਇਸ ਦਾ ਦਬਾਅ ਬਹੁਤ ਵਧਣ ਦੀ ਸੰਭਾਵਨਾ ਹੈ। ਪਿਛਲੇ ਸਾਲ ਰਿਪਦੁਮਨ ਸਿੰਘ ਮਲਿਕ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ,ਇਸ ਤੋਂ ਪਹਿਲਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਮਰਨ ਵਰਤ 'ਤੇ ਬੈਠੇ ਬਾਪੂ ਸੂਰਤ ਸਿੰਘ ਦੇ ਜਵਾਈ ਸਤਵਿੰਦਰ ਸਿੰਘ ਭੋਲਾ ਨੂੰ ਵੀ ਗੋਲੀਆਂ ਮਾਰ ਕੇ ਮਾਰਿਆ ਗਿਆ। ਇਸ ਸਾਲ ਬਹੁਤ ਪੁਖਤਾ ਜਾਣਕਾਰੀ ਹੇਠ ਪੁਲਿਸ ਨੂੰ ਪੂਰੀ ਇਤਲਾਹ ਸੀ ਕਿ ਕੁੱਝ ਖ਼ਾਲਿਸਤਾਨੀਆਂ ਨੂੰ ਭਾਰਤੀ ਏਜੰਸੀਆਂ ਵੱਲੋਂ ਵੱਡਾ ਕਾਂਡ ਕਰਕੇ ਮਾਰਿਆ ਜਾ ਸਕਦਾ ਹੈ ਕਿਤੇ ਨਗਰ ਕੀਰਤਨ, ਗੁਰਦੁਆਰਾ ਸਾਹਿਬ ਜਾਂ ਸਿੱਖ ਵੱਸੋਂ ਵਾਲੇ ਸਮਾਗਮਾਂ ਨੂੰ ਟਾਰਗੇਟ ਕੀਤਾ ਜਾ ਸਕਦਾ ਹੈ। ਇਸ ਦੀ ਪੁਸ਼ਟੀ ਹਰਦੀਪ ਸਿੰਘ ਨਿੱਝਰ ਨੂੰ ਗੁਰੂ ਘਰ ਦੀ ਪਾਰਕਿੰਗ ਵਿੱਚ ਗੋਲੀਆਂ ਮਾਰ ਕੇ ਮਾਰ ਦੇਣ ਨਾਲ ਹੁੰਦੀ ਹੈ। ਸਰਕਾਰ ਕੋਲ ਪੁਖਤਾ ਸਬੂਤਾਂ ਦੀ ਤਹਿ ਤੱਕ ਘੋਖਾਂ ਕੀਤੀਆਂ ਗਈਆਂ ਹਨ। ਕੈਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਪਾਰਲੀਮੈਂਟ ਵਿੱਚ ਕਿਸੇ ਦੇਸ਼ ਦੇ ਡਿਪਲੋਮੈਟਸ ਨੂੰ ਦੇਸ਼ ਵਿੱਚੋਂ ਕੱਢਣ ਲਈ ਪ੍ਰਧਾਨ ਮੰਤਰੀ ਨੇ ਬਿਆਨ ਦਿੱਤਾ ਹੈ। ਇਹ ਬਿਆਨ ਦੇਣ ਤੋਂ ਪਹਿਲਾਂ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਜੁਸਟਿਨ ਟਰੂਡੋ ਜੀ-20 ਲਈ ਭਾਰਤ ਯਾਤਰਾ ਕਰਕੇ ਆਏ ਹਨ। ਇਹ ਗੱਲ ਉਹਨਾਂ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੀਤੀ ਸੀ ਸ਼ਾਇਦ ਭਾਰਤ ਵੱਲੋਂ ਚੰਗਾ ਹੁੰਗਾਰਾ ਨਹੀਂ ਭਰਿਆ ਗਿਆ। ਇਹ ਗੱਲ ਵੀ ਬਹੁਤ ਅਹਿਮ ਅਤੇ ਕੁੜੱਤਣ ਵਧਾਉਣ ਵਿੱਚ ਭਾਰੀ ਹੋ ਸਕਦੀ ਹੈ ਕਿ ਮਿਸਟਰ ਟਰੂਡੋ ਦੇ ਜਹਾਜ਼ ਦੀ ਤਕਨੀਕੀ ਖਰਾਬੀ ਕਾਰਨ ਦੋ ਦਿਨ ਭਾਰਤ ਵਿੱਚ ਹੀ ਹੋਟਲ ਵਿੱਚ ਰਹਿਣਾ ਪਿਆ ਜਿਸ ਨੂੰ ਭਾਰਤ ਨੇ ਇੱਕ ਮਹਿਮਾਨ ਦੇ ਤੌਰ 'ਤੇ ਸੱਦਾ ਦਿੱਤਾ ਸੀ ਪਰ ਇਹਨਾਂ ਦੋ ਦਿਨਾਂ ਵਿੱਚ ਕੋਈ ਸਰਕਾਰੀ ਮਹਿਮਾਨ ਨਿਵਾਜੀ ਲਈ ਮਹੱਤਵ ਨਹੀਂ ਦਿੱਤਾ ਗਿਆ, ਨਾ ਹੀ ਉਹਨਾਂ ਵੱਲੋਂ ਕੀਤੇ ਰੋਸ ਉਪਰ ਕੋਈ ਐਕਸ਼ਨ ਲਿਆ ਗਿਆ, ਨਾ ਹੀ ਕੋਈ ਜ਼ਿੰਮੇਵਾਰਾਨਾ ਸਾਂਝੇ ਬਿਆਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਇਸ ਵਰਤਾਰੇ ਦੀ ਤਪਸ਼ ਨੂੰ ਘਟਾ ਕਰ ਸਕਦੀ ਸੀ। ਕੈਨੇਡਾ ਵੱਲੋਂ ਭਾਰਤੀ ਡਿਪਲੋਮੇਟ ਬਾਹਰ ਕੱਢਣੇ ਅਤੇ ਇਸੇ ਦਿਨ ਆਸਟਰੇਲੀਆ ਪੁਲਿਸ ਵੱਲੋਂ ਮੰਦਰ ਹਮਲੇ ਵਿੱਚ ਮੰਦਰ ਦੇ ਪ੍ਰਬੰਧਕਾਂ ਨੂੰ ਹੀ ਦੋਸ਼ੀ ਕਰਾਰ ਦੇਣਾ ਕਿਤੇ ਨਾ ਕਿਤੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਬਰਾਬਰ ਮੰਨਿਆ ਜਾ ਰਿਹਾ ਹੈ ਜਿਸ ਨੂੰ ਕੋਈ ਵੀ ਆਪਣੀ ਪ੍ਰਭੂਸਤਾ ਨਾਲ ਖਿਲਵਾੜ ਕਰਨ ਦੀ ਆਗਿਆ ਨਹੀਂ ਦੇ ਸਕਦਾ। ਆਸਟਰੇਲੀਆ ਵਿੱਚ ਮੰਦਰ ਉਪਰ ਨਫ਼ਰਤੀ ਨਾਹਰਿਆਂ ਅਤੇ ਖ਼ਾਲਿਸਤਾਨੀ ਜਾਂ ਸਿੱਖਾਂ ਉਪਰ ਮੜ੍ਹਨ ਦੀ ਕੋਝੀ ਹਰਕਤ ਮੰਨਿਆ ਗਿਆ ਹੈ। ਵੱਡੇ ਮੁਲਕਾਂ ਨੇ ਆਪਣੇ ਦੇਸ਼ਾਂ ਵਿੱਚ ਹਰ ਨਾਗਰਿਕ ਨੂੰ ਬੋਲਣ, ਕਹਿਣ, ਸ਼ਾਂਤਮਈ ਮੁਜ਼ਾਹਰਿਆਂ ਦੇ ਮੌਲਿਕ ਅਧਿਕਾਰ ਦਿੱਤੇ ਹਨ। ਜਿਸ ਤਹਿਤ ਕੋਈ ਵਿਅਕਤੀ ਆਪਣੀ ਮੰਗ ਨੂੰ ਸ਼ਾਂਤਮਈ ਢੰਗ ਨਾਲ ਰੱਖ ਸਕਦਾ ਹੈ। ਇਸ ਤਰਾਂ ਦੀਆਂ ਘਟਨਾਵਾਂ ਨਾਲ ਭਾਰਤ ਵੱਲੋਂ ਦੂਜੇ ਦੇਸ਼ਾਂ ਵਿੱਚ ਅੰਦਰੂਨੀ ਦਖਲ ਅੰਦਾਜ਼ੀ ਨੂੰ ਖਤਰਨਾਕ ਰੁਝਾਨ ਦੇ ਨਜ਼ਰੀਏ ਨਾਲ ਲਿਆ ਗਿਆ ਹੈ। ਇਸ ਨਾਲ ਸਿੱਖਾਂ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਦਾ ਚਿਹਰਾ ਨੰਗਾ ਹੋਇਆ ਹੈ। ਵਿਦੇਸ਼ੀ ਸਿੱਖਾਂ ਵੱਲੋਂ ਨਵਾਬ ਮਲੇਰ ਕੋਟਲੇ ਵਾਂਗ ਜੁਸਟਿਨ ਟਰੂਡੋ ਦਾ ਸਿੱਖਾਂ ਦੇ ਹੱਕ ਵਿੱਚ ਹਾਂਅ ਦਾ ਨਾਹਰਾ ਮਾਰੇ ਦੇ ਤੁੱਲ ਸਮਝਿਆ ਜਾ ਰਿਹਾ ਹੈ। ਸਿੱਖਾਂ ਦੀ ਇਹ ਮੰਗ ਸੀ ਕਿ ਇਨਸਾਫ਼ ਤੱਕ ਪਹੁੰਚਣਾ ਚਾਹੀਦਾ ਹੈ। ਸਿੱਖਾਂ ਲਈ ਕਾਫ਼ੀ ਰਾਹਤ ਭਰੀ ਖ਼ਬਰ ਦੇ ਤੌਰ 'ਤੇ ਲਿਆ ਜਾ ਰਿਹਾ ਹੈ।

ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਖ਼ਾਲਿਸਤਾਨ ਦੇ ਹੱਕ ਵਿੱਚ ਕੀਤੇ ਜਾ ਰਹੇ ਰੈਫਰੈਂਡਮ ਅਤੇ ਭਾਰਤ ਵਿਰੋਧੀ ਕਾਰਵਾਈਆਂ ਨੂੰ ਮੰਨਿਆ ਗਿਆ ਹੈ। ਨਿੱਝਰ ਦੇ ਕਤਲ ਤੋ ਕੁਝ ਦਿਨ ਪਹਿਲਾਂ ਹੀ ਪੁਖਤਾ ਰਿਪੋਰਟਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਜਿਸ ਦਾ ਜ਼ਿਕਰ ਖੁਦ ਹਰਦੀਪ ਸਿੰਘ ਨਿੱਝਰ ਨੇ ਕੀਤਾ ਸੀ ਅਤੇ ਭਾਰਤੀ ਆਈ. ਟੀ. ਸੈਲ ਦੀਆਂ ਪੁਖਤਾ ਸੋਸ਼ਲ ਸਾਈਟਾਂ 'ਤੇ ਇਸ ਦਾ ਖ਼ੁਲਾਸਾ ਹੋ ਗਿਆ ਸੀ। ਭਾਰਤੀ ਖ਼ੁਫ਼ੀਆ ਏਜੰਸੀ ਦੇ ਮੁਖੀ ਅਜੀਤ ਡੋਵਾਲ ਨੇ ਆਪਣੀ ਗੱਲਬਾਤ ਵਿੱਚ ਇਹਨਾਂ ਗੱਲਾਂ ਦਾ ਖੰਡਨ ਨਹੀਂ ਕੀਤਾ ਸੀ ਜਿਸ ਤੋਂ ਸਿੱਧਾ ਸਾਬਤ ਹੋ ਗਿਆ ਸੀ ਕਿ ਖ਼ਾਲਿਸਤਾਨੀ ਆਗੂਆਂ ਦੇ ਕਤਲ ਇੱਕ ਸਹਿਜ ਵਰਤਾਰਾ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਵਿੱਚ ਪਰਮਜੀਤ ਸਿੰਘ ਪੰਜਵੜ ਦੇ ਕਤਲ ਨੂੰ ਭਾਰਤੀ ਏਜੰਸੀਆਂ ਨੇ ਇੱਕ ਸਮਗਲਰ ਦੇ ਤੌਰ 'ਤੇ ਮੀਡੀਆ ਵਿੱਚ ਪੇਸ਼ ਕੀਤਾ ਸੀ। ਜਿਸ 'ਤੇ ਪਾਕਿਸਤਾਨ ਨੇ ਬਿਆਨ ਤੱਕ ਦੇਣਾ ਜ਼ਰੂਰੀ ਨਹੀਂ ਸਮਝਿਆ ਗਿਆ। ਪਿਛਲੇ ਮਹੀਨੇ ਹੀ ਇੰਗਲੈਂਡ ਦੀ ਧਰਤੀ 'ਤੇ ਅਵਤਾਰ ਸਿੰਘ ਖੰਡੇ ਦਾ ਕਤਲ ਵੀ ਇਸੇ ਕੜੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਜਿਸ ਦੀ ਭੇਦ ਭਰੀ ਤਰੀਕੇ ਨਾਲ ਜ਼ਹਿਰ ਜਿਹੇ ਪਦਾਰਥ ਦੇਣ ਨਾਲ ਮੌਤ ਹੋਣ ਦੀ ਪੁਸ਼ਟੀ ਹੋਈ ਹੈ।

ਪੰਜਾਬ ਵਿੱਚ ਦੀਪ ਸਿੱਧੂ ਦੀ ਮੌਤ 'ਤੇ ਇੱਕ ਵੱਡੇ ਇਕੱਠ ਨੇ ਪੰਜਾਬ ਦੇ ਬਹੁਤ ਦੇਰ ਬਾਅਦ ਵੱਖਰੇ ਰੂਪ ਵਿੱਚ ਵੇਖਿਆ। ਇੱਕ ਆਗੂ ਦੇ ਤੌਰ 'ਤੇ ਸਥਾਪਤ ਹੋ ਰਿਹਾ ਸੀ। ਉਸ ਦਾ ਸਿੱਖ ਵਿਰੋਧੀ ਬਿਰਤਾਂਤ ਨੂੰ ਤੋੜਨ ਵਿੱਚ ਕਾਮਯਾਬ ਹੋਣ ਵੱਲ ਵਧਣਾ ਇੱਕ ਵੱਡਾ ਕਦਮ ਸੀ। ਸਿਮਰਨਜੀਤ ਸਿੰਘ ਮਾਨ ਦੀ ਸੰਗਰੂਰ ਤੋਂ ਨਿੱਠ ਕੇ ਜਿੱਤ ਦਿਵਾਉਣਾ, ਇਕ ਸੋਚ ਦੀ ਸਥਾਪਤੀ ਸ਼ੁਰੂ ਹੋ ਗਈ ਸੀ । ਉਸ ਦਾ ਵੀ ਇੱਕ ਸੜਕ ਹਾਦਸਾ ਸ਼ੱਕੀ ਵਿਖਾਈ ਦੇ ਰਿਹਾ ਹੈ। ਸਿੱਧੂ ਮੂਸੇ ਵਾਲੇ ਦਾ ਗੈਂਗਸਟਰਾਂ ਵੱਲੋਂ ਕਤਲ ਇੱਕ ਫਿਰੌਤੀ ਨਹੀਂ ਸੀ ਸਗੋਂ ਉਸ ਵੱਲੋਂ ਲਗਾਤਾਰ ਪੰਜਾਬ ਹਿੱਤ ਕੀਤੀਆਂ ਜਾ ਰਹੀਆਂ ਬਿਆਨਬਾਜ਼ੀਆਂ ਅਤੇ ਲਗਾਤਾਰ ਦੁਨੀਆ ਤੱਕ ਦੇ ਸੰਗੀਤ ਖੇਤਰ ਵਿੱਚ ਵੱਡੀ ਛਾਲ ਮਾਰਨ ਦੀ ਪੁੱਟੀ ਪੁਲਾਂਘ ਨੇ ਇੱਕ ਇਤਿਹਾਸ ਸਿਰਜ ਦਿੱਤਾ ਸੀ। ਉਸ ਦਾ ਕਤਲ ਵਿਉਂਤਬੰਦੀ ਨਾਲ ਸਧਾਰਨ ਗੈਂਗਵਾਰ ਦੀ ਲੜਾਈ ਦੇ ਤੌਰ 'ਤੇ ਪੇਸ਼ ਕੀਤਾ ਜੋ ਅਸਾਧਾਰਨ ਸੀ। ਪਿਛਲੇ ਪਾਰਲੀਮੈਂਟ ਸੈਸ਼ਨਾਂ ਵਿੱਚ ਸੰਗਰੂਰ ਤੋਂ ਚੁਣੇ ਐਮ. ਪੀ. ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਵਿਦੇਸ਼ੀ ਸਿੱਖਾਂ ਦੇ ਕਤਲਾਂ ਦੀ ਭਾਰਤੀ ਪਾਰਲੀਮੈਂਟ ਵਿੱਚ ਦੋ ਵਾਰ ਆਵਾਜ਼ ਚੁੱਕੀ ਸੀ।

ਸੋ ਭਾਰਤ ਦੀ ਪਿਛਲੇ ਦਸਾਂ ਸਾਲਾਂ ਵਿਚਲੀ ਨਵੀਂ ਰਾਜਨੀਤਕ ਤਬਦੀਲੀ ਸੰਸਾਰ ਪੱਧਰ ਦੇ ਸਮੀਕਰਨ ਨਾਲ ਮੇਲ ਖਾਂਦੀ ਨਜ਼ਰ ਨਹੀਂ ਆ ਰਹੀ। ਪੱਛਮੀ ਦੇਸ਼ਾਂ ਅਤੇ ਕਾਮਨਵੈਲਥ ਦੇਸ਼ਾਂ ਦਾ ਮਨੁੱਖੀ ਹੱਕਾਂ ਪ੍ਰਤੀ ਰਵੱਈਆ ਬਹੁਤ ਉਦਾਰਵਾਦੀ ਰਿਹਾ ਹੈ। ਦੁਨੀਆ ਵਿੱਚ ਭਾਰਤ ਨੂੰ ਆਪਣੀ ਬਣਦੀ ਥਾਂ ਹਾਸਲ ਕਰਨ ਲਈ ਆਪਣਾ ਨਜ਼ਰੀਆ ਬਦਲਣਾ ਪਵੇਗਾ। ਦੇਸ਼ ਦੀਆਂ ਘੱਟ ਗਿਣਤੀਆਂ ਕੌਮਾਂ ਅੰਦਰ ਸਹਿਮ ਪੈਦਾ ਕਰਨ ਵਾਲੇ ਮਾਹੌਲ, ਕਾਨੂੰਨਾਂ ਨੂੰ ਬੰਦ ਕਰਨਾ ਹੋਵੇਗਾ। ਸੰਸਾਰ ਪੱਧਰੀ ਵੱਡੀ ਪਹੁੰਚ ਅਪਣਾਉਣ ਦੀ ਲੋੜ ਹੈ। ਮਨੁੱਖੀ ਹੱਕਾਂ 'ਤੇ ਪਹਿਰੇਦਾਰੀ ਕਰਨ ਦਾ ਸਮਾਂ ਹੈ।

# ਕੈਨੇਡੀਅਨ ਸੰਘੀ ਰਾਜਨੀਤੀ ਅਤੇ ਸਿੱਖ ਕੌਮ ਦਾ ਦੁਖਾਂਤ

> *1961 ਵਿੱਚ 87 ਫ਼ੀਸਦੀ ਲੋਕਾਂ ਵੱਲੋਂ ਅੰਗਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਨੂੰ ਆਪਣੀਆਂ ਮਾਂ ਬੋਲੀਆਂ ਵਜੋਂ ਮਾਨਤਾ ਦਿੱਤੀ। 71 ਫ਼ੀਸਦੀ ਲੋਕਾਂ ਨੇ ਕ੍ਰਮਵਾਰ ਬ੍ਰਿਟਿਸ਼ ਅਤੇ ਫ਼ਰੈਂਚ ਕੌਮੀਅਤਾਂ ਨੂੰ ਆਪਣਾ ਮੂਲ ਮੰਨਿਆ। ਕੈਨੇਡਾ ਦੇ ਰਾਜਨੀਤਿਕ ਇਤਿਹਾਸ ਤੇ ਬ੍ਰਿਟਿਸ਼ ਪਾਰਲੀਮੈਂਟਰੀ ਪਰੰਪਰਾਵਾਂ ਅਤੇ ਕਿਉਬਕ ਵਿੱਚ ਵਸਣ ਵਾਲੀ ਫ਼ਰੈਂਚ ਬੋਲੀ ਬੋਲਣ ਵਾਲੀ ਕਿਊਬਕ ਕੌਮ ਦੀਆਂ ਰਾਜਸੀ ਇੱਛਾਵਾਂ ਅਤੇ ਮੰਗਾਂ ਦਾ ਅਸਰ ਸਾਫ਼ ਦਿਖਾਈ ਦਿੰਦਾ ਹੈ।*

ਕੈਨੇਡੀਅਨ ਸੰਘ ਉਸ ਸਮੇਂ ਤੋਂ ਹੋਂਦ ਵਿੱਚ ਆਇਆ, ਜਦੋਂ 1867 ਈ. ਵਿੱਚ ਤਿੰਨ ਬ੍ਰਿਟਿਸ਼ ਬਸਤੀਆਂ, ਪੂਰਬੀ ਤੇ ਪੱਛਮੀ ਕੈਨੇਡਾ, ਨੌਵਾ ਸ਼ਕੋਸ਼ੀਆ ਅਤੇ ਨਿਊ ਬਰੁਨਸਵਿਕ ਨੇ ਇਕੱਠਿਆਂ ਹੋ ਕੇ ਕੈਨੇਡੀਅਨ ਡੋਮੀਨੀਅਨ ਬਣਾਉਣ ਦਾ ਐਲਾਨ ਕੀਤਾ। ਡੋਮੀਨੀਅਨ ਹਕੂਮਤ ਤੋਂ ਭਾਵ ਅਜਿਹੀ ਰਾਜਸੀ ਸੱਤਾ ਤੋਂ ਹੈ ਜੋ ਬਸਤੀਵਾਦੀ ਰਾਜ ਦੇ ਹੇਠ ਕੰਮ ਕਰਦੀ ਹੈ। ਕੈਨੇਡੀਅਨ ਡੋਮੀਨੀਅਨ ਹਕੂਮਤ ਬ੍ਰਿਟਿਸ਼ ਰਾਜ ਹੇਠ ਬਣਾਈ ਗਈ ਸੀ, ਜਿਸ ਵਿੱਚ 90 ਫੀਸਦੀ ਤੋਂ ਵੀ ਵੱਧ ਬ੍ਰਿਟਿਸ਼ ਅਤੇ ਫਰੈਂਚ ਮੂਲ ਦੇ ਲੋਕ ਸ਼ਾਮਲ ਸਨ। 1961 ਵਿੱਚ 87 ਫੀਸਦੀ ਲੋਕਾਂ ਵੱਲੋਂ ਅੰਗਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਨੂੰ ਆਪਣੀਆਂ ਮਾਂ ਬੋਲੀਆਂ ਵਜੋਂ ਮਾਨਤਾ ਦਿੱਤੀ। 71 ਫ਼ੀਸਦੀ ਲੋਕਾਂ ਨੇ ਕ੍ਰਮਵਾਰ ਬ੍ਰਿਟਿਸ਼ ਅਤੇ ਫਰੈਂਚ ਕੌਮੀਅਤਾਂ ਨੂੰ ਆਪਣਾ ਮੂਲ ਮੰਨਿਆ। ਕੈਨੇਡਾ ਦੇ ਰਾਜਨੀਤਿਕ ਇਤਿਹਾਸ ਤੇ ਬ੍ਰਿਟਿਸ਼ ਪਾਰਲੀਮੈਂਟਰੀ ਪਰੰਪਰਾਵਾਂ ਅਤੇ ਕਿਉਬਕ ਵਿੱਚ ਵਸਣ ਵਾਲੀ ਫਰੈਂਚ ਬੋਲੀ ਬੋਲਣ ਵਾਲੀ ਕਿਊਬਕ ਕੌਮ ਦੀਆਂ ਰਾਜਸੀ ਇੱਛਾਵਾਂ ਅਤੇ ਮੰਗਾਂ ਦਾ ਅਸਰ ਸਾਫ਼ ਦਿਖਾਈ ਦਿੰਦਾ ਹੈ।

1867 ਵਿੱਚ ਜਦੋਂ ਕੈਨੇਡੀਅਨ ਰਾਜ ਸਿਰਜਿਆ ਗਿਆ ਤਾਂ ਬ੍ਰਿਟਿਸ਼ ਮੂਲ ਦੇ ਆਗੂਆਂ ਵੱਲੋਂ ਭਾਰਤੀ ਰਾਜ ਵਰਗੀ ਇਕਹਿਰੀ ਪਾਰਲੀਮੈਂਟਰੀ ਪ੍ਰਣਾਲੀ ਸਿਰਜਣ ਦਾ ਐਲਾਨ ਕੀਤਾ ਗਿਆ ਜੋ ਕਿ ਪਾਰਲੀਮੈਂਟਰੀ ਪ੍ਰਭੂ ਸੱਤਾ 'ਤੇ ਆਧਾਰਿਤ ਸੀ ਪਰ ਇਸ ਦੇ ਉਲਟ ਫਰੈਂਚ ਆਗੂਆਂ ਨੇ ਸੰਘੀ ਪ੍ਰਣਾਲੀ ਸਿਰਜਣ ਦੀ ਮੰਗ ਕੀਤੀ, ਜੋ ਉਹਨਾਂ ਦੀ ਸੱਭਿਆਚਾਰਕ ਹੋਂਦ ਲਈ ਜ਼ਰੂਰੀ ਸੀ। ਇਸੇ ਸੰਦਰਭ ਵਿੱਚ ਅੰਗਰੇਜ਼ ਆਗੂਆਂ ਵੱਲੋਂ ਕੈਨੇਡੀਅਨ ਪਾਰਲੀਮੈਂਟ ਨੂੰ ਕੇਂਦਰੀਕ੍ਰਿਤ ਤਾਕਤਾਂ ਦੇਣ ਦੀ ਵਕਾਲਤ ਕੀਤੀ ਤੇ ਫਰੈਂਚ ਆਗੂਆਂ ਨੇ ਕੈਨੇਡਾ ਵਿੱਚ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਦੀ ਮੰਗ ਕੀਤੀ। ਫਰੈਂਚ ਆਗੂਆਂ ਨੇ 'ਸੰਘੀ ਪ੍ਰਣਾਲੀ' ਨੂੰ ਮਾਨਤਾ ਦਿਵਾ ਲਈ। ਸੰਘੀ ਪ੍ਰਣਾਲੀ ਦੀ ਮਹੱਤਤਾ ਨੂੰ ਸਮਝ ਕੇ ਅੰਗਰੇਜ਼ ਆਗੂਆਂ ਨੇ ਇਸ ਨੂੰ ਅੰਗਰੇਜ਼ ਲੋਕਾਂ ਦੀ ਬਹੁਗਿਣਤੀ ਸੂਬਿਆਂ ਵਿੱਚ ਲਾਗੂ ਕਰਨਾ ਵੀ ਮੰਨ ਲਿਆ। ਇਸੇ ਕਰਕੇ ਕੈਨੇਡੀਅਨ ਸੰਘ ਅਸਲ ਵਿੱਚ ਕੈਨੇਡੀਅਨ ਰਾਜਾਂ ਦੀ ਕਨਫੈਡਰੇਸ਼ਨ ਹੈ, ਜਿਸ ਵਿੱਚ ਰਾਜ ਜਾਂ ਸੂਬੇ ਕੈਨੇਡਾ ਦੀ ਅੰਦਰੂਨੀ ਰਾਜਨੀਤੀ ਵਿੱਚ ਭਾਰੂ ਰਹਿੰਦੇ ਹਨ।

ਕੈਨੇਡਾ ਦੀ ਸਿਰਜਣਾ ਦੇ ਕੁੱਝ ਸਾਲ ਪਹਿਲਾਂ ਭਾਵ 1849 ਵਿੱਚ ਸਿੱਖ ਅੰਗਰੇਜ਼ਾਂ ਦੇ ਗੁਲਾਮ ਹੋਏ ਸਨ। ਵੀਹਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਸਿੱਖ ਕੈਨੇਡਾ ਪਹੁੰਚੇ। ਇਨ੍ਹਾਂ ਸਾਲਾਂ ਵਿੱਚ ਅਮਰੀਕਾ ਤੇ ਕੈਨੇਡਾ ਪਹੁੰਚੇ ਇਨ੍ਹਾਂ ਸਿੱਖਾਂ ਦੇ ਰਾਜਸੀ ਤੇ ਸਮਾਜਿਕ ਵਿਹਾਰ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਬਹੁਤਾ ਔਖਾ ਨਹੀਂ ਹੈ ਕਿ 1849 ਤੋਂ ਬਾਅਦ ਸਿੱਖਾਂ ਦਾ ਰਾਜਸੀ ਤੇ ਬੌਧਿਕ ਹਿੱਸਾ ਅਤਿ ਕਮਜੋਰੀ ਦੀ ਹਾਲਤ ਵਿੱਚ ਸੀ। ਭਾਵੇਂ ਇਹ ਹਿੱਸੇ ਬਾਅਦ ਵਿੱਚ ਵੀ ਬਹੁਤੇ ਕਾਰਗਾਰ ਸਾਬਤ ਨਹੀਂ ਹੋਏ। ਸਿਵਾਏ ਸਿੰਘ ਸਭਾ ਲਹਿਰ ਦੇ ਬੌਧਿਕ ਆਗੂਆਂ ਦੇ , ਬਾਕੀ ਹਿੱਸਾ ਬ੍ਰਿਟਿਸ਼ ਦੌਰ ਵਿੱਚ ਭਾਰਤੀ ਨੇਸ਼ਨ ਦਾ ਹਿੱਸਾ ਬਣਿਆ ਰਿਹਾ। ਅਜਿਹਾ ਨਹੀਂ ਸੀ ਕਿ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਪੜ੍ਹੇ ਲਿਖੇ ਸਿੱਖ ਕੈਨੇਡਾ ਤੇ ਅਮਰੀਕਾ ਦੀ ਧਰਤੀ 'ਤੇ ਨਹੀਂ ਪਹੁੰਚੇ ਸਨ। ਸੰਤ ਤੇਜਾ ਸਿੰਘ ਜੀ ਵਰਗਾ ਅਤਿ ਪੜ੍ਹਿਆ ਲਿਖਿਆ ਸਿੱਖ ਇਥੇ ਮੌਜੂਦ ਸੀ। ਇਨ੍ਹਾਂ ਸਾਲਾਂ ਵਿੱਚ ਦਸ ਕੁ ਹਜ਼ਾਰ ਸਿੱਖ ਅਮਰੀਕਾ ਦੇ ਸੈਨ ਫਰਾਂਸਿਸਕੋ ਤੇ ਕੈਨੇਡਾ ਦੇ ਵੈਨਕੂਵਰ ਵਿੱਚ ਰਹਿ ਰਹੇ ਸਨ। ਇਨ੍ਹਾਂ ਸਿੱਖਾਂ ਦੀ ਰਾਜਸੀ ਤੇ ਬੌਧਿਕ ਚੇਤਨਾ ਏਨੀ ਕਮਜ਼ੋਰ ਸੀ ਕਿ ਇੰਗਲੈਂਡ ਤੋਂ ਇੱਕ ਖਾਸ ਮਿਸ਼ਨ ਤਹਿਤ ਅਮਰੀਕਾ ਆਏ 'ਲੰਡਨ ਕ੍ਰਾਂਤੀਕਾਰੀ ਗਰੁੱਪ' ਦੇ ਹਿੰਦੂ ਨੇਸ਼ਨਲਿਸਟ ਆਗੂ ਲਾਲਾ ਹਰਦਿਆਲ ਨੇ ਥੋੜੇ ਸਮੇਂ ਵਿੱਚ ਹੀ ਇਨ੍ਹਾਂ ਸਿੱਖਾਂ ਦੀ ਸਾਂਝੀ ਸੋਚ ਨੂੰ ਕਾਬੂ ਕਰ ਲਿਆ। ਇਥੋਂ ਤਕ ਕਿ ਸੰਤ ਤੇਜਾ ਸਿੰਘ ਵਰਗਾ ਉੱਚ ਵਿਦਿਆ ਪੜ੍ਹਿਆ ਸਿੱਖ ਲਾਲਾ ਹਰਦਿਆਲ ਦੇ ਅਸਰ ਹੇਠ ਆ ਗਿਆ। ਸਿੱਟੇ ਵਜੋਂ ਚੰਗੇ -ਭਲੇ ਸਿੱਖ ਸਰਦਾਰ ਆਪਣੇ ਆਪ ਨੂੰ 'ਹਿੰਦੀ' ਅਤੇ 'ਭਾਰਤ ਮਾਤਾ ਦੇ ਸਪੂਤ' ਕਹਾਉਣ ਲੱਗੇ। ਗਦਰ ਲਹਿਰ ਇਸੇ ਕੁਰਾਹੇ ਦਾ ਸਿੱਟਾ ਸੀ। ਭਾਰਤੀ ਰਾਸ਼ਟਰਵਾਦ ਦਾ ਜਾਦੂ ਸਿੱਖਾਂ ਦੇ ਸਿਰ 'ਤੇ ਇਸ ਹੱਦ ਤੱਕ ਚੜ੍ਹਿਆ ਕਿ ਵੈਨਕੂਵਰ ਤੇ ਸੈਨ ਫਰਾਂਸਿਸਕੋ ਵਿੱਚ ਮੋਹਰੀ ਸਿੱਖਾਂ ਨੇ ਗੁਰਦੁਆਰਿਆਂ ਵਿੱਚ ਇੱਕ ਦੂਜੇ ਨੂੰ ਮਿਲਣ ਵੇਲੇ ਫਤਿਹ ਬੁਲਾਉਣੀ ਛੱਡ ਕੇ 'ਬੰਦੇ ਮਾਤਰਮ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਉੱਧਰ ਇੰਗਲੈਂਡ ਵਿੱਚ ਵੀ ਇਸੇ ਸਮੇਂ ਦੌਰਾਨ ' ਲੰਡਨ ਕ੍ਰਾਂਤੀਕਾਰੀ ਗਰੁੱਪ' ਦੇ ਵੀਰ ਸਾਵਰਕਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਸਮੇਂ ਲਿਖੇ ਇੱਕ ਕਿਤਾਬਚੇ ਨੂੰ ਕੇਕਸਟਨ ਹਾਲ ਵਿੱਚ ਜਾਰੀ ਕੀਤਾ ਗਿਆ ਤੇ ਉਥੇ ਮੌਜੂਦ ਸਿੱਖ ਇੱਕ ਝਟਕੇ ਵਿੱਚ ਹੀ ਭਾਰਤ ਮਾਤਾ ਦੇ ਪੈਰੀਂ ਪਏ ਸੰਗਲ਼ ਤੋੜਨ ਤੁਰ ਪਏ ਸਨ। ਸਿੱਖ ਜਦੋਂ ਇਸ ਰਾਸ਼ਟਰਵਾਦੀ ਕੁਰਾਹੇ ਦਾ ਸ਼ਿਕਾਰ ਹੋ ਰਹੇ ਸਨ ਉਸ ਸਮੇਂ ਕੈਨੇਡਾ ਵਿੱਚ ' ਸਹਿਕਾਰੀ ਸੰਘਵਾਦ' ਦੀ ਪਰੰਪਰਾ ਸੰਵਿਧਾਨਕ ਤੌਰ 'ਤੇ ਲਾਗੂ ਹੋ ਚੁੱਕੀ ਸੀ। ਕੈਨੇਡੀਅਨ ਸੰਵਿਧਾਨ ਮੁੱਖ ਤੌਰ 'ਤੇ ਸੰਘੀ ਸਰਕਾਰ ਅਤੇ ਸੂਬਾ ਸਰਕਾਰਾਂ ਵਿਚਕਾਰ ਸਬੰਧਾਂ, ਸੰਘੀ ਸਰਕਾਰ ਦੇ ਬ੍ਰਿਟਿਸ਼ ਰਾਜ ਨਾਲ ਸਬੰਧਾਂ ਅਤੇ ਕੁਝ ਭਾਸ਼ਾਈ ਅਤੇ ਵਿਦਿਅਕ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ। ਸੰਘੀ ਸਰਕਾਰ ਅਤੇ ਕੈਬਨਿਟ ਦੇ ਰਿਸ਼ਤੇ ਕੁਝ ਪਰੰਪਰਾਵਾਂ 'ਤੇ ਖੜੇ ਹਨ ਜੋ ਸਮੇਂ ਨਾਲ ਵਿਗਾਸ ਕਰਦੇ ਰਹਿੰਦੇ ਹਨ। ਇਸ ਸਬੰਧੀ ਲਿਖਿਤ ਸੰਵਿਧਾਨ ਬਣਾਉਣ ਬਾਰੇ ਕੈਨੇਡਾ ਦੀ ਸੂਬਿਆਂ ਵਿਚਕਾਰ ਵਿਵਾਦ ਉੱਭਰਦੇ ਰਹੇ ਹਨ।

ਬ੍ਰਿਟਿਸ਼ ਕਾਲ ਦੌਰਾਨ ਜਦੋਂ ਕੈਨੇਡਾ ਦੇ ਸੂਬੇ ਪੂਰੀ ਤਾਕਤ ਨਾਲ ਕੈਨੇਡਾ ਦੀਆਂ ਸੰਘੀ ਨੀਤੀਆਂ ਨੂੰ ਕਾਬੂ ਵਿੱਚ ਰੱਖ ਰਹੇ ਸਨ, ਉਸ ਸਮੇਂ ਸਿੱਖ ਦਿਮਾਗੀ ਤੌਰ 'ਤੇ ਅਤਿ-ਕੇਂਦਰੀਕ੍ਰਿਤ ਭਾਰਤੀ ਰਾਜ ਦੇ ਵਿਚਾਰ ਨੂੰ ਮੰਨ ਚੁੱਕੇ ਸਨ। 1929-30 ਵਿੱਚ ਸੈਂਟਰਲ ਸਿੱਖ ਲੀਗ ਦੇ ਕਾਂਗਰਸੀ ਏਜੰਟ ਵਜੋਂ ਕੰਮ ਕਰਦੇ ਮੰਗਲ ਸਿੰਘ ਢਿੱਲੋਂ ਨੇ ਬਿਨਾਂ ਸ਼ਰਤ 'ਨਹਿਰੂ ਸੰਵਿਧਾਨ' 'ਤੇ ਦਸਤਖ਼ਤ ਕਰ ਦਿੱਤੇ ਸਨ। ਨਹਿਰੂ ਸੰਵਿਧਾਨ ਵਿੱਚ ਹੀ ਕਾਂਗਰਸੀ ਆਗੂਆਂ ਨੇ ਭਵਿੱਖ ਮੁਖੀ ਭਾਰਤੀ ਰਾਜ ਵਿੱਚ ਘੱਟ -ਗਿਣਤੀ ਕੌਮਾਂ ਨੂੰ 'ਕਨੂੰਨੀ ਰੱਖਿਆਵਾਂ' ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮਾਸਟਰ ਤਾਰਾ ਸਿੰਘ ਨੇ ਭਾਵੇਂ ਇਸ ਦਾ ਵਿਰੋਧ ਕੀਤਾ ਪਰ ਇਹ ਵਿਰੋਧ ਸਿੱਖ ਹਿੱਤਾਂ ਦੇ ਫਿਕਰ ਵਿਚੋਂ ਨਹੀਂ ਸੀ ਨਿਕਲਿਆ ਬਲਕਿ ਇਹ ਮੁਸਲਮਾਨਾਂ ਨੂੰ ਵੱਧ ਅਧਿਕਾਰ ਦੇਣ ਦੇ ਡਰ ਵਿਚੋਂ ਨਿਕਲਿਆ ਸੀ। ਕਾਂਗਰਸੀ ਆਗੂਆਂ ਨੇ ਮੰਗਲ ਸਿੰਘ ਢਿੱਲੋਂ ਵੱਲੋਂ ਇਸ ਸੰਵਿਧਾਨ ਨੂੰ ਬਿਨ੍ਹਾਂ ਸ਼ਰਤ ਮੰਨ ਲੈਣ ਲਈ ਉਸ ਦੇ ਰਾਜਨੀਤਕ ਗੁੱਡੇ ਬੰਨੇ ਗਏ ਸਨ। ਅਸਲ ਵਿੱਚ ਮਾਨਸਿਕ ਤੌਰ 'ਤੇ ਗੁਲਾਮ ਸਿੱਖਾਂ ਦੀ ਰਾਜਸੀ ਹੋਣੀ ਦਾ ਫੈਸਲਾ ਮੰਗਲ ਸਿੰਘ ਢਿੱਲੋਂ ਨੇ ਹੀ ਕਰ ਦਿੱਤਾ ਸੀ। ਸਰਦੂਲ ਸਿੰਘ ਕਵੀਸ਼ਰ, ਜਸਵੰਤ ਸਿੰਘ ਝਬਾਕ ਤੇ ਉਹਦੇ ਭਰਾ ਤੇ ਮੰਗਲ ਸਿੰਘ ਢਿੱਲੋਂ ਦੀ ਰਾਜਸੀ ਭੂਮਿਕਾ ਤੇ ਮੰਤਵ ਇੱਥੇ ਹੀ ਪੂਰਾ ਹੋ ਚੁੱਕਾ ਸੀ। ਸੈਂਟਰਲ ਸਿੱਖ ਲੀਗ ਦਾ ਸਫ਼ਰ ਵੀ ਇੱਥੇ ਤਕ ਹੀ ਸੀ। ਸਿੱਖਾਂ ਦੇ ਸੱਭਿਆਚਾਰਕ ਮਨ ਤੇ ਦੇਸ਼ ਦਾ ਭਾਰਤੀ ਸੰਕਲਪ ਏਨਾ ਗਹਿਰਾ ਅਸਰ ਪਾ ਚੁੱਕਿਆ ਸੀ ਕਿ ਕਿਸੇ ਵੀ ਸਿੱਖ ਆਗੂ ਅਤੇ ਬੁੱਧੀਜੀਵੀ ਨੇ ਇਸ ਸਮੇਂ ਦੌਰਾਨ ਦੂਜੇ ਸੰਘੀ ਰਾਜਾਂ ਅੰਦਰਲੇ ਰਾਜਸੀ ਢਾਂਚਿਆਂ ਦੇ ਕੰਮ ਕਰਨ ਦੇ ਢੰਗਾਂ ਬਾਰੇ ਜਾਨਣ -ਸਮਝਣ ਦੀ ਕੋਈ ਉਦਾਹਰਨ ਸਾਹਮਣੇ ਨਹੀਂ ਆਉਂਦੀ। ਉਹ ਹਮੇਸ਼ਾ ਭਾਰਤੀ ਕੌਮ ਦਾ ਹਿੱਸਾ ਬਣ ਕੇ ਚੱਲੇ। ਇਸ ਰਾਜਸੀ ਗੁਲਾਮੀ ਦਾ ਪਹਿਲਾ ਤੋਹਫ਼ਾ ਇਨ੍ਹਾਂ ਨੂੰ 'ਭਾਰਤੀ ਸੰਵਿਧਾਨ ਸਭਾ ' ਵਿੱਚ ਮਿਲਿਆ। ਇਸ ਤੋਂ ਪਹਿਲਾਂ ਸਿੱਖਾਂ ਵੱਲੋਂ ਸੰਵਿਧਾਨ ਸਭਾ ਦਾ ਬਾਈਕਾਟ ਕਰਨ ਦੇ ਐਲਾਨ ਤੋਂ ਬਾਅਦ ਕਾਂਗਰਸ ਕਾਰਜਕਾਰੀ ਕਮੇਟੀ ਨੇ ਸਿੱਖ ਮੰਗਾਂ ਨੂੰ ਮੰਨਣ ਲਈ ਵਿਚਾਰ ਕਰਨ ਦਾ ਭਰੋਸਾ ਦਿੱਤਾ ਸੀ। ਪੰਥਕ ਬੋਰਡ ਦੇ ਆਗੂ ਉੱਜਲ ਸਿੰਘ ਨੇ ਇਸ ਬਿਆਨ ਦੇ ਆਧਾਰ ਦੇ ਸੰਵਿਧਾਨ ਸਭਾ ਵਿੱਚ ਹਿੱਸਾ ਲੈਣਾ ਮੰਨਿਆ, ਮੈਨੂੰ ਕਾਂਗਰਸ ਆਗੂਆਂ 'ਤੇ ਪੂਰਨ ਭਰੋਸਾ ਹੈ। ਹੁਣ 'ਪਵਿੱਤਰ ਸ਼ਬਦਾਂ ' ਨੂੰ ਵਿਹਾਰਕ ਰੂਪ ਦੇਣ ਦਾ ਸਮਾਂ ਆ ਗਿਆ ਹੈ।

ਕੁਝ ਦਿਨਾਂ ਬਾਅਦ ਵੀ ਭਾਰਤੀ ਆਗੂ ਸਰਦਾਰ ਪਟੇਲ ਨੇ 'ਪਵਿੱਤਰ ਸ਼ਬਦਾਂ' ਨੂੰ ਵਿਹਾਰਕ ਰੂਪ ਸੰਵਿਧਾਨ ਸਭਾ ਵਿੱਚ ਇਸ ਤਰਾਂ ਦਿੱਤਾ

'ਅਸੀਂ ਇੱਕ ਕੌਮ ਸਿਰਜਣ ਜਾ ਰਹੇ ਰਹੇ ਹਾਂ। ਇਸ ਨੂੰ ਤੋੜਨ ਵਾਲੇ ਦਾ ਇਸ ਵਿੱਚ ਕੋਈ ਥਾਂ ਨਹੀਂ ਹੈ। ਹੁਣ ਘੱਟ ਗਿਣਤੀਆਂ ਨੂੰ ਬਹੁਗਿਣਤੀ ਦੀ ਉਦਾਰਤਾ ਜਾਂ ਦਿਆਲਤਾ ਅਨੁਸਾਰ ਜੀਣਾ ਸਿੱਖਣਾ ਪਵੇਗਾ।'



ਇਸ ਤੋਂ ਬਾਅਦ ਸਰਦਾਰ ਪਟੇਲ ਨੇ 'ਸਲਾਹਕਾਰ ਕਮੇਟੀ' ਦੇ ਮੁਖੀ ਵਜੋਂ ਸਿੱਖ ਆਗੂਆਂ ਵੱਲੋਂ 'ਸੰਵਿਧਾਨਕ ਰਾਖੀ' ਦੇਣ ਦੀਆਂ ਸਾਰੀਆਂ ਮੰਗਾਂ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਗੁਰਮੁਖੀ ਲਿਪੀ ਤਕ ਨੂੰ ਖਤਮ ਕਰਨ ਦੀਆਂ ਭਾਰਤੀ ਨੀਤੀਆਂ ਲਾਗੂ ਕੀਤੀਆਂ ਗਈਆਂ। 1966 ਤੱਕ ਪੰਜਾਬੀ ਸੂਬੇ ਦੀ ਕਾਇਮੀ ਲਈ ਅਕਾਲੀਆਂ ਨੂੰ ਲੰਬਾ ਸੰਘਰਸ਼ ਲੜਨਾ ਪਿਆ। ਆਜ਼ਾਦ ਭਾਰਤ ਵਿੱਚ ਸੂਬਿਆਂ ਦੀ ਹੋਂਦ ਕੇਂਦਰੀ ਪਾਰਲੀਮੈਂਟ ਦੇ ਤਰਸ ਉੱਤੇ ਛੱਡ ਦਿੱਤੀ ਗਈ। ਇਸ ਦੇ ਉਲਟ ਕੈਨੇਡਾ ਵਿੱਚ ਸੂਬੇ ਪੂਰੇ ਤਾਕਤਵਰ ਹੋ ਕੇ ਉੱਭਰੇ। 1971 ਵਿੱਚ ਡੋਮਿਨੀਅਨ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵਿਚਕਾਰ ਸੰਘੀ ਸਰਕਾਰ ਦੀਆਂ ਕਾਰਵਾਈਆਂ ਅਤੇ ਤਾਕਤਾਂ ਬਾਰੇ ਸੰਵਿਧਾਨਕ ਨਿਯਮ ਬਣਾਉਣ ਬਾਰੇ ਸਮਝੌਤਾ ਕੀਤਾ ਗਿਆ ਪਰ ਕਿਊਬਕ ਦੀ ਸਰਕਾਰ ਵੱਲੋਂ ਇਸ ਸਮਝੌਤੇ ਨੂੰ ਇਹ ਕਹਿ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ ਕਿ ਇਹ ਸਮਝੌਤਾ ਕਿਊਬਕ ਰਾਜ ਨੂੰ ਸੱਭਿਆਚਾਰਕ ਤੇ ਸਮਾਜਿਕ ਨੀਤੀਆਂ ਅਤੇ ਵਿੱਤੀ ਮਾਮਲਿਆਂ ਬਾਰੇ ਖ਼ੁਦਮੁਖ਼ਤਿਆਰੀ ਨਹੀਂ ਦਿੰਦਾ। ਇਥੇ ਇਹ ਜਾਨਣਾ ਮਹੱਤਵਪੂਰਨ ਹੈ ਕਿ ਕੈਨੇਡੀਅਨ ਸੂਬਿਆਂ ਦੀ ਮਨਜ਼ੂਰੀ ਤੋਂ ਬਿਨ੍ਹਾਂ ਕੋਈ ਸੰਵਿਧਾਨਕ ਸਮਝੌਤਾ ਜਾਂ ਸੋਧ ਨਹੀਂ ਹੁੰਦੀ। ਇਥੋਂ ਤਕ ਕਿ ਸੰਘੀ ਸਰਕਾਰ ਦੀਆਂ ਕਾਰਵਾਈਆਂ ਸਬੰਧੀ ਵੀ ਹਰੇਕ ਸੂਬੇ ਦੇ ਆਗੂਆਂ ਦੀ ਮਨਜ਼ੂਰੀ ਲੈਣ ਦੀ ਪਰੰਪਰਾ ਹੈ। ਕੈਨੇਡਾ ਦੇ ਇਤਿਹਾਸ ਵਿੱਚ ਦੋ ਵਾਰ ਸੰਘੀ ਸਰਕਾਰਾਂ ਇਸ ਕਰਕੇ ਡਿੱਗੀਆਂ ਹਨ ਕਿਉਂਕਿ ਇਨ੍ਹਾਂ ਨੂੰ ਕਿਸੇ ਇੱਕ ਰਾਜ ਦੇ ਆਗੂਆਂ ਦਾ ਸਹਿਯੋਗ ਨਹੀਂ ਸੀ ਮਿਲਿਆ।

ਕੈਨੇਡਾ ਦਾ ਸੰਘੀ ਢਾਂਚਾ ਭਾਰਤੀ ਰਾਜ ਵਾਂਗ ਸੂਬਿਆਂ ਤੇ ਥੋਪਿਆ ਨਹੀਂ ਗਿਆ। ਇਨ੍ਹਾਂ ਰਾਜਾਂ ਦੀ ਆਪਣੀ ਰਾਜਨੀਤਿਕ ਪਛਾਣ ਹੈ। ਭਾਰਤੀ ਰਾਜ ਵਾਂਗ ਕੈਨੇਡਾ ਕਿਸੇ ਇਕਹਿਰੀ ਰਾਜਨੀਤਿਕ ਪਛਾਣ ਵਾਲਾ ਰਾਜ ਨਹੀਂ ਹੈ। ਕਈ ਵਾਰ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਕੋਈ ਨੀਤੀ ਲਾਗੂ ਕਰਨ ਲਈ ਆਪਣੀ ਪਾਰਟੀ ਦੇ ਵੱਖ ਵੱਖ ਆਗੂਆਂ ਨਾਲ ਸਮਝੌਤਾ ਕਰਨਾ ਪੈਂਦਾ ਹੈ। ਕੈਨੇਡਾ ਦੀ 'ਸੰਘੀ ਕੇਂਦਰੀ ਪ੍ਰਣਾਲੀ' ਦੀ ਸੂਬਿਆਂ ਦੀ ਅੰਦਰੂਨੀ ਰਾਜਨੀਤੀ ਵਿੱਚ ਕੋਈ ਬਹੁਤੀ ਹੋਂਦ ਨਹੀਂ ਹੈ। ਇਸ ਦੇ ਉਲਟ ਭਾਰਤੀ ਰਾਜ ਅੰਦਰ ਸ ਬੇ ਕੇਂਦਰੀ ਸਰਕਾਰ ਦੇ ਰਹਿਮ ਉੱਤੇ ਕਾਇਮ ਹਨ। ਸੂਬਿਆਂ ਦੇ ਆਗੂਆਂ ਦੀ ਹਸਤੀ ਕੇਂਦਰੀ ਹਕੂਮਤ ਅਤੇ ਕੇਂਦਰੀ ਆਗੂਆਂ ਦੀ ਸਹਿਮਤੀ 'ਤੇ ਕਾਇਮ ਰਹਿੰਦੀ ਹੈ। ਇਸ ਦੇ ਉਲਟ ਕੈਨੇਡਾ ਵਿੱਚ ਸੂਬਿਆਂ ਦੇ ਆਗੂਆਂ ਦੀ ਸਹਿਮਤੀ ਸੰਘੀ ਸਰਕਾਰ ਦੀ ਕਾਮਯਾਬੀ ਲਈ ਜ਼ਰੂਰੀ ਹੁੰਦੀ ਹੈ। ਕੈਨੇਡਾ ਵਿੱਚ ਪ੍ਰਧਾਨ ਮੰਤਰੀ ਡੀਫ਼ਨਬੇਕਰ ਦੀ ਸਰਕਾਰ ਦੇ ਡਿੱਗਣ ਵਿੱਚ ਕਿਊਬਕ ਆਗੂਆਂ ਵੱਲੋਂ ਸਹਿਯੋਗ ਨਾ ਦੇਣ ਦੀ ਨੀਤੀ ਜਿੰਮੇਵਾਰ ਸੀ ਹਾਲਾਂ ਕਿ ਡੀਫ਼ਨਬੇਕਰ ਸਰਕਾਰ ਵਿਹਾਰਕ ਤੌਰ 'ਤੇ ਕਿਊਬਕ ਦੇ ਵਿਰੁੱਧ ਨਹੀਂ ਸੀ। ਇਸੇ ਤਰਾਂ 1911 ਵਿੱਚ ਲੋਰੀਅਰ ਸਰਕਾਰ ਦੇ ਡਿੱਗਣ ਵਿੱਚ ਉਂਟਾਂਰੀਊ ਸੂਬੇ ਦੇ ਆਗੂਆਂ ਨਾਰਾਜ਼ਗੀ ਜਿੰਮੇਵਾਰ ਸੀ। ਇਸੇ ਕਰਕੇ 1906 ਵਿੱਚ ਫੈਡਰਲ ਪ੍ਰੋਵਿੰਸੀਅਲ ਕਾਨਫਰੰਸ ਨਾਂਅ ਦੀ ਸੰਸਥਾ ਹੋਂਦ ਵਿੱਚ ਆਈ। ਕੈਨੇਡਾ ਵਿੱਚ ਕੈਨੇਡਾ ਦੀ ਕੈਬਨਿਟ ਵਿੱਚ ਹੋਏ ਫੈਸਲਿਆਂ ਨਾਲੋਂ ਇਸ ਸੰਸਥਾ ਵਿੱਚ ਹੋਏ ਫੈਸਲੇ ਜਿਆਦਾ ਮਹੱਤਤਾ ਰੱਖਦੇ ਹਨ। ਕੈਨੇਡਾ ਦੀ ਸੰਘੀ ਪ੍ਰਣਾਲੀ ਦਾ ਇਹ ਖਾਸ ਗੁਣ ਹੈ ਕਿ ਇਹ 'ਸੂਬਿਆਂ ਦੇ ਆਗੂਆਂ ' ਤੋਂ ਬਿਨ੍ਹਾਂ ਕੰਮ ਨਹੀਂ ਕਰਦੀ। ਭਾਰਤੀ ਰਾਜ ਵਿੱਚ ਸੂਬਿਆਂ ਦੇ ਆਗੂ ਜਾਂ ਤਾਂ ਕੇਂਦਰੀ ਪਾਰਟੀਆਂ ਦੇ ਪੂਰਨ ਵਫ਼ਾਦਾਰ ਹੁੰਦੇ ਹਨ ਤੇ ਆਮ ਤੌਰ 'ਤੇ ਆਪਣਿਆਂ ਸੂਬਿਆਂ ਦੇ ਹਿੱਤਾਂ ਦੇ ਵਿਰੋਧ ਵਿੱਚ ਕੇਂਦਰੀ ਹਿੱਤਾਂ ਲਈ ਕੰਮ ਕਰਦੇ ਹਨ ਤੇ ਜਾਂ ਹਮੇਸ਼ਾ ਕੇਂਦਰ ਸਰਕਾਰ ਦੀਆਂ 'ਰਾਸ਼ਟਰੀ ਰਾਜ' ਲਾਗੂ ਕਰਨ ਵਾਲੀਆਂ ਤਾਕਤਾਂ ਦੇ ਡਰ ਹੇਠ ਕੰਮ ਕਰਦੇ ਹਨ। ਭਾਰਤ ਵਿੱਚ ਸੂਬਿਆਂ ਦੀ ਹੋਂਦ ਪੱਛਮ ਵਿਚਲੀਆਂ ਮਿਊਂਸਪਲ ਕਮੇਟੀਆਂ ਤੋਂ ਵੀ ਕਮਜ਼ੋਰ ਹੈ। ਪੰਜਾਬ ਵਿਚਲੀਆਂ ਪਾਰਟੀਆਂ ਦੇ ਆਗੂ ਤਾਂ ਇਸ ਵਰਤਾਰੇ ਦੀ ਉੱਘੜਵੀਂ ਮਿਸਾਲ ਹੈ। ਇਸ ਦੇ ਨਾਲ ਹੀ ਕੈਨੇਡਾ ਦੀ ਸੰਘੀ ਪ੍ਰਣਾਲੀ ਇੰਨੀ ਪੱਕ ਚੁੱਕੀ ਹੈ ਕਿ ਇਸ ਵਿੱਚ ਸੂਬਿਆਂ ਦੀ ਅੰਦਰੂਨੀ ਰਾਜਨੀਤੀ ਅਤੇ ਸੰਘੀ ਰਾਜਨੀਤੀ ਵਿਚਕਾਰ ਪੂਰਾ ਤਵਾਜ਼ਨ ਬਣ ਚੁੱਕਿਆ ਹੈ। ਕੈਨੇਡਾ ਦੇ ਸੰਘੀ ਅਤੇ ਸੂਬਿਆਂ ਦੇ ਆਗੂਆਂ ਵਿਚਕਾਰ ਕੌਮੀ ਮਸਲਿਆਂ ਬਾਰੇ ਆਮ ਸਮਝੌਤਾ ਹੋ ਜਾਂਦਾ ਹੈ। ਇਸ ਦੇ ਉਲਟ ਭਾਰਤ ਦੀ ਕੇਂਦਰੀ ਸਰਕਾਰ ਨੀਤੀਆਂ ਬਣਾਉਂਦੀ ਹੈ ਤੇ ਸੂਬਾ ਸਰਕਾਰਾਂ ਨੂੰ ਇਨ੍ਹਾਂ ਫੈਸਲਿਆਂ ਨੂੰ ਲਾਗੂ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਭਾਰਤੀ ਰਾਜ ਦਿਨ-ਬ-ਦਿਨ ਅਤਿ-ਕੇਂਦਰੀਕ੍ਰਿਤ ਪ੍ਰਣਾਲੀ ਵੱਲ ਵੱਧ ਰਿਹਾ ਹੈ, ਜਿਸ ਵਿੱਚ ਸੂਬਿਆਂ ਦੀ ਹੋਂਦ ਕਨੂੰਨੀ ਤੌਰ 'ਤੇ ਅਤਿ-ਕੇਂਦਰੀਕਰਨ ਦੀ ਨੀਤੀ ਦੇ ਮੁਕਾਬਲੇ ਕੈਨੇਡਾ ਦੇ ਸੰਘੀ ਢਾਂਚੇ ਨੂੰ ਜਿਆਦਾ ਤਾਕਤਵਰ ਅਤੇ ਉਦਾਰ ਬਣਾਇਆ ਹੈ, ਭਾਵੇਂ ਕਿ ਰਾਜਨੀਤਿਕ ਤੌਰ 'ਤੇ ਸਿੱਖ ਇਸ ਸੰਘੀ ਢਾਂਚੇ ਬਾਰੇ ਚੇਤਨ ਨਹੀਂ ਹੁੰਦੇ। ਸਿੱਖ ਜਦੋਂ ਕੈਨੇਡਾ ਵੱਲ ਸਫ਼ਰ ਸ਼ੁਰੂ ਕਰਦੇ ਹਨ ਤਾਂ ਉਨ੍ਹਾਂ ਦਾ 1500ਈ. ਤੋਂ ਬਾਅਦ ਦਾ 'ਰਾਜਨੀਤਿਕ ਦੁਖਾਂਤ ' ਵੀ ਸਿੱਖਾਂ ਨਾਲ ਹੀ ਸਫ਼ਰ ਕਰਦਾ ਹੈ।



# ਸੰਸਦੀ ਚੋਣਾਂ ਦੌਰਾਨ ਬਹੁਜਨ ਸਮਾਜ ਤੇ ਮਾਇਆਵਤੀ ਦੀ ਭੂਮਿਕਾ ਦਾ ਲਾਭ ਕਿਸ ਨੂੰ ਹੋਵੇਗਾ ?



ਬਦਰੀ ਨਾਰਾਇਣ
(ਲੇਖਕ ਗੋਵਿੰਦ ਵੱਲਭ ਪੰਤ ਸਮਾਜਿਕ ਵਿਗਿਆਨ ਇੰਸਟੀਚਿਊਟ, ਪ੍ਰਯਾਗਰਾਜ ਦਾ ਨਿਰਦੇਸ਼ਕ ਹੈ।)

ਸੰਸਦੀ ਚੋਣਾਂ ਦੀ ਚਰਚਾ ਸ਼ੁਰੂ ਹੋ ਗਈ ਹੈ। ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਦੁਵੱਲੀ ਗੋਲਬੰਦੀ ਹੋਣ ਲੱਗੀ ਹੈ। ਇੱਕ ਪਾਸੇ ਕੌਮੀ ਜਮਹੂਰੀ ਗੱਠਜੋੜ ਯਾਨੀ ਐੱਨ.ਡੀ.ਏ. ’ਚ ਸ਼ਾਮਲ ਪਾਰਟੀਆਂ ਖ਼ੁਦ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰ ਰਹੀਆਂ ਹਨ ਤਾਂ ਦੂਜੇ ਪਾਸੇ ਭਾਜਪਾ ਵਿਰੋਧੀ ਪਾਰਟੀਆਂ ਆਈ.ਐੱਨ.ਡੀ.ਆਈ.ਏ. ਯਾਨੀ ‘ਇੰਡੀਆ’ ਜਿਹੇ ਨਵੇਂ ਮੰਚ ਰਾਹੀਂ ਆਪਣੀ ਰਣਨੀਤੀ ਨੂੰ ਧਾਰ ਦੇਣ ’ਚ ਲੱਗੀਆਂ ਹਨ। ਉੱਥੇ ਹੀ ਕੁਝ ਪਾਰਟੀਆਂ ਹਨ, ਜਿਨ੍ਹਾਂ ਨੇ ਹਾਲੇ ਤੱਕ ਆਪਣਾ ਧੜਾ ਨਹੀਂ ਚੁਣਿਆ ਜਾਂ ਕੁਝ ਅਜਿਹੀਆਂ ਵੀ ਹਨ, ਜੋ ‘ਏਕਲਾ ਚਲੋ ਰੇ’ ਦੀ ਰਾਹ ’ਤੇ ਵਧ ਗਈਆਂ ਹਨ।

ਬਹੁਜਨ ਸਮਾਜ ਪਾਰਟੀ ਅਜਿਹੀ ਹੀ ਇੱਕ ਪਾਰਟੀ ਹੈ, ਜਿਸ ਦੀ ਮੁਖੀ ਮਾਇਆਵਤੀ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਕਿਸੇ ਗੱਠਜੋੜ ਦਾ ਹਿੱਸਾ ਨਹੀਂ ਬਣੇਗੀ ਅਤੇ ਲੋਕ ਸਭਾ ਚੋਣਾਂ ਇਕੱਲੀ ਹੀ ਲੜੇਗੀ। ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਬਸਪਾ ਇਕੱਲੀ ਹੀ ਚੋਣਾਂ ਲੜੇਗੀ।

ਮਾਇਆਵਤੀ ਅਤੇ ਬਸਪਾ ਨਾ ਸਿਰਫ਼ ਉੱਤਰ ਪ੍ਰਦੇਸ਼ ਸਗੋਂ ਪੂਰੇ ਦੇਸ਼ ਵਿੱਚ ਦਲਿਤ ਅਤੇ ਬਹੁਜਨ ਸਮਾਜਿਕ ਸਮੂਹਾਂ ਦੀ ਆਜ਼ਾਦ ਜਿਹੀ ਦਿਸਣ ਵਾਲੀ ਰਾਜਨੀਤੀ ਦੇ ਪ੍ਰਤੀਕ ਮੰਨੇ ਜਾਂਦੇ ਹਨ। ਇਸ ਨਾਲ ਸਵਾਲ ਉੱਠਣ ਲੱਗਿਆ ਹੈ ਕਿ ਮਾਇਆਵਤੀ ਦੇ ਇਸ ਐਲਾਨ ਦਾ ਆਉਣ ਵਾਲੀ ਚੋਣ ਰਾਜਨੀਤੀ ’ਤੇ ਕੀ ਅਸਰ ਪਵੇਗਾ? ਉੱਤਰ ਪ੍ਰਦੇਸ਼ ਤੋਂ ਇਲਾਵਾ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਤੇ ਮਹਾਰਾਸ਼ਟਰ ਵਿੱਚ ਵੀ ਬਸਪਾ ਦਾ ਲੋਕ ਆਧਾਰ ਹੈ। ਕੁਝ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਸੂਬਿਆਂ ਵਿਚ ਬਸਪਾ ਜਿੱਤਣ ਦੀ ਸਥਿਤੀ ’ਚ ਭਾਵੇਂ ਨਾ ਹੋਵੇ ਪਰ ਹਾਰ-ਜਿੱਤ ਵਿਚ ਫ਼ਰਕ ਜ਼ਰੂਰ ਪੈਦਾ ਕਰ ਸਕਦੀ ਹੈ।

ਮਾਇਆਵਤੀ ਅਤੇ ਬਸਪਾ ਦੀਆਂ ਖਿੱਲਰੀਆਂ ਵੋਟਾਂ ਦੀ ਮੌਜੂਦਗੀ ਦੀ ਸੰਭਾਵਨਾ ਤੋਂ ਸ਼ਾਇਦ ਹੀ ਕਿਸੇ ਨੂੰ ਇਨਕਾਰ ਹੋਵੇ ਪਰ ਦਲਿਤ ਰਾਜਨੀਤੀ ਦੇ ਅਧਿਐਨ ਦੇ ਕ੍ਰਮ ’ਚ ਮੈਨੂੰ ਵਾਰ-ਵਾਰ ਇਹੋ ਅਹਿਸਾਸ ਹੋਇਆ ਕਿ ਪਿਛਲੇ ਦਹਾਕੇ ’ਚ ਦਲਿਤ ਵਰਗਾਂ ਦੀ ਸਮਾਜਿਕ-ਰਾਜਨੀਤਕ ਮਨੋਬਿਰਤੀ ਕਾਫ਼ੀ ਬਦਲੀ ਹੈ।

ਦਲਿਤ ਸਮੂਹਾਂ ’ਚ ਜਾਤੀ ਭਾਵਨਾ ਦੀ ਬਜਾਏ ਉਨ੍ਹਾਂ ’ਚ ਵਿਕਸਤ ਹੋ ਰਹੀ ਗਤੀਸ਼ੀਲਤਾ, ਆਰਥਿਕ ਉੱਨਤੀ ਤੇ ਵਿਕਾਸ ਦੀ ਭਾਵਨਾ ਨਾਲ ਹੀ ਉਨ੍ਹਾਂ ਦੀ ਸਿਆਸੀ ਗੋਲਬੰਦੀ ਆਕਾਰ ਲੈ ਰਹੀ ਹੈ। ਕਸਬਿਆਂ, ਸ਼ਹਿਰਾਂ ਤੇ ਪਿੰਡਾਂ ਵਿੱਚ ਇਨ੍ਹਾਂ ਸਮੂਹਾਂ ਦੀ ਸਿਆਸੀ ਗੋਲਬੰਦੀ ਦੀ ਪ੍ਰਕਿਰਿਆ ਨੂੰ ਸਮਝਣ ਦੇ ਕ੍ਰਮ ’ਚ ਇਹੋ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਸਮਾਜਿਕ ਸਮੂਹਾਂ ’ਚ ‘ਜਾਤੀ ਮਾਨਸ’ ਦੀ ਜਗ੍ਹਾ ਆਰਥਿਕ ਉਮੀਦਾਂ ਦਾ ਮਾਨਸ ਪ੍ਰਭਾਵੀ ਹੋਣ ਲੱਗਿਆ ਹੈ। ਦਲਿਤ ਮਾਨਸ ’ਚ ਇਕ ਤਰ੍ਹਾਂ ਦਾ ‘ਇਕਨੌਮਿਕਸ’ ਪ੍ਰਭਾਵੀ ਹੋਣ ਦੀ ਪ੍ਰਕਿਰਿਆ ਤੇਜ਼ ਹੋਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਵੱਲੋਂ ਪਿਛਲੇ ਇੱਕ ਦਹਾਕੇ ਵਿੱਚ ਦਲਿਤਾਂ ਲਈ ਸ਼ੁਰੂ ਕੀਤੀਆਂ ਗਈਆਂ ਵਿਕਾਸ ਯੋਜਨਾਵਾਂ ਤੇ ਇਨ੍ਹਾਂ ਦੇ ਲਗਭਗ ਸਫਲ ਤਰੀਕੇ ਨਾਲ ਲਾਗੂ ਹੋਣ ਨੇ ਵਸੀਲਿਆਂ ਨੂੰ ਉਨ੍ਹਾਂ ਤੱਕ ਪਹੁੰਚਾਇਆ ਹੈ। ਸਰਕਾਰੀ ਵਸੀਲਿਆਂ ਦੀ ਜਮਹੂਰੀ ਵੰਡ ਦੀਆਂ ਕੋਸ਼ਿਸ਼ਾਂ ਨੇ ਉਨ੍ਹਾਂ ਅੰਦਰ ਗਤੀਸ਼ੀਲਤਾ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਹੈ। ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿਚ ਰੋਟੀ ਤੇ ਰਿਹਾਇਸ਼ ਦੀ ਸਮੱਸਿਆ ਪ੍ਰਧਾਨ ਮੰਤਰੀ ਅੰਨ ਯੋਜਨਾ ਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਨਾਲ ਘੱਟ ਹੋਈ ਹੈ। ਇਸ ਨਾਲ ਇਨ੍ਹਾਂ ਸਮਾਜਿਕ ਸਮੂਹਾਂ ਅੰਦਰ ਅੱਗੇ ਵਧਣ ਦੀ ਚਾਹਤ ਹੋਰ ਬਲਵਾਨ ਹੋਈ ਹੈ।

ਮੁੱਢਲੀਆਂ ਸਮੱਸਿਆਵਾਂ ਦੇ ਤਕਰੀਬਨ ਹੱਲ ਨੇ ਇਨ੍ਹਾਂ ਸਮਾਜਿਕ ਸਮੂਹਾਂ ਅੰਦਰ ਬਿਹਤਰ ਜੀਵਨ ਦੀਆਂ ਉਮੀਦਾਂ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਹੈ। ਇਨ੍ਹਾਂ ਤਬਦੀਲੀਆਂ ਨੇ ਉਨ੍ਹਾਂ ਨੂੰ ‘ਦਲਿਤ’ ਤੋਂ ਜ਼ਿਆਦਾ ਇਕ ਅਜਿਹੇ ‘ਲਾਭਾਰਥੀ’ ਸਮੂਹ ’ਚ ਬਦਲ ਦਿੱਤਾ ਹੈ, ਜੋ ਆਪਣੀ ਸਿਆਸੀ ਗੋਲਬੰਦੀ ਤੈਅ ਕਰਨ ਲਈ ‘ਜਾਤੀ’ ਤੋਂ ਜ਼ਿਆਦਾ ਆਪਣੀਆਂ ਆਰਥਿਕ ਅਤੇ ਵਿਕਾਸ ਸਬੰਧੀ ਜ਼ਰੂਰਤਾਂ ਨੂੰ ਮਹੱਤਵਪੂਰਨ ਮੰਨਣ ਲੱਗਿਆ ਹੈ।

ਇਨ੍ਹਾਂ ਸਮਾਜਿਕ ਸਮੂਹਾਂ ਵਿੱਚ ਇੱਕ ‘ਲਾਭਾਰਥੀ ਚੇਤਨਾ’ ਵਿਕਸਤ ਹੋਣ ਲੱਗੀ ਹੈ, ਜੋ ਰਵਾਇਤੀ ਜਾਤੀ ਚੇਤਨਾ ਨੂੰ ਕਮਜ਼ੋਰ ਕਰਦਿਆਂ ਨਵੀਂ ਸਿਆਸੀ ਗੋਲਬੰਦੀ ਦੀ ਦਿਸ਼ਾ ਤਿਆਰ ਕਰਨ ਲੱਗੀ ਹੈ। ‘ਦਲਿਤ’ ਤੋਂ ਜ਼ਿਆਦਾ ਗ਼ਰੀਬ, ਗ਼ਰੀਬੀ ਤੇ ਗ਼ਰੀਬੀ ਤੋਂ ਮੁਕਤੀ ਦਾ ਭਾਵ ਉਨ੍ਹਾਂ ਦੀ ਗੱਲਬਾਤ ’ਚ ਪ੍ਰਚੰਡ ਹੋਣ ਲੱਗਿਆ ਹੈ। ਹਾਲ ਹੀ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ‘ਗ਼ਰੀਬੀ ਤੋਂ ਮੁਕਤੀ’ ਦੇ ਮਿਸ਼ਨ ਦੀ ਗੱਲ ਵੀ ਕੀਤੀ। ਮਾਇਆਵਤੀ ਖ਼ੁਦ ਵੀ ‘ਗ਼ਰੀਬ’, ‘ਗ਼ਰੀਬ ਵਿਰੋਧੀ’ ਰਾਜਨੀਤੀ ਜਿਹੇ ਸ਼ਬਦਾਂ ਦਾ ਵਾਰ-ਵਾਰ ਇਸਤੇਮਾਲ ਕਰਨ ਲੱਗੇ ਹਨ।

ਭਾਰਤ ਵਿੱਚ ਦਲਿਤ ਅਤੇ ਅਣਗੌਲੇ ਸਮਾਜਿਕ ਸਮੂਹਾਂ ’ਚ ਆਕਾਰ ਲੈ ਰਹੀ ਇਸ ਲਾਭਾਰਥੀ ਚੇਤਨਾ ਨੇ ਉਨ੍ਹਾਂ ਨੂੰ ਮੱਧਵਰਗੀ ਉਮੀਦਾਂ ਦੇ ਕਰੀਬ ਲਿਆ ਖੜ੍ਹਾ ਕੀਤਾ ਹੈ। ਸ਼ਾਇਦ ਪਿਛਲੇ ਦਹਾਕੇ ’ਚ ਹੋਈਆਂ ਸਰਕਾਰੀ ਕੋਸ਼ਿਸ਼ਾਂ ਤੇ ਇਨ੍ਹਾਂ ’ਚ ਵਿਕਸਤ ਹੋ ਰਹੀਆਂ ਨਵੀਆਂ ਉਮੀਦਾਂ ਕਾਰਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਤਕਰੀਬਨ 13 ਕਰੋੜ ਲੋਕ ਹਾਲ ਹੀ ’ਚ ਮੱਧ ਵਰਗ ਦੀ ਸ਼੍ਰੇਣੀ ਵਿੱਚ ਜੁੜੇ ਹਨ।

ਅੰਕੜਿਆਂ ਅਨੁਸਾਰ 1974 ’ਚ ਭਾਰਤ ਦੀ ਕੁੱਲ ਆਬਾਦੀ ਦਾ 55 ਫ਼ੀਸਦੀ, ਜਿਸ ’ਚ 56 ਫ਼ੀਸਦੀ ਪੇਂਡੂ ਅਤੇ 49 ਫ਼ੀਸਦੀ ਸ਼ਹਿਰੀ ਆਬਾਦੀ ਸ਼ਾਮਲ ਰਹੀ, ਉਹ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੀ ਸੀ। 2021 ’ਚ ਉਨ੍ਹਾਂ ਦੀ ਗਿਣਤੀ ਘਟ ਕੇ 33 ਫ਼ੀਸਦੀ ਰਹਿ ਗਈ ਹੈ। ਇਸ ਮੱਧ ਵਰਗ ’ਚ ਤਬਦੀਲ ਹੋਏ ਗ਼ਰੀਬ ਸਮੂਹ ਦਾ ਸਭ ਤੋਂ ਵੱਧ ਹਿੱਸਾ ਦਲਿਤ ਅਤੇ ਹੋਰ ਪੱਛੜੇ ਸਮਾਜਿਕ ਸਮੂਹਾਂ ਦਾ ਹੀ ਹੈ। ਭਾਰਤ ਵਿਚ ਜਮਹੂਰੀ ਕੋਸ਼ਿਸ਼ਾਂ ਨਾਲ ਹੋ ਰਹੀਆਂ ਇਨ੍ਹਾਂ ਤਬਦੀਲੀਆਂ ਨੇ ਦਲਿਤ ਸਮੂਹਾਂ ਦੀ ਸਮਾਜਿਕ ਪ੍ਰੋਫਾਈਲ ਅਤੇ ਉਮੀਦਾਂ ਦੋਵਾਂ ਵਿੱਚ ਤਬਦੀਲੀ ਕੀਤੀ ਹੈ।

ਹਾਲ ਹੀ ’ਚ ਸ਼ਹਿਰੀਕਰਨ ਦੀ ਪ੍ਰਕਿਰਿਆ ਜਿਸ ਤਰੀਕੇ ਨਾਲ ਤੇਜ਼ ਹੋਈ ਹੈ, ਉਸ ਨੇ ਵੀ ਹਾਸ਼ੀਏ ’ਤੇ ਵਸੇ ਸਮੂਹਾਂ ’ਚ ਪੈਸੇ ਦਾ ਆਉਣਾ-ਜਾਣਾ ਤੇਜ਼ ਕੀਤਾ ਹੈ, ਜਿਸ ਨਾਲ ਉਨ੍ਹਾਂ ਦੀ ‘ਜੜ੍ਹਤਾ’ ਟੁੱਟੀ ਹੈ ਅਤੇ ਉਨ੍ਹਾਂ ’ਚ ਅੱਗੇ ਵਧਣ ਦੀ ਚਾਹਤ ਵਧੀ ਹੈ। ਇਨ੍ਹਾਂ ਤਬਦੀਲੀਆਂ ਨੇ ਦਲਿਤ ਸਮੂਹਾਂ ਦੀ ਸਮਾਜਿਕ ਮਾਨਸਿਕਤਾ ਵਿਚ ਤਬਦੀਲੀ ਤਾਂ ਕੀਤੀ ਹੀ ਹੈ, ਉਨ੍ਹਾਂ ’ਚ ਪੈਦਾ ਨਵੀਆਂ ਭਾਵਨਾਵਾਂ ਨੇ ਉਨ੍ਹਾਂ ਦੀ ਜਾਤੀ ਆਧਾਰਤ ਗੋਲਬੰਦੀ ਦੀ ਜਗ੍ਹਾ ਲਾਭਾਰਥੀ ਉਮੀਦਾਂ ’ਤੇ ਆਧਾਰਤ ਸਿਆਸੀ ਲਾਮਬੰਦੀ ਦੀ ਪ੍ਰਕਿਰਿਆ ਵੀ ਤੇਜ਼ ਕੀਤੀ ਹੈ।

ਇਸ ਦੇ ਬਾਵਜੂਦ ਜ਼ਿਆਦਾਤਰ ਵਿਸ਼ਲੇਸ਼ਕ, ਪੱਤਰਕਾਰ ਅਤੇ ਸਿਆਸੀ ਪਾਰਟੀਆਂ ਦੇ ਰਣਨੀਤੀਕਾਰ ਦਲਿਤ ਸਮੂਹਾਂ ’ਚ ਸਿਆਸੀ ਗੋਲਬੰਦੀ ਦੀ ਰਵਾਇਤੀ ਪ੍ਰਕਿਰਤੀ ਵਿੱਚ ਆ ਰਹੀਆਂ ਇਨ੍ਹਾਂ ਤਬਦੀਲੀਆਂ ਨੂੰ ਸਮਝ ਨਹੀਂ ਰਹੇ। ਨਤੀਜੇ ਵਜੋਂ ਉਹ ਹਾਲੇ ਵੀ ਜਾਤੀ ਦੀ ਪ੍ਰਤੀਸ਼ਤਤਾ ਦੇ ਆਧਾਰ ’ਤੇ ਇਨ੍ਹਾਂ ਸਮੂਹਾਂ ਦੀ ਸਿਆਸੀ ਗੋਲਬੰਦੀ ਨੂੰ ਸਮਝਣ ਦੀ ਕੋਸ਼ਿਸ਼ ’ਚ ਲੱਗੇ ਹਨ। ਇਸੇ ਆਧਾਰ ’ਤੇ ਮਾਇਆਵਤੀ ਅਤੇ ਬਸਪਾ ਦੀ ਸਿਆਸੀ ਹੈਸੀਅਤ ਦਾ ਵੀ ਮੁਲਾਂਕਣ ਕੀਤਾ ਜਾ ਰਿਹਾ ਹੈ ਜਦਕਿ ਜ਼ਰੂਰੀ ਇਹ ਹੈ ਕਿ (ਬਾਕੀ ਸਫ਼ਾ 31 ’ਤੇ)




# ਭਾਰਤੀ ਆਰਥਿਕਤਾ ’ਚ ਹਾਸ਼ੀਏ ’ਤੇ ਆਮ ਆਦਮੀ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਦਾ ਕੁੱਲ ਘਰੇਲੂ ਉਤਪਾਦਨ ਵਧਦਾ ਹੈ ਤਾਂ ਫ਼ਾਇਦਾ ਕਿਸ ਨੂੰ ਹੁੰਦਾ ਹੈ, ਪ੍ਰਤੱਖ ਹੈ ਫ਼ਾਇਦਾ ਦੇਸ਼ ਦੇ ਸਿਖਰਲੇ ਅਮੀਰਾਂ ਨੂੰ ਹੁੰਦਾ ਹੈ। “ਭਾਰਤੀ ਹਾਕਮ” ਜਦੋਂ ਦਾਅਵੇਦਾਰੀ ਕਰਦਾ ਹੈ ਕਿ ਦੇਸ਼ ਦਾ ਘਰੇਲੂ ਉਤਪਾਦਨ ਵਧ ਗਿਆ ਹੈ ਜਾਂ ਵਧ ਰਿਹਾ ਹੈ ਅਤੇ ਆਰਥਿਕ ਤੌਰ ’ਤੇ ਭਾਰਤ ਮਜ਼ਬੂਤ ਹੋ ਕੇ ਦੁਨੀਆ ਭਰ ਵਿੱਚ ਪੰਜਵਾਂ ਵੱਡਾ ਅਰਥਚਾਰਾ ਬਣ ਗਿਆ ਹੈ ਤਾਂ ਇਸ ਦਾ ਅਰਥ ਇਹ ਕਦਾਚਿਤ ਨਹੀਂ ਹੈ ਕਿ ਦੇਸ਼ ਦੇ ਲੋਕ ਖੁਸ਼ਹਾਲ ਹੋ ਗਏ ਹਨ, ਗਰੀਬੀ ਰੇਖਾ ਵਿੱਚੋਂ ਬਾਹਰ ਨਿਕਲ ਆਏ ਹਨ। ਸਗੋਂ ਅਸਲੀ ਗੱਲ ਤਾਂ ਇਹ ਹੈ ਕਿ ਭਾਰਤ ਦੇ ਗਰੀਬਾਂ ਦੀ ਆਮਦਨ ’ਚ ਕੋਈ ਸੁਧਾਰ ਨਹੀਂ ਆਇਆ।

80 ਕਰੋੜ ਲੋਕਾਂ ਨੂੰ ਸਰਕਾਰੀ ਅੰਕੜਿਆਂ ਅਨੁਸਾਰ ਹਰ ਮਹੀਨੇ ਸਰਕਾਰੀ ਖਾਤੇ ਵਿੱਚੋਂ ਕਣਕ, ਚਾਵਲ ਮੁਫ਼ਤ ਮੁਹੱਈਆ ਕੀਤੀ ਜਾ ਰਹੀ ਹੈ। ਦੀ ਨੈਸ਼ਨਲ ਫੂਡ ਸਿਕਿਉਰਿਟੀ ਐਕਟ 2013 ਭਾਵ ਸਭ ਲਈ ਭੋਜਨ ਐਕਟ ਭਾਰਤ ਦੀ ਕੁੱਲ 140 ਕਰੋੜ ਆਬਾਦੀ ਦੀ ਦੋ ਤਿਹਾਈ ਆਬਾਦੀ ਲਈ 12 ਸਤੰਬਰ 2013 ਨੂੰ ਪਾਰਲੀਮੈਂਟ ’ਚ ਪਾਸ ਹੋਇਆ ਤੇ ਦੇਸ਼ ਭਰ ’ਚ ਲਾਗੂ ਹੋਇਆ।

ਅੰਕੜੇ ਵਿਚਾਰੋ, ਭਾਰਤ ਦੀ ਕੁਲ ਆਬਾਦੀ 141 ਕਰੋੜ ਤੋਂ ਥੋੜ੍ਹੀ ਵੱਧ ਹੈ। ਜਿਨ੍ਹਾਂ ਵਿੱਚ ਅਤਿ ਦੇ ਗਰੀਬ ਤਿੰਨ ਫ਼ੀਸਦੀ ਹਨ, ਉਹਨਾਂ ਵਿੱਚੋਂ 0.9 ਫ਼ੀਸਦੀ (2020 ਦੇ ਅੰਕੜਿਆਂ ਅਨੁਸਾਰ) ਪ੍ਰਤੀ ਜੀਅ 1.9 ਡਾਲਰ ਭਾਵ 150 ਰੁਪਏ ਹੀ ਕਮਾਉਂਦੇ ਹਨ। ਕੁਲ ਆਬਾਦੀ ਦੇ 18.2 ਫ਼ੀਸਦੀ ਦੀ ਔਸਤ ਆਮਦਨ 3.2 ਡਾਲਰ 256 ਰੁਪਏ ਅਤੇ 3.3 ਫ਼ੀਸਦੀ ਦੀ ਔਸਤ ਆਮਦਨ 6.85 ਡਾਲਰ ਭਾਵ 550 ਰੁਪਏ ਰੋਜ਼ਾਨਾ ਤੋਂ ਘੱਟ ਹੈ। ਇਸ ਨਿਗੁਣੀ ਆਮਦਨ ’ਚ ਦੇਸ਼ ਦੀ ਵੱਡੀ ਗਿਣਤੀ ਕਿਵੇਂ ਗੁਜ਼ਾਰਾ ਕਰਦੀ ਹੈ? ਇਹ ਪ੍ਰਤੱਖ ਹੈ।

ਅਸਲ ਵਿੱਚ ਭਾਰਤ ’ਚ ਅਮੀਰ-ਗਰੀਬ ਦਾ ਪਾੜਾ ਵੱਡਾ ਹੈ, ਦੇਸ਼ ਦੀ ਉੱਪਰਲੀ ਇੱਕ ਫ਼ੀਸਦੀ ਅਮੀਰ ਆਬਾਦੀ ਕੋਲ ਦੇਸ਼ ਦੀ ਕੁਲ ਧਨ ਦੌਲਤ ਦੀ 58 ਫ਼ੀਸਦੀ ਮਾਲਕੀ ਹੈ, ਦੇਸ਼ ਦੀ ਉੱਪਰਲੀ 10 ਫ਼ੀਸਦੀ ਆਬਾਦੀ ਕੋਲ ਸੰਪਤੀ ਦੀ 80 ਫ਼ੀਸਦੀ ਮਾਲਕੀ ਹੈ। ਅਮੀਰ ਦੀ ਦੌਲਤ ’ਚ ਸਰਕਾਰ ਦੀਆਂ ਧੰਨ ਕੁਬੇਰਾਂ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਅਤੇ ਨਿੱਜੀਕਰਨ ਦੀ ਪਾਲਿਸੀ ਕਾਰਨ ਧੰਨ ਦੇ ਅੰਬਾਰ ਲੱਗ ਰਹੇ ਹਨ। ਕਰੋਨਾ ਕਾਲ (2020) ’ਚ ਤਾਂ ਅਮੀਰਾਂ ਅਤੇ ਖਰਬਪਤੀਆਂ ਦੀ ਗਿਣਤੀ ਬੇਹਿਸਾਬੀ ਵਧੀ ਤੇ ਗਰੀਬ ਹੋਰ ਗਰੀਬ ਹੋਏ।

ਦੇਸ਼ ਦੇ ਇਹੋ ਜਿਹੋ ਹਾਲਾਤਾਂ ਦੇ ਮੱਦੇਨਜ਼ਰ ਅਮਰੀਕਾ ਦੇ ਰਿਸਰਚ ਸੈਂਟਰ ਪੀ. ਈ. ਡਵਲਯੂ (ਪੀਊ) ਵੱਲੋਂ ਕੀਤਾ ਗਿਆ ਇਕ ਸਰਵੇ ਅੰਦਰਲਾ ਸੱਚ ਪੇਸ਼ ਕਰਦਾ ਹੈ ਕਿ ਹਾਲੀਆ ਸਾਲਾਂ ਦੌਰਾਨ ਭਾਰਤ ਦੀ ਤਾਕਤ ਜਾਂ ਅਸਰ ਰਸੂਖ ਵਿੱਚ ਕੋਈ ਵਾਧਾ ਨਹੀਂ ਹੋਇਆ, ਭਾਵੇਂ ਕਿ ਦੇਸ਼ ਦੇ ਹੁਕਮਰਾਨ, ਸਰਕਾਰ ਦੇ ਹਰ ਵਕਤ ਪੱਬਾਂ ਭਾਰ ਰਹਿਣ ਅਤੇ ਇਸ ਦੇ ਮੰਤਰੀਆਂ ਦੀ ਬਿਹਤਰੀਨ ਊਰਜਾ ਸ਼ੋਰ ਸ਼ਰਾਬੇ ਨੂੰ ਵਧਾਉਂਦੀ ਰਹਿਣ ਕਰਕੇ ਭਰਮ ਪੈਦਾ ਕਰ ਸਕਦੀ ਹੈ ਅਤੇ ਦੇਸ਼ ਨੂੰ ਦੁਨੀਆ ਦਾ ਨੰਬਰ ਇੱਕ ਦੇਸ਼ ਬਨ੍ਹਾਉਣ ਦੇ ਦਾਅਵੇ ਕਰਦੀ ਹੈ। ਦੇਖਣ ਸਮਝਣ ਵਾਲੀ ਗੱਲ ਇਹ ਹੈ ਕਿ ਆਲਮੀ ਵਿਕਾਸ ਵਿੱਚ ਤੀਜਾ ਸਭ ਤੋਂ ਵੱਧ ਯੋਗਦਾਨ ਪਾਉਣ ਦਾ ਦਾਅਵਾ ਕਰਨ ਵਾਲੇ ਦੇਸ਼ ਭਾਰਤ ਦਾ ਇਸ ਸਾਲ ਹੁਣ ਤੱਕ ਵੀ ਸਿੱਧਾ ਨਿਵੇਸ਼ ਕਿਉਂ ਸੁੰਗੜ ਗਿਆ ਹੈ? ਦੇਸ਼ ਦਾ 2022 ਵਿੱਚ ਵਿਦੇਸ਼ੀ ਪੋਰਟਫੋਲਿਓ ਨਿਵੇਸ਼ ਘੱਟ ਗਿਆ ਸੀ ਅਤੇ 2023 ਵਿੱਚ ਇਸ ਨੂੰ ਮੋੜਾ ਪਿਆ ਸੀ। ਭਾਰਤ ਕੋਲ ਮੁਕਤ ਵਪਾਰ ਸਮਝੌਤਿਆਂ ਦੇ ਐਲਾਨਾਂ ਤੋਂ ਬਿਨਾਂ ਪੱਲੇ ਕੁੱਝ ਵੀ ਨਹੀਂ ਹੈ। ਜੀ-20 ਸੰਮੇਲਨ ਇਸ ਦੀ ਉਦਾਹਰਨ ਹੈ, ਇਸ ਦੌਰਾਨ ਭਾਰਤ ਮੱਧ-ਪੂਰਬ ਤੇ ਯੂਰਪ ਤੱਕ ਆਰਥਿਕ ਗਲਿਆਰਾ ਬਣਾਉਣ ਦੀ ਜੋ ਸਹਿਮਤੀ ਬਣੀ ਹੈ, ਉਸ ਅਨੁਸਾਰ ਯੂਰਪ ਤੋਂ ਮੱਧ ਪੂਰਬ ਦੇ ਦੇਸ਼ਾਂ ਵਿੱਚ ਮਾਲ ਭੇਜਣਾ ਤੇ ਮੰਗਵਾਉਣਾ ਤੈਅ ਹੋਇਆ ਹੈ। ਜਿਸ ਨਾਲ ਵਪਾਰਕ ਹਿੱਤਾਂ ਨੂੰ ਹੁਲਾਰਾ ਮਿਲੇਗਾ। ਪਰ ਕੀ ਇਹ ਸੁਪਨਾ ਸਾਰਥਿਕ ਹੋ ਸਕੇਗਾ? ਕਿਉਂਕਿ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ, ਅਫ਼ਗਾਨਿਸਤਾਨ ਜੀ-20 ਦੇ ਮੈਂਬਰ ਨਹੀਂ। ਤਾਂ ਫਿਰ ਹੁਲਾਰਾ ਕਿਵੇਂ ਮਿਲੇਗਾ?

ਭਾਰਤ ਜੀ-20 ਸੰਮੇਲਨ ਦੀ ਸਫ਼ਲਤਾ ਉੱਤੇ ਪ੍ਰਸੰਨ ਹੈ ਕੱਛਾਂ ਵਜਾ ਰਿਹਾ ਹੈ। ਪਰ ਵੇਖਣ ਵਾਲੀ ਗੱਲ ਤਾਂ ਇਹ ਹੋਏਗੀ ਕਿ ਭਾਰਤ ਇਸ ਵਪਾਰਕ ਸਹਿਮਤੀ ਵਿੱਚੋਂ ਖੱਟੇਗਾ ਕੀ? ਇਸ ਦਾ ਲਾਹਾ ਤਾਂ ਦੇਸ਼ ਦੇ ਕਾਰਪੋਰੇਟ ਤੇ ਧੰਨਕੁਬੇਰ ਲੈ ਜਾਣਗੇ, ਆਮ ਲੋਕਾਂ ਪੱਲੇ ਕੁਝ ਨਹੀਂ ਪਵੇਗਾ। ਉਹਨਾਂ ਦੀ ਆਰਥਿਕ ਹਾਲਤ ਨਹੀਂ ਸੁਧਰੇਗੀ।

ਜੀ-20 ਸੰਮੇਲਨ ਦੀ ਸਫ਼ਲਤਾ ਦੀਆਂ ਨਰੇਂਦਰ ਮੋਦੀ ਸਰਕਾਰ ਖੁਸ਼ੀਆਂ ਮਨਾ ਰਹੀ ਹੈ। ਕੇਂਦਰੀ ਕੈਬਨਿਟ ਵੱਲੋਂ ਨਰੇਂਦਰ ਮੋਦੀ ਨੂੰ ਵਧਾਈ ਦਿੱਤੀ ਜਾ ਰਹੀ ਹੈ। ਜੀ-20 ਦੀ ਸਫ਼ਲਤਾ ਲਈ ਭਾਜਪਾ ਵੱਲੋਂ ਸ਼ਲਾਘਾ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪ੍ਰਸੰਨ ਹਨ। ਜੀ-20 ਸੰਮੇਲਨ ਦੀ ਪ੍ਰਾਹੁਣਾਚਾਰੀ ’ਤੇ ਦੇਸ਼ ਭਾਰਤ ਦੇ ਲੋਕਾਂ ਤੋਂ ਉਗਰਾਹੇ ਟੈਕਸ ਵਿੱਚੋਂ 4100 ਕਰੋੜ ਰੁਪਏ ਖਰਚੇ ਗਏ ਹਨ। ਜਦਕਿ ਬਜਟ ਵਿੱਚ ਸਿਰਫ਼ ਇਸ ਸੰਮੇਲਨ ਲਈ 990 ਕਰੋੜ ਰੱਖੇ ਗਏ ਹਨ। ਇਸ ਵੱਡੇ ਖ਼ਰਚ ਨਾਲ ਆਮ ਆਦਮੀ ਦੇ ਪੱਲੇ ਕੀ ਪਿਆ?

ਭਾਰਤ ਦੇਸ਼ ਦਾ ਨਾਂਅ, ਜੀ-20 ਦੇ ਉਹਨਾਂ ਚਾਰ ਮੁਲਕਾਂ ਬ੍ਰਾਜੀਲ, ਮੈਕਸੀਕੋ, ਅਫ਼ਰੀਕਨ ਯੂਨੀਅਨ ’ਚ ਸ਼ਾਮਲ ਹੈ, ਜਿਥੋਂ ਦੇ ਲੋਕ ਭੁੱਖ-ਮਰੀ ਦੇ ਸ਼ਿਕਾਰ ਹਨ, ਜਿੱਥੇ ਨਾ-ਬਰਾਬਰੀ ਹੈ, ਜਿੱਥੇ ਸਮਾਜ ਵਿੱਚ ਆਰਥਿਕ ਪਾੜਾ ਅੰਤਾਂ ਦਾ ਹੈ। ਇਹਨਾਂ ਕਮਜ਼ੋਰ ਦੇਸ਼ਾਂ ਵਿੱਚੋਂ ਇਕ ਦੇਸ਼ ਬ੍ਰਾਜੀਲ ਹੁਣ 2024 ਦੇ ਸਿਖਰ ਸੰਮੇਲਨ ਦੀ ਅਗਵਾਈ ਕਰੇਗਾ। ਇਹ ਜੀ-20 ਸੰਸਥਾ ਹੁਣ 20 ਦੇਸ਼ਾਂ ਦੀ ਨਹੀਂ, ਯੂਰੋਪ, ਏਸ਼ੀਆ ਤੇ ਅਫ਼ਰੀਕਾ ਦੇ ਵੱਡੀ ਗਿਣਤੀ ਦੇਸ਼ਾਂ ਦੀ ਸੰਸਥਾ ਹੈ। ਅਫ਼ਰੀਕਨ ਯੂਨੀਅਨ ਇਸ ਵਾਰ ਇਸ ਸੰਸਥਾ ’ਚ ਸ਼ਾਮਲ ਕੀਤੀ ਗਈ ਹੈ, ਜਿਸ ਦੇ 55 ਅਫ਼ਰੀਕਨ ਮੁਲਕ ਮੈਂਬਰ ਹਨ। ਇਹ ਅਫ਼ਰੀਕਨ ਮੁਲਕ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਆਰਥਿਕ ਨਾ ਬਰਾਬਰੀ, ਵਿਦਿਅਕ ਅਤੇ ਸਨਅਤੀ ਪੱਛੜੇਪਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨ ਰਹੇ ਭਾਰਤ ਨੇ ਇਹਨਾਂ ਮੁੱਦਿਆਂ ’ਤੇ ਜੀ-20 ’ਚ ਕੋਈ ਗੱਲ ਤੱਕ ਨਹੀਂ ਕੀਤੀ, ਇਸ ਕਿਸਮ ਦਾ ਆਮ ਆਦਮੀ ਦਾ ਕੋਈ ਮੁੱਦਾ ਨਹੀਂ ਉਭਾਰਿਆ। ਸਗੋਂ ਅਮੀਰ-ਪ੍ਰਹੁਣਾਚਾਰੀ ਨਾਲ ਦੇਸ਼ ਦੀ ਹਾਲਤ ਢਕਣ ਦਾ ਕੰਮ ਕੀਤਾ।

ਜੀ-20 ਸੰਮੇਲਨ ਦੌਰਾਨ ਊਰਜਾ ਤੇ ਨਵੇਂ ਸ੍ਰੋਤਾਂ ਨੂੰ ਉਤਸ਼ਾਹਿਤ ਕਰਨ ਅਤੇ 2030 ਤੱਕ ਕੋਲੇ ਉੱਤੇ ਨਿਰਭਰਤਾ ਖ਼ਤਮ ਕਰਨ ਲਈ ਕਿਹਾ ਗਿਆ ਤਾਂ ਕਿ ਪ੍ਰਦੂਸ਼ਨ ਰੋਕ ਕੇ ਸਾਫ਼ ਸੁਥਰੇ ਵਾਤਾਵਰਨ ਦੀ ਉਸਾਰੀ ਹੋ ਸਕੇ। ਇਸ ਸੰਮੇਲਨ ਦਾ ਮੁੱਖ ਮੰਤਵ “ਇਕ ਧਰਤੀ, ਇਕ ਪਰਿਵਾਰ, ਇਕ ਭਵਿੱਖ ਸੀ”, ਜਿਸ ਤਹਿਤ ਭੋਜਨ ਸੁਰੱਖਿਆ, ਵਾਤਾਵਰਨ ਅਤੇ ਊਰਜਾ ਨੇ ਵਿਕਾਸ, ਸਿਹਤ ਅਤੇ ਡਿਜ਼ੀਟੀਲਾਈਜੇਸ਼ਨ ਜਿਹੇ ਮੁੱਦੇ ਵਿਚਾਰੇ ਗਏ।

ਵਿਕਾਸਸ਼ੀਲ ਦੇਸ਼ ਜਪਾਨ, ਆਸਟ੍ਰੇਲੀਆ, ਕੈਨੇਡਾ, ਫਰਾਂਸ, ਜਰਮਨੀ, ਇੰਡੋਨੇਸ਼ੀਆ, ਇਟਲੀ, ਮੈਕਸੀਕੋ, ਭਾਰਤ, ਰਿਬਪਲਿਕ ਆਫ਼ ਕੋਰੀਆ, ਸਾਊਦੀ ਅਰਬ, ਸਾਊਥ ਅਫ਼ਰੀਕਾ, ਯੂ.ਕੇ., ਅਮਰੀਕਾ, ਯੂਰਪੀਅਨ ਤੋਂ ਬਿਨਾਂ ਬੰਗਲਾਦੇਸ਼, ਯੂਏਈ, ਨੀਂਦਰਲੈਂਡ, ਨਾਈਜੀਰੀਆ ਆਦਿ ਨੂੰ ਇਸ ਸੰਮੇਲਨ ਦਾ ਹਿੱਸਾ ਬਣਾਇਆ ਗਿਆ। ਸੰਮੇਲਨ ’ਚ 10 ਤੋਂ ਵੱਧ ਅੰਤਰਰਾਸ਼ਟਰੀ ਸੰਸਥਾਵਾਂ ਡਬਲਯੂ, ਐੱਚ.ਓ., ਵਰਲਡ ਬੈਂਕ ਆਦਿ ਨੇ ਹਿੱਸਾ ਲਿਆ। (ਬਾਕੀ ਸਫ਼ਾ 31 ’ਤੇ)



# ਭਾਜਪਾ 'ਸਨਾਤਨ' ਦੇ ਨਾਂਅ 'ਤੇ ਕਰੇਗੀ ਵੋਟਾਂ ਦਾ ਧਰੁਵੀਕਰਨ



ਅਭੈ ਦੂਬੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਮਿਲਨਾਡੂ ਦੇ ਦ੍ਰਾਵਿੜ ਨੇਤਾਵਾਂ ਦੇ ਬਿਆਨਾਂ ਤੋਂ ਉੱਭਰੇ ਸਨਾਤਨ ਧਰਮ ਦੇ ਮੁੱਦੇ 'ਤੇ ਖ਼ੁਦ ਕਮਾਨ ਸੰਭਾਲਣ ਦਾ ਫ਼ੈਸਲਾ ਕੀਤਾ ਹੈ। ਪਹਿਲਾਂ ਉਨ੍ਹਾਂ ਨੇ ਮੰਤਰੀਆਂ ਨੂੰ ਕਿਹਾ ਕਿ ਉਹ ਇਸ ਮਸਲੇ 'ਤੇ ਵਿਰੋਧੀ ਧਿਰ 'ਤੇ ਕਰਾਰਾ ਹਮਲਾ ਕਰਨ। ਇਸ ਤੋਂ ਬਾਅਦ ਫਿਰ ਛੱਤੀਸਗੜ੍ਹ 'ਚ ਉਹ ਖ਼ੁਦ ਵਿਰੋਧੀ ਧਿਰ 'ਤੇ ਟੁੱਟ ਪਏ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਇਹ ਸੰਭਾਵਿਤ ਮੁੱਦਾ ਵਿਰੋਧੀ ਧਿਰ ਨੇ ਆਪਣੀ ਗ਼ਲਤੀ ਨਾਲ ਬਣਾ ਕੇ ਪ੍ਰਧਾਨ ਮੰਤਰੀ ਦੇ ਹੱਥਾਂ 'ਚ ਦੇ ਦਿੱਤਾ ਹੈ। ਜ਼ਾਹਿਰ ਹੈ ਕਿ ਭਾਜਪਾ ਇਸ ਮਸਲੇ ਨੂੰ ਆਖ਼ਰੀ ਦਮ ਤੱਕ ਖਿੱਚੇਗੀ। ਹੁਣ ਇਹ ਵਿਰੋਧੀ ਧਿਰ ਦੀ ਰਣਨੀਤੀ 'ਤੇ ਨਿਰਭਰ ਹੈ ਕਿ ਉਹ ਆਪਣਾ ਬਚਾਅ ਕਿੰਨਾ ਤੇ ਕਿਵੇਂ ਕਰ ਪਾਉਂਦੀ ਹੈ? ਗ਼ੈਰ-ਭਾਜਪਾ ਸ਼ਕਤੀਆਂ ਦੇ ਗੱਠਜੋੜ ਨੇ ਤੈਅ ਕੀਤਾ ਹੈ ਕਿ ਉਹ ਇਸ ਮਸਲੇ 'ਤੇ ਚੁੱਪੀ ਸਾਧ ਲੈਣਗੇ। ਭਾਵ ਸਾਨੂੰ ਜਲਦ ਹੀ ਭਾਜਪਾ ਦੇ ਮੁੱਖ ਹਮਲੇ ਅਤੇ ਵਿਰੋਧੀ ਧਿਰ ਦੀ ਚੁੱਪੀ ਦਾ ਦਿਲਚਸਪ ਮੁਕਾਬਲਾ ਦੇਖਣ ਨੂੰ ਮਿਲ ਸਕਦਾ ਹੈ। ਉਂਜ ਇਸ ਮਸਲੇ ਨਾਲ 'ਇੰਡੀਆ' ਗੱਠਜੋੜ ਨੂੰ ਸਮਝ 'ਚ ਆ ਜਾਵੇਗਾ ਕਿ ਕਦੇ-ਕਦੇ ਬੋਲਣ ਨਾਲੋਂ ਚੁੱਪ ਰਹਿਣਾ ਜ਼ਿਆਦਾ ਚੰਗਾ ਹੁੰਦਾ ਹੈ। ਇਸ ਨੂੰ ਪਹਿਲਾਂ ਆਮ ਆਦਮੀ ਪਾਰਟੀ ਵੀ ਸਾਬਿਤ ਕਰ ਚੁੱਕੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਇਸ ਪਾਰਟੀ ਨੇ ਸ਼ਾਹੀਨ ਬਾਗ਼ ਵਾਲੇ ਮਸਲੇ 'ਤੇ ਚੁੱਪੀ ਦੀ ਰਣਨੀਤਕ ਵਰਤੋਂ ਕੀਤੀ ਸੀ। ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਭਾਜਪਾ, ਉਸ ਦੇ ਸਮਰਥਕ ਮੀਡੀਆ ਅਤੇ ਕਮਜ਼ੋਰ ਰਾਜਨੀਤਕ ਬੁੱਧੀ ਵਾਲੇ ਸੈਕੂਲਰ ਬੁੱਧੀਜੀਵੀਆਂ ਨੇ ਕਾਫ਼ੀ ਉਕਸਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਆਪਣੀ ਚਾਲ ਤੋਂ ਨਹੀਂ ਥਿਰਕੇ ਅਤੇ ਇਕ ਵਾਰ ਫਿਰ ਚੰਗੀ ਤਰ੍ਹਾਂ ਨਾਲ ਚੋਣ ਦੀ ਬਾਜ਼ੀ ਜਿੱਤ ਲਈ। ਦੇਖਣਾ ਇਹ ਹੈ ਕਿ ਵਿਰੋਧੀ ਮੋਰਚਾ ਇਹ ਕਰ ਪਾਉਂਦਾ ਹੈ ਜਾਂ ਨਹੀਂ। ਨਾਲ ਹੀ ਇਸ ਬਚਾਅ ਨੂੰ ਕਾਮਯਾਬ ਬਣਾਉਣ ਲਈ ਮੋਰਚੇ ਨੂੰ ਆਪਣੀਆਂ ਭਾਈਵਾਲ ਪਾਰਟੀਆਂ 'ਤੇ ਅਜਿਹੇ ਵਿਵਾਦਤ ਸਵਾਲਾਂ 'ਤੇ ਸੰਜਮ ਅਤੇ ਅਨੁਸ਼ਾਸਿਤ ਰਹਿਣ ਦੀ ਸਿੱਖਿਆ ਵੀ ਦੇਣੀ ਪਵੇਗੀ।

ਚੋਣ ਗਣਿਤ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਪਤਾ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ 2024 'ਚ ਕਿਹੜਾ ਅਜਿਹਾ ਕੰਮ ਸ਼ਰਤੀਆਂ ਤੌਰ 'ਤੇ ਦੁਬਾਰਾ ਕਰਨਾ ਪਏਗਾ, ਜੋ ਉਸ ਨੇ 2019 'ਚ ਕੀਤਾ ਸੀ। ਉਸ ਚੋਣ 'ਚ ਪਈਆਂ ਹਰੇਕ 100 ਵੋਟਾਂ 'ਚੋਂ ਲਗਭਗ 37 ਵੋਟਾਂ ਤੋਂ ਕੁਝ ਜ਼ਿਆਦਾ ਵੋਟਾਂ ਭਾਜਪਾ ਨੂੰ ਮਿਲੀਆਂ ਸਨ, ਜਿਨ੍ਹਾਂ ਕਾਰਨ 303 ਸੀਟਾਂ ਉਸ ਦੀ ਝੋਲੀ 'ਚ ਆ ਪਈਆਂ ਸਨ। ਇਨ੍ਹਾਂ 'ਚੋਂ 211 ਸੀਟਾਂ ਉਸ ਨੇ ਸਿਰਫ਼ 11 ਰਾਜਾਂ ਤੋਂ ਜਿੱਤ ਲਈਆਂ ਸਨ, ਜਿਨ੍ਹਾਂ 'ਚ ਉੱਤਰ ਪ੍ਰਦੇਸ਼ (80 'ਚੋਂ 62 ਸੀਟਾਂ), ਮੱਧ ਪ੍ਰਦੇਸ਼ (29 'ਚੋਂ 28), ਗੁਜਰਾਤ (26 'ਚੋਂ 26), ਕਰਨਾਟਕ (28 'ਚੋਂ 24 ਸੀਟਾਂ), ਰਾਜਸਥਾਨ (25 'ਚੋਂ 24 ਸੀਟਾਂ), ਛੱਤੀਸਗੜ੍ਹ (11 'ਚੋਂ 9 ਸੀਟਾਂ), ਹਰਿਆਣਾ (10 'ਚੋਂ 10 ਸੀਟਾਂ), ਦਿੱਲੀ (7 'ਚੋਂ 7 ਸੀਟਾਂ), ਝਾਰਖੰਡ (14 'ਚੋਂ 11 ਸੀਟਾਂ), ਉੱਤਰਾਖੰਡ (5 'ਚੋਂ 5 ਸੀਟਾਂ) ਅਤੇ ਹਿਮਾਚਲ ਪ੍ਰਦੇਸ਼ (4 'ਚੋਂ 4 ਸੀਟਾਂ) ਆਦਿ ਰਾਜ ਸ਼ਾਮਿਲ ਹਨ। ਚੋਣ ਨਜ਼ਰੀਏ ਨਾਲ 239 'ਚੋਂ 211 ਸੀਟਾਂ ਜਿਤਾਉਣ ਕਾਰਨ ਇਨ੍ਹਾਂ ਰਾਜਾਂ ਨੂੰ ਭਾਜਪਾ ਦੇ ਨੰਬਰ ਇਕ ਸੂਬਿਆਂ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਇਨ੍ਹਾਂ ਦੇ ਮੁਕਾਬਲੇ ਨੰਬਰ ਦੋ ਦੇ ਰਾਜਾਂ ਦੀ ਗਿਣਤੀ 6 ਸੀ। ਇਨ੍ਹਾਂ ਦੀਆਂ ਕੁੱਲ 182 ਸੀਟਾਂ 'ਚੋਂ ਭਾਜਪਾ 84 ਸੀਟਾਂ ਜਿੱਤਣ 'ਚ ਕਾਮਯਾਬ ਰਹੀ ਸੀ। ਇਹ ਰਾਜ ਸਨ ਪੱਛਮੀ ਬੰਗਾਲ (42 'ਚੋਂ 18 ਸੀਟਾਂ), ਬਿਹਾਰ (40 'ਚੋਂ 17 ਸੀਟਾਂ), ਮਹਾਰਾਸ਼ਟਰ (48 'ਚੋਂ 23 ਸੀਟਾਂ), ਓਡੀਸ਼ਾ (21 'ਚੋਂ 12 ਸੀਟਾਂ), ਤੇਲੰਗਾਨਾ (17 'ਚੋਂ 4 ਸੀਟਾਂ) ਅਤੇ ਆਸਾਮ (14 'ਚੋਂ 10 ਸੀਟਾਂ)। ਭਾਵ 303 'ਚੋਂ 295 ਸੀਟਾਂ ਇਨ੍ਹਾਂ ਰਾਜਾਂ ਤੋਂ ਪ੍ਰਾਪਤ ਹੋਈਆਂ ਸਨ। ਭਾਜਪਾ ਨੂੰ ਇਨ੍ਹਾਂ ਰਾਜਾਂ 'ਚ ਇਹ ਪ੍ਰਦਰਸ਼ਨ ਸੌ ਫ਼ੀਸਦੀ ਦੁਹਰਾਉਣਾ ਹੀ ਪਵੇਗਾ।



ਲੋਕ ਸਭਾ 'ਚ ਬਹੁਮਤ 272 ਸੀਟਾਂ ਜਿੱਤਣ 'ਤੇ ਬਣਦਾ ਹੈ। ਭਾਜਪਾ ਕੋਲ ਇਸ ਜਾਦੂਈ ਅੰਕੜੇ 'ਤੋਂ ਸਿਰਫ਼ 31 ਸੀਟਾਂ ਵੱਧ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜੇਕਰ ਪਹਿਲੇ ਨੰਬਰ ਦੇ 11 ਰਾਜਾਂ 'ਚ 2019 ਦੀ ਬੇਮਿਸਾਲ ਸਫਲਤਾ ਹਾਸਿਲ ਕਰਨ 'ਚ ਭਾਜਪਾ ਜ਼ਰਾ ਜਿੰਨੀ ਵੀ ਖੁੰਝ ਗਈ ਤਾਂ ਉਹ ਲਗਾਤਾਰ ਤੀਜੀ ਵਾਰ ਬਹੁਮਤ ਵਾਲੀ ਪਾਰਟੀ ਨਹੀਂ ਬਣ ਸਕੇਗੀ। ਇਸ ਲਈ ਉਸ ਨੂੰ ਇਨ੍ਹਾਂ ਰਾਜਾਂ 'ਚ ਬੁਰੀ ਤਰ੍ਹਾਂ ਹਾਰਨਾ ਮਹਿੰਗਾ ਪੈ ਸਕਦਾ ਹੈ। ਜੇਕਰ ਉਹ ਇਨ੍ਹਾਂ ਰਾਜਾਂ 'ਚੋਂ ਸਿਰਫ਼ ਥੋੜ੍ਹਾ-ਬਹੁਤ ਹੀ ਲੜਖੜਾਈ ਤਾਂ ਵੀ ਉਸ ਦੀ ਜਿੱਤ ਬਿਹਤਰੀਨ ਕਹੀ ਜਾਵੇਗੀ। ਭਾਵ ਪਿਛਲੀ ਵਾਰ ਭਾਜਪਾ ਨੇ ਇਨ੍ਹਾਂ 11 ਰਾਜਾਂ 'ਚ 88 ਫ਼ੀਸਦੀ ਦੀ ਬੇਮਿਸਾਲ ਦਰ ਨਾਲ ਸੀਟਾਂ ਜਿੱਤੀਆਂ ਸਨ। ਜੇਕਰ ਉਹ ਇਸ ਵਾਰ ਇੱਥੇ 70 ਫ਼ੀਸਦੀ ਦੀ ਦਰ ਨਾਲ ਹੀ ਜਿੱਤੀ (ਜੋ ਇਕ ਵਾਰ ਫਿਰ ਬਹੁਤ ਚੰਗੀ ਦਰ ਮੰਨੀ ਜਾਵੇਗੀ) ਤਾਂ ਵੀ ਉਹ 167 ਤੋਂ ਵੱਧ ਸੀਟਾਂ ਜਿੱਤ ਲਵੇਗੀ, ਪਰ ਉਸ ਸੂਰਤ 'ਚ ਉਸ ਨੂੰ 44 ਸੀਟਾਂ ਗੁਆਣੀਆਂ ਪੈ ਜਾਣਗੀਆਂ ਅਤੇ ਉਹ ਗੱਠਜੋੜ ਸਰਕਾਰ ਬਣਾਉਣ ਲਈ ਮਜਬੂਰ ਹੋ ਜਾਵੇਗੀ। ਇਸ ਥਾਂ ਦੂਜੇ ਨੰਬਰ ਦੇ ਰਾਜਾਂ ਦਾ ਵੀ ਭਾਜਪਾ ਲਈ ਮਹੱਤਵ ਉੱਭਰਦਾ ਹੈ। ਉੱਥੇ ਇਸ ਪਾਰਟੀ ਨੇ 46 ਫ਼ੀਸਦੀ ਦੀ ਦਰ ਨਾਲ ਜਿੱਤ ਹਾਸਿਲ ਕੀਤੀ ਸੀ। ਇੱਥੇ ਤਾਂ ਭਾਜਪਾ ਨੂੰ ਹਰ ਹਾਲਤ 'ਚ ਇਹ ਪ੍ਰਦਰਸ਼ਨ ਦੁਹਰਾਉਣਾ ਹੀ ਪਵੇਗਾ। ਇੱਥੇ ਜੇਕਰ ਉਸ ਦੀ ਜਿੱਤ ਦੀ ਦਰ 12 ਤੋਂ 15 ਫ਼ੀਸਦੀ ਵੀ ਘੱਟ ਹੋ ਗਈ ਤਾਂ ਉਹ 30 ਫ਼ੀਸਦੀ ਦੇ ਨੇੜੇ-ਤੇੜੇ ਆ ਜਾਵੇਗੀ ਅਤੇ ਇਹ ਪ੍ਰਦਰਸ਼ਨ ਉਸ ਲਈ ਸੰਸਥਾਗਤ ਨਹੀਂ ਕਿਹਾ ਜਾਵੇਗਾ। ਪ੍ਰਦਰਸ਼ਨ 'ਚ ਸਿਰਫ਼ 12 ਫ਼ੀਸਦੀ ਗਿਰਾਵਟ ਹੋਣ 'ਤੇ ਉਸ ਨੂੰ ਇੱਥੇ ਵੀ 21 ਸੀਟਾਂ ਗੁਆਣੀਆਂ ਪੈ ਜਾਣਗੀਆਂ। ਫਲਸਰੂਪ, ਸਭ ਤੋਂ ਵੱਡੀ ਪਾਰਟੀ ਦੇ ਰੂਪ 'ਚ ਸਰਕਾਰ ਬਣਾਉਣ ਲਈ ਉਸ ਨੂੰ ਭਾਈਵਾਲ ਪਾਰਟੀਆਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋਣਾ ਪਏਗਾ। ਚੋਣਾਂ 'ਚ ਇੱਕ ਵਾਰ ਫਿਰ ਵਧੀਆ ਪ੍ਰਦਰਸ਼ਨ ਕਰਨ ਦੇ ਬਾਵਜੂਦ ਮਾਮੂਲੀ ਜਿਹਾ ਝਟਕਾ ਲੱਗਣ 'ਤੇ ਭਾਜਪਾ ਕਰੀਬ 65 ਸੀਟਾਂ ਗੁਆਉਣ ਦੇ ਖ਼ਤਰੇ ਦਾ ਸਾਹਮਣਾ ਕਰੇਗੀ।

ਜ਼ਾਹਿਰ ਹੈ ਕਿ ਭਾਜਪਾ ਨੂੰ ਆਪਣੇ ਦੋਵਾਂ ਖੇਤਰਾਂ 'ਚ 88 ਫ਼ੀਸਦੀ ਅਤੇ 46 ਫ਼ੀਸਦੀ ਦਾ ਜ਼ਬਰਦਸਤ ਪ੍ਰਦਰਸ਼ਨ ਹਿੰਦੂ ਵੋਟਾਂ ਦੀ ਗੋਲਬੰਦੀ ਦੇ ਆਧਾਰ 'ਤੇ ਹੀ ਪ੍ਰਾਪਤ ਹੋਇਆ ਸੀ। ਪੰਜ ਸਾਲ ਬਾਅਦ ਉਸ ਨੂੰ ਇਕ ਵਾਰ ਫਿਰ ਏਨੀਆਂ ਹੀ ਹਿੰਦੂ ਵੋਟਾਂ ਚਾਹੀਦੀਆਂ ਹੋਣਗੀਆਂ। ਜਿਵੇਂ ਕਿ ਹਮੇਸ਼ਾ ਹੁੰਦਾ ਹੈ ਕਿ ਉਸ ਨੂੰ ਟੀਚਾ ਇਸ ਤੋਂ ਵੀ ਵੱਧ ਹਿੰਦੂ ਵੋਟਾਂ ਹਾਸਿਲ ਕਰਨ ਦਾ ਰੱਖਣਾ ਹੋਵੇਗਾ, ਉਦੋਂ ਹੀ ਉਸ ਨੂੰ ਕੁਝ ਘੱਟ ਕੇ ਬਾਕੀ ਗਿਣਤੀ 'ਚ ਵੋਟਾਂ ਪ੍ਰਾਪਤ ਹੋ ਸਕਣਗੀਆਂ। ਇੱਥੇ ਥੋੜ੍ਹੀ ਜਿਹੀ ਮੁਸ਼ਕਿਲ ਦਿਖਾਈ ਪੈਂਦੀ ਹੈ। ਇਤਿਹਾਸ ਦੱਸਦਾ ਹੈ ਕਿ 1990 'ਚ ਚੱਲੇ ਰਾਮ ਜਨਮ ਭੂਮੀ ਅੰਦੋਲਨ ਤੋਂ ਲੈ ਕੇ ਅਜੇ ਤੱਕ ਹੋਈ ਹਿੰਦੂ ਗੋਲਬੰਦੀ ਦਾ ਇਕੱਤਰ ਨਤੀਜਾ 2019 'ਚ ਨਿਕਲਿਆ ਸੀ। ਇਹ ਨਤੀਜਾ ਦੁਬਾਰਾ ਵੀ ਨਿਕਲ ਸਕਦਾ ਹੈ। ਪਹਿਲੀ ਸ਼੍ਰੇਣੀ ਦੇ 11 ਰਾਜਾਂ 'ਚ ਉੱਤਰ ਪ੍ਰਦੇਸ਼ ਇਕ ਅਜਿਹਾ ਰਾਜ ਹੈ, ਜਿੱਥੇ ਭਾਜਪਾ ਆਪਣੀਆਂ ਸੀਟਾਂ ਵਧਾ ਸਕਦੀ ਹੈ, ਕਿਉਂਕਿ ਉੱਥੇ ਸਾਂਝੇ ਉਮੀਦਵਾਰ ਖੜ੍ਹਾ ਕਰਨ ਦੇ ਮਾਮਲੇ 'ਚ ਵਿਰੋਧੀ ਧਿਰ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਕੁਲ ਮਿਲਾ ਕੇ ਪਹਿਲਾਂ ਤੋਂ ਜ਼ਿਆਦਾ ਹਿੰਦੂ ਵੋਟਾਂ ਹਾਸਿਲ ਕਰਨ ਦਾ ਟੀਚਾ ਪ੍ਰਾਪਤ ਕਰਨ ਲਈ ਭਾਜਪਾ ਨੂੰ ਹਿੰਦੂ ਗੋਲਬੰਦੀ ਦਾ ਇਕ ਨਵਾਂ 'ਟ੍ਰਿਗਰ ਪੁਆਇੰਟ' ਚਾਹੀਦਾ ਹੋਵੇਗਾ। ਕੁਝ-ਕੁਝ ਉਸੇ ਤਰ੍ਹਾਂ ਦਾ ਹੀ 'ਟ੍ਰਿਗਰ ਪੁਆਇੰਟ' ਜੋ ਉਸ ਨੂੰ 2019 'ਚ ਬਾਲਾਕੋਟ ਸਰਜੀਕਲ ਸਟ੍ਰਾਈਕ ਦੇ ਰਾਸ਼ਟਰਵਾਦੀ ਪ੍ਰਭਾਵ ਕਾਰਨ ਮਿਲ ਗਿਆ ਸੀ।

ਭਾਜਪਾ ਇਸ ਦੀ ਭਾਲ 'ਚ ਲੱਗੀ ਹੋਈ ਹੈ। ਮੈਨੂੰ ਲਗਦਾ ਹੈ ਕਿ 'ਸਨਾਤਨ' ਵਾਲਾ ਮੁੱਦਾ ਇਕ ਅਜਿਹਾ ਹੀ ਸੰਭਾਵਿਤ 'ਟ੍ਰਿਗਰ ਪੁਆਇੰਟ' ਹੈ, ਜਿਸ ਨੂੰ ਭਾਜਪਾ ਦੇ ਰਣਨੀਤੀਕਾਰ ਪਹਿਲਾਂ ਦੇ ਮੁਕਾਬਲੇ ਕੁਝ ਬਿਹਤਰ ਹਿੰਦੂ ਗੋਲਬੰਦੀ ਦੇ ਉਪਕਰਨ ਦੇ ਤੌਰ 'ਤੇ ਦੇਖ ਰਹੇ ਹਨ। ਹਿੰਦੂ ਵੋਟਾਂ ਦੀ ਗੋਲਬੰਦੀ ਇੱਕ ਹੋਰ ਸਮੱਸਿਆ ਦਾ ਸਾਹਮਣਾ ਕਰ ਰਹੀ ਹੈ। ਇੰਜ ਲੱਗਣ ਲੱਗਾ ਹੈ ਕਿ ਭਾਜਪਾ ਦੇ ਪ੍ਰਭਾਵ ਖੇਤਰ 'ਚ ਵੀ ਇਹ ਗੋਲਬੰਦੀ ਹੁਣ 'ਫ੍ਰੀਜਿੰਗ ਪੁਆਇੰਟ' 'ਤੇ ਪਹੁੰਚ ਗਈ ਹੈ। ਜਦੋਂ ਤੱਕ ਚੋਣਾਂ ਦੀ ਮੁਹਿੰਮ 'ਚ ਨਵੀਂ ਗਰਮੀ ਨਹੀਂ ਆਏਗੀ, ਉਦੋਂ ਤੱਕ ਬਰਫ਼ ਪਿਘਲੇਗੀ ਨਹੀਂ। ਕੀ 'ਸਨਾਤਨ' ਦਾ ਸਵਾਲ ਨਵੀਂ ਗਰਮੀ ਪੈਦਾ ਕਰੇਗਾ?

# ਇਜ਼ਰਾਈਲ ਦੇ ਲੋਕਾਂ ਦੇ ਵਿਰੋਧ ਦੀ ਨਵੀਂ ਉਮੀਦ: ਸ਼ਿਕਮਾ ਬ੍ਰੇਸਲਰ



ਰਣਜੀਤ ਸਿੰਘ ਕੁੱਕੀ ਗਿੱਲ

ਮਹੀਨਿਆਂ ਲੰਬੇ ਇਜ਼ਰਾਈਲ ਵਿੱਚ ਵਿਰੋਧ ਅਤੇ ਪ੍ਰਦਰਸ਼ਨ ਦਾ ਚਿਹਰਾ ਇੱਕ ਕਣ-ਭੌਤਿਕ ਵਿਗਿਆਨੀ, ਸ਼ਿਕਮਾ ਬ੍ਰੇਸਲਰ ਹੈ। ਉਹ ਪੰਜ ਬੱਚਿਆਂ ਦੀ ਮਾਂ ਹੈ ਅਤੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਉੱਭਰ ਰਹੇ ਕੱਟੜਪੰਥੀ ਤਾਨਾਸ਼ਾਹੀ ਸ਼ਾਸਨ ਵਿਰੁੱਧ ਇਜ਼ਰਾਈਲ ਦੇ ਲੋਕਾਂ ਦੇ ਵਿਰੋਧ ਦੀ ਨਵੀਂ ਉਮੀਦ ਹੈ।

ਬਹੁਤ ਘੱਟ ਇਜ਼ਰਾਈਲੀਆਂ ਨੂੰ ਯਾਦ ਹੈ ਕਿ ਐਲੀਜ਼ਰ ਕਪਲਾਨ ਕੌਣ ਸੀ। ਦੇਸ਼ ਦਾ ਪਹਿਲਾ ਵਿੱਤ ਮੰਤਰੀ – ਉਹ ਵਿਅਕਤੀ ਜਿਸ ਦਾ ਕੰਮ ਰਾਜ ਬਣਾਉਣ ਲਈ ਪੈਸਾ ਲੱਭਣਾ ਸੀ। ਉਸ ਦੀ 1952 ਵਿੱਚ 61 ਸਾਲ ਦੀ ਉਮਰ ਵਿੱਚ ਮੌਤ ਹੋ ਗਈ, ਪਰ ਉਸ ਦਾ ਕੰਮ ਅਜੇ ਖਤਮ ਨਹੀਂ ਹੋਇਆ ਸੀ। ਪਰ ਕਪਲਾਨ ਦੀ ਮੌਤ ਦਾ ਸਮਾਂ, ਅਤੇ ਦੇਸ਼ ਦੇ ਸ਼ੁਰੂਆਤੀ ਸਾਲਾਂ ਵਿੱਚ ਉਸਨੇ ਜੋ ਮਹੱਤਵਪੂਰਨ ਅਹੁਦਾ ਸੰਭਾਲਿਆ ਸੀ, ਦਾ ਮਤਲਬ ਹੈ ਕਿ ਉਸ ਦਾ ਨਾਮ ਕੁਝ ਕੇਂਦਰੀ ਸਥਾਨਾਂ ਵਿੱਚ ਯਾਦ ਕੀਤਾ ਗਿਆ ਸੀ, ਭਾਵੇਂ ਕਿ ਅੱਜ ਉੱਥੇ ਤੋਂ ਲੰਘਣ ਵਾਲੇ ਲਗਭਗ ਹਰ ਵਿਅਕਤੀ ਲਈ ਇਸ ਦਾ ਕੋਈ ਮਤਲਬ ਨਹੀਂ ਹੈ।

ਪੱਛਮੀ ਯਰੂਸ਼ਲਮ ਵਿੱਚ, ਕਪਲਾਨ ਸਟ੍ਰੀਟ ਕੇਂਦਰੀ ਸਰਕਾਰ ਦੇ ਕੁਆਰਟਰ ਵਿੱਚੋਂ ਲੰਘਦੀ ਹੈ। ਇੱਕ ਸਿਰੇ 'ਤੇ ਇਜ਼ਰਾਈਲ ਦੀ ਸੁਪਰੀਮ ਕੋਰਟ, ਫਿਰ ਵਿਦੇਸ਼ ਮੰਤਰਾਲਾ, ਬੈਂਕ ਆਫ਼ ਇਜ਼ਰਾਈਲ, ਪ੍ਰਧਾਨ ਮੰਤਰੀ ਦਫ਼ਤਰ ਅਤੇ ਵਿੱਤ ਮੰਤਰਾਲਾ ਹੈ। ਦੂਜੇ ਸਿਰੇ 'ਤੇ ਇਜ਼ਰਾਈਲ ਦੀ ਸੰਸਦ ਹੈ। ਟੈਲ ਅਵੀਵ ਵਿੱਚ ਇੱਕ ਕਪਲਨ ਸਟ੍ਰੀਟ ਵੀ ਹੈ। ਇਹ ਸ਼ਹਿਰ ਦੇ ਮੁੱਖ ਪ੍ਰਵੇਸ਼ ਦੁਆਰਾਂ ਵਿੱਚੋਂ ਇੱਕ ਹੈ ਅਤੇ ਇਸ ਉੱਤੇ ਹੋਰ ਮੁੱਖ ਸਰਕਾਰੀ ਦਫ਼ਤਰ ਹਨ – ਰੱਖਿਆ ਮੰਤਰਾਲਾ ਅਤੇ ਇਜ਼ਰਾਈਲੀ ਫੌਜ ਦਾ ਹੈੱਡਕੁਆਰਟਰ।

ਪਿਛਲੇ ਅੱਠ ਮਹੀਨਿਆਂ ਦੌਰਾਨ, ਜਿਵੇਂ ਕਿ ਲੱਖਾਂ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਗੱਠਜੋੜ ਦੀਆਂ ਸੁਪਰੀਮ ਕੋਰਟ ਨੂੰ ਬਹੁਤ ਕਮਜ਼ੋਰ ਕਰਨ ਦੀਆਂ ਯੋਜਨਾਵਾਂ ਦਾ ਵਿਰੋਧ ਕਰਦੇ ਹੋਏ ਸੜਕਾਂ 'ਤੇ ਉਤਰ ਆਏ ਹਨ, ਕਪਲਾਨ ਦੀਆਂ ਦੋਵੇਂ ਸੜਕਾਂ ਵਿਸ਼ਾਲ ਸਰਕਾਰ ਵਿਰੋਧੀ ਰੈਲੀਆਂ ਲਈ ਸਥਾਨ ਰਹੀਆਂ ਹਨ। ਇਹ ਨਾਮ ਵਿਰੋਧ ਪ੍ਰਦਰਸ਼ਨਾਂ ਦਾ ਇੰਨਾ ਸਮਾਨਾਰਥੀ ਬਣ ਗਿਆ ਹੈ ਕਿ ਮੁੱਖ ਪ੍ਰਬੰਧਕ ਸਮੂਹਾਂ ਵਿੱਚੋਂ ਇੱਕ ਨੇ ਆਪਣੇ ਆਪ ਨੂੰ ਕਪਲਾਨ ਫੋਰਸ ਦਾ ਨਾਮ ਵੀ ਦਿੱਤਾ ਹੈ। ਜਦੋਂ ਉਹ ਇੱਕ ਹਜ਼ਾਰ ਵਟਸਐਪ ਸੁਨੇਹਿਆਂ ਰਾਹੀਂ ਕਾਲ ਕਰਦੇ ਹਨ, ਅੱਜ ਰਾਤ ਹਰ ਕੋਈ ਕਪਲਾਨ 'ਤੇ ਹੈ, ਤਾਂ ਇਹ ਦੱਸਣ ਦੀ ਕੋਈ ਲੋੜ ਨਹੀਂ ਹੁੰਦੀ ਕਿ ਉਹ ਕਿਸ ਕਪਲਾਨ ਦਾ ਹਵਾਲਾ ਦੇ ਰਹੇ ਹਨ। ਵਿਰੋਧ ਪ੍ਰਦਰਸ਼ਨ ਇਜ਼ਰਾਈਲ ਦੇ ਆਲੇ-ਦੁਆਲੇ, ਸੌ ਤੋਂ ਵੱਧ ਸਥਾਨਾਂ 'ਤੇ ਹੋ ਰਹੇ ਹਨ, ਪਰ ਇਹ ਸਪੱਸ਼ਟ ਹੋ ਗਿਆ ਹੈ ਕਿ ਉਨ੍ਹਾਂ ਦਾ ਕੇਂਦਰ ਬਿੰਦੂ ਟੈਲ ਅਵੀਵ ਹੈ। ਇਹ ਉਹ ਥਾਂ ਹੈ ਜਿੱਥੇ ਵਿਰੋਧ ਪ੍ਰਦਰਸ਼ਨ ਪਹਿਲਾਂ, ਹਾਬੀਮਾਹ ਰਾਸ਼ਟਰੀ ਥੀਏਟਰ ਦੇ ਬਾਹਰ ਚੌਂਕ ਵਿੱਚ ਸ਼ੁਰੂ ਹੋਏ ਸਨ ਅਤੇ ਹੌਲੀ ਹੌਲੀ ਕਪਲਾਨ ਸਟ੍ਰੀਟ ਵਿੱਚ ਫੈਲਦੇ ਗਏ ਅਤੇ ਅਯਾਲੋਨ ਹਾਈਵੇਅ ਨੂੰ ਰੋਕਣ ਵਾਲੀਆਂ ਜ਼ਿਆਦਾਤਰ ਰਾਤਾਂ ਨੂੰ ਖਤਮ ਹੋਏ। ਇਹ ਉਹ ਥਾਂ ਹੈ ਜਿੱਥੇ ਸਭ ਤੋਂ ਵੱਡੀ ਗਿਣਤੀ ਇਕੱਠੀ ਹੋਈ ਹੈ ਅਤੇ ਪੁਲਿਸ ਨਾਲ ਲੜਾਈਆਂ ਸਭ ਤੋਂ ਭਿਆਨਕ ਰਹੀਆਂ ਹਨ। ਹਜ਼ਾਰਾਂ ਲੋਕ ਯੇਰੂਸ਼ਲਮ ਵਿੱਚ ਰਾਸ਼ਟਰਪਤੀ ਦੀ ਰਿਹਾਇਸ਼ ਦੇ ਬਾਹਰ ਇੱਕ ਹਫਤਾਵਾਰੀ ਰੈਲੀ ਵਿੱਚ ਸ਼ਾਮਲ ਹੋਏ, ਜਿਸਨੂੰ ਇਜ਼ਰਾਈਲ ਆਪਣੀ ਰਾਜਧਾਨੀ ਵਜੋਂ ਦਾਅਵਾ ਕਰਦਾ ਹੈ ਪਰ ਅੰਤਰਰਾਸ਼ਟਰੀ ਭਾਈਚਾਰਾ ਇਸ ਨੂੰ ਮਾਨਤਾ ਨਹੀਂ ਦਿੰਦਾ। ਨੇਸੇਟ ਅਤੇ ਸੁਪਰੀਮ ਕੋਰਟ ਦੇ ਬਾਹਰ ਵੀ ਕੁਝ ਵਿਸ਼ਾਲ ਰੈਲੀਆਂ ਕੀਤੀਆਂ ਗਈਆਂ ਹਨ। ਪਰ ਜਿੱਥੋਂ ਤੱਕ ਵਿਰੋਧ ਅੰਦੋਲਨ ਦਾ ਸਬੰਧ ਹੈ ਟੈਲ ਅਵੀਵ ਇਜ਼ਰਾਈਲ ਦੀ ਰਾਜਧਾਨੀ ਬਣਿਆ ਹੋਇਆ ਹੈ। ਪਿਛਲੇ ਸੱਤ ਮਹੀਨਿਆਂ ਤੋਂ, ਹਾਲਾਂਕਿ, ਕਪਲਾਨ ਸ਼ਾਂਤ ਹੋਣ ਤੋਂ ਇਲਾਵਾ ਕਿਸੇ ਵੀ ਚੀਜ਼ ਦਾ ਸਮਾਨਾਰਥੀ ਰਿਹਾ ਹੈ। ਹਰ ਸ਼ਨੀਵਾਰ ਸ਼ਾਮ ਨੂੰ, ਲਗਾਤਾਰ 33 ਹਫ਼ਤਿਆਂ ਲਈ, ਸੜਕ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨਾਲ ਭਰ ਜਾਂਦੀ ਹੈ, ਕਿਉਂਕਿ ਇਜ਼ਰਾਈਲ ਆਪਣੇ 75 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਡੂੰਘੇ ਘਰੇਲੂ ਸੰਕਟ ਨਾਲ ਜੂਝ ਰਿਹਾ ਹੈ। ਇਹ ਚੰਗਿਆੜੀ ਕੱਟੜਪੰਥੀ ਨਵੀਂ ਸਰਕਾਰ ਦੁਆਰਾ ਜਨਵਰੀ ਵਿੱਚ ਸ਼ੁਰੂ ਕੀਤੀ ਗਈ ਇੱਕ ਵਿਵਾਦਪੂਰਨ ਨਿਆਂਇਕ ਤਬਦੀਲੀ ਸੀ । ਹਾਲ ਹੀ ਦੇ ਵਿਰੋਧ ਪ੍ਰਦਰਸ਼ਨ ਕੁਝ ਹੋਰ ਵੱਡੇ ਰੂਪ ਵਿੱਚ ਉੱਭਰੇ ਹਨ: ਦੇਸ਼ ਦੀ ਪਛਾਣ ਨੂੰ ਲੈ ਕੇ ਇੱਕ ਲੜਾਈ, ਜਿਸ ਨੇ ਨਿਵੇਸ਼ਕਾਂ ਨੂੰ ਡਰਾ ਦਿੱਤਾ ਹੈ, ਫੌਜ ਵਿੱਚ ਦਰਾਰਾਂ ਖੋਲ੍ਹ ਦਿੱਤੀਆਂ ਹਨ ਅਤੇ ਇਜ਼ਰਾਈਲੀ ਸਮਾਜ ਵਿੱਚ ਪਹਿਲਾਂ ਤੋਂ ਹੀ ਉਛਾਲਦੇ ਪਾੜੇ ਨੂੰ ਡੂੰਘਾ ਕੀਤਾ ਹੈ।

ਮੈਦਾਨ ਦੇ ਵਿਚਕਾਰ ਸ਼ਿਕਮਾ ਬ੍ਰੇਸਲਰ ਹੈ। ਹਾਲ ਹੀ ਵਿੱਚ, 43 ਸਾਲਾ ਨੌਜਵਾਨ ਕਣ ਭੌਤਿਕ ਵਿਗਿਆਨ ਦੇ ਸੰਸਾਰ ਵਿੱਚ ਉਸਦੇ ਕੰਮ ਲਈ ਸਭ ਤੋਂ ਵੱਧ ਜਾਣਿਆ ਜਾਂਦਾ ਹੈ, ਜਿਸਨੇ ਇਜ਼ਰਾਈਲ ਦੇ ਕੁਲੀਨ ਵੇਇਜ਼ਮੈਨ ਇੰਸਟੀਚਿਊਟ ਆਫ਼ ਸਾਇੰਸ ਅਤੇ ਸਵਿਟਜ਼ਰਲੈਂਡ ਵਿੱਚ ਸਰਨ ਕਣ ਐਕਸਲੇਟਰ ਵਿੱਚ ਆਪਣੀਆਂ ਭੂਮਿਕਾਵਾਂ ਪ੍ਰਾਪਤ ਕੀਤੀਆਂ ਪਰ ਇਸ ਸਾਲ ਉਹ ਵਿਰੋਧ ਅੰਦੋਲਨ – ਜਿਸ ਦਾ ਕੋਈ ਇੱਕ ਨੇਤਾ ਨਹੀਂ ਹੈ – ਦੇ ਸਭ ਤੋਂ ਜਾਣੇ-ਪਛਾਣੇ ਚਿਹਰਿਆਂ ਵਿੱਚੋਂ ਇੱਕ ਬਣ ਗਈ ਹੈ। ਉਹ ਰੈਲੀਆਂ ਵਿੱਚ ਭਾਸ਼ਣ ਦਿੰਦੀ ਹੈ, ਟੈਲ ਅਵੀਵ ਤੋਂ ਯਰੂਸ਼ਲਮ ਤੱਕ 70 ਕਿਲੋਮੀਟਰ ਦਾ ਮਾਰਚ ਸ਼ੁਰੂ ਕਰਦੀ ਹੈ ਅਤੇ ਥੋੜ੍ਹੇ ਸਮੇਂ ਲਈ ਗ੍ਰਿਫਤਾਰ ਵੀ ਹੋ ਜਾਂਦੀ ਹੈ। ਬੈਂਜਾਮਿਨ ਨੇਤਨਯਾਹੂ ਦੀ ਗੱਠਜੋੜ ਇਜ਼ਰਾਈਲੀ ਸਰਕਾਰ ਨੇ ਆਖਰਕਾਰ ਆਪਣੀ ਨਿਆਂਇਕ ਤਬਦੀਲੀਆਂ ਦਾ ਪਹਿਲਾ ਕਾਨੂੰਨ ਲਾਗੂ ਕੀਤਾ ਹੈ: ਇੱਕ ਕਾਨੂੰਨ ਜੋ ਸਰਕਾਰ ਦੇ ਫੈਸਲਿਆਂ ਨੂੰ ਰੋਕਣ ਦੀ ਸੁਪਰੀਮ ਕੋਰਟ ਦੀ ਯੋਗਤਾ ਨੂੰ ਸੀਮਤ ਕਰਦਾ ਹੈ। ਉਸ ਦੇ ਸਹਿਯੋਗੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਇਕੋ ਟੀਚੇ ਦੇ ਨਾਲ ਕਾਨੂੰਨ ਦੇ ਵਿਸ਼ਾਲ ਬੇੜੇ ਦੀ ਸ਼ੁਰੂਆਤ ਹੈ : ਨਿਆਂਪਾਲਿਕਾ ਦੇ ਖੰਭਾਂ ਨੂੰ ਕੱਟਣਾ। ਪਰ ਬ੍ਰੇਸਲਰ ਵਿਰੋਧ ਦੀ ਸੁਰ ਜਾਰੀ ਰੱਖਦੀ ਹੈ, ਸਾਡੇ ਲਈ, ਇਹ ਸਾਡੀ ਪੀੜ੍ਹੀ ਦੀ ਸਭ ਤੋਂ ਵੱਡੀ ਲੜਾਈ ਹੈ, ਉਹ ਕਹਿੰਦੀ ਹੈ। ਸਾਡੇ ਕੋਲ ਜਿੱਤਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ। ਜੇਕਰ ਅਸੀਂ ਹਾਰ ਜਾਂਦੇ ਹਾਂ, ਤਾਂ ਇਸ ਦੇਸ਼ ਨੂੰ ਅਜੇ ਵੀ ਇਜ਼ਰਾਈਲ ਕਿਹਾ ਜਾਵੇਗਾ। ਪਰ ਇਹ ਉਹ ਇਜ਼ਰਾਈਲ ਨਹੀਂ ਹੋਵੇਗਾ ਜਿਵੇਂ ਤੁਸੀਂ ਪਹਿਲਾਂ ਸੋਚਿਆ ਸੀ।

ਨਿਮਰੋਡ ਬਰੇਸਲਰ ਦਾ ਘਰੇਲੂ ਮੈਦਾਨ ਹੈ, ਉਹ ਸਥਾਨਾਂ ਵਿੱਚੋਂ ਇੱਕ ਹੈ ਜਿੱਥੇ ਉਹ ਅਤੇ ਹੋਰ ਲੋਕ ਵਿਰੋਧ ਅੰਦੋਲਨ ਵਿੱਚ ਸ਼ਾਮਿਲ ਹਨ। ਇਹ ਸਿਵਲ ਸੁਸਾਇਟੀ ਸੰਸਥਾਵਾਂ ਦਾ ਇੱਕ ਢਿੱਲਾ ਤਾਲਮੇਲ ਸਮੂਹ ਹੈ ਜੋ ਸ਼ਨੀਵਾਰ ਰਾਤ ਦੀਆਂ ਰੈਲੀਆਂ ਤੋਂ ਪਹਿਲਾਂ ਲਗਭਗ 200 ਮੀਟਰ ਤੱਕ ਗਲੀ ਵਿੱਚ ਇਕੱਠੇ ਹੁੰਦੇ ਹਨ। ਇਜ਼ਰਾਈਲੀ ਸਮਾਜ ਦੇ ਵਿਰੋਧ ਕਰਨ ਵਾਲੇ ਹਿੱਸੇ ਨੇ ਦੇਸ਼ ਨੂੰ ਦੋ ਕੈਂਪਾਂ ਵਿੱਚ ਵੰਡ ਦਿੱਤਾ ਹੈ: ਇੱਕ ਮੋਟੇ ਤੌਰ 'ਤੇ ਰਾਸ਼ਟਰਵਾਦੀ ਅਤੇ ਧਾਰਮਿਕ ਹੈ ਜੋ ਕਿ ਨਿਆਂਪਾਲਿਕਾ 'ਤੇ ਲਗਾਮ ਲਗਾਉਣ ਦੇ ਤਰੀਕੇ ਵਜੋਂ ਸਰਕਾਰ ਦੇ ਸੁਧਾਰ ਦਾ ਸਮਰਥਨ ਕਰਦਾ ਹੈ ਅਤੇ ਇੱਕ ਹੋਰ, ਵਧੇਰੇ ਧਰਮ ਨਿਰਪੱਖ ਅਤੇ ਰਾਜਨੀਤਿਕ ਤੌਰ 'ਤੇ ਵਿਪਰੀਤ, ਜੋ ਇਸਨੂੰ ਇਜ਼ਰਾਈਲ ਦੇ ਚੈਕ ਅਤੇ ਸੰਤੁਲਨ 'ਤੇ ਇੱਕ ਹਮਲੇ ਵਜੋਂ ਵੇਖਦਾ ਹੈ ਜੋ ਨੇਤਨਯਾਹੂ ਦੇ ਬਹੁਤ ਜਿਆਦਾ ਰੂੜ੍ਹੀਵਾਦੀ ਅਤੇ ਕੱਟੜ-ਸੱਜੇ ਸਹਿਯੋਗੀਆਂ ਨੂੰ ਬਾਕੀ ਸਮਾਜ 'ਤੇ ਆਪਣਾ ਵਿਸ਼ਵ ਨਜ਼ਰੀਆ ਥੋਪਣ ਦੀ ਆਗਿਆ ਦੇਵੇਗਾ। ਬ੍ਰੈਸਲਰ ਦੂਜੇ ਗਰੁੱਪ ਵਿੱਚ ਮਜ਼ਬੂਤੀ ਨਾਲ ਸ਼ਾਮਿਲ ਹੈ।

ਅੰਤ ਵਿੱਚ, ਇਹ ਪੂਰੀ ਸ਼ਕਤੀ ਪ੍ਰਾਪਤ ਕਰਨ ਅਤੇ ਸੱਤਾ ਵਿੱਚ ਰਹਿਣ ਬਾਰੇ ਹੈ, ਉਹ ਨਿਆਂਇਕ ਸੁਧਾਰ ਬਾਰੇ ਕਹਿੰਦੀ ਹੈ। ਉਹ ਇਜ਼ਰਾਈਲ ਦੀ ਤੁਲਨਾ ਪੋਲੈਂਡ ਤੋਂ ਤੁਰਕੀ ਤੱਕ, ਹੋਰ ਰਾਜਾਂ ਦੀ ਸੂਚੀ ਨਾਲ ਕਰਦੀ ਹੈ, ਜਿਨ੍ਹਾਂ ਨੇ ਨਿਆਂ ਪ੍ਰਣਾਲੀ 'ਤੇ ਸਮਾਨ

(ਬਾਕੀ ਸਫ਼ਾ 30 'ਤੇ)



# ਮੋਰ ਪੁਛੇਂਦੇਂ ਕੂੰਜਾਂ ਕੋਲੋਂ, ਤੁਸਾਂ ਨਿੱਤ ਪਰਦੇਸ ਤਿਆਰੀ

# ਪੰਛੀਆਂ ਦਾ ਪਰਵਾਸ

## ਕਿਥੋਂ ਦਾ ਪੰਛੀ ਕਿਥੇ ਚੋਗਾ ਲੱਭਿਆ



ਪੰਜਾਬ ਡਾਇਰੀ
ਜਗਮੋਹਨ ਸਿੰਘ
9463819174



ਕਾਦਰ ਵੱਲੋਂ ਸਾਜੀ ਇਸ ਕੁਦਰਤ ਵਿੱਚ ਪੰਛੀਆਂ, ਖਾਸ ਤੌਰ 'ਤੇ ਪਰਵਾਸੀ ਪੰਛੀਆਂ ਦਾ ਪਰਵਾਸ ਮੁੱਢ ਕਦੀਮ ਤੋਂ ਜਾਰੀ ਹੈ, ਜੋ ਕਿ ਆਉਣ ਵਾਲੀਆਂ ਸਦੀਆਂ ਵਿੱਚ ਵੀ ਇਸੇ ਤਰਾਂ ਜਾਰੀ ਰਹਿਣਾ ਹੈ। ਪਰਵਾਸੀ ਪੰਛੀਆਂ ਦਾ ਆਪਣੀ ਜਨਮ ਭੌਂ ਛੱਡ ਕੇ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ, ਸੱਤ ਸਮੁੰਦਰ ਪਾਰ ਕਰਕੇ, ਹਿਮਾਲਿਆ ਵਰਗੇ ਅਸਮਾਨ ਛੋਂਹਦੇ ਪਰਬਤਾਂ ਨੂੰ ਪਾਰ ਕਰਕੇ ਪੰਜਾਬ ਅਤੇ ਭਾਰਤ ਦੇ ਹੋਰਨਾਂ ਇਲਾਕਿਆਂ ਵਿੱਚ ਆਉਣ ਲਈ ਪਰਵਾਸ ਕਰਨਾ ਕੁਦਰਤੀ ਵਰਤਾਰਾ ਹੈ, ਜੋ ਕਿ ਏਹਨਾਂ ਪਰਵਾਸੀ ਪੰਛੀਆਂ ਦੇ ਲੇਖਾਂ ਵਿੱਚ ਲਿਖਿਆ ਹੋਇਆ ਹੈ। ਅਸਲ ਵਿੱਚ ਪਰਵਾਸ ਕਰਨਾ ਪਰਵਾਸੀ ਪੰਛੀਆਂ ਦੀ ਤਕਦੀਰ ਹੈ ਅਤੇ ਤਦਬੀਰਾਂ ਇਹਨਾਂ ਪਰਵਾਸੀ ਪੰਛੀਆਂ ਤੋਂ ਹੁੰਦੀਆਂ ਹੀ ਨਹੀਂ, ਜਿਸ ਕਰਕੇ ਮੁੱਢ ਕਦੀਮ ਤੋਂ ਪੂਰੇ ਆਲਮ ਵਿੱਚ ਵਿਚਰਦੇ ਇਹ ਪਰਵਾਸੀ ਪੰਛੀ ਪਰਵਾਸ ਕਰਦੇ ਆ ਰਹੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੇ ਆਉਣ ਵਾਲੀਆਂ ਸਦੀਆਂ ਦੌਰਾਨ ਵੀ ਹਮੇਸ਼ਾ ਪਰਵਾਸ ਕਰਦੇ ਰਹਿਣਗੇ।



ਕਾਲੇ ਸਾਗਰ (ਬਲੈਕ ਸੀ) ਤੋਂ ਮੰਗੋਲੀਆ ਅਤੇ ਉੱਤਰ-ਪੂਰਬੀ ਚੀਨ ਤੱਕ ਕੇਂਦਰੀ ਯੂਰੇਸ਼ੀਆ, ਤੁਰਕੀ, ਰੂਸ, ਸਾਈਬੇਰੀਆ, ਕਜ਼ਾਕਿਸਤਾਨ, ਯੂਰੋਪ ਅਤੇ ਹੋਰ ਠੰਡੇ ਮੁਲਕਾਂ ਤੋਂ ਕਰੀਬ 350 ਕਿਸਮਾਂ ਦੇ ਪਰਵਾਸੀ ਪੰਛੀ ਹਰ ਸਾਲ ਸਿਆਲ ਦੀ ਰੁੱਤ ਸ਼ੁਰੂ ਹੁੰਦੇ ਹੀ ਪੰਜਾਬ ਦੀਆਂ ਵੱਡੀਆਂ ਕੌਮੀ ਜਲਗਾਹਾਂ ਹਰੀਕੇ ਪੱਤਣ ਝੀਲ, ਰੋਪੜ ਜਲਗਾਹ ਅਤੇ ਕਾਂਜਲੀ ਝੀਲ ਸਮੇਤ ਹੁਸੈਨੀਵਾਲ ਝੀਲ, ਮੰਡ ਭਰਥਲਾ, ਨੰਗਲ ਝੀਲ, ਸੁਖਨਾ ਝੀਲ ਚੰਡੀਗੜ੍ਹ ਸਮੇਤ ਹੋਰਨਾਂ ਜਲਗਾਹਾਂ ਅਤੇ ਜਲਥਾਵਾਂ ਉਪਰ ਆ ਕੇ ਆਪਣਾ ਡੇਰਾ ਲਗਾ ਲੈਂਦੇ ਹਨ। ਪਰਵਾਸੀ ਪੰਛੀ ਸਾਈਬੇਰੀਆ ਦੀਆਂ ਕੂੰਜਾਂ, ਜਲਕਾਓ, ਬਗਲੇ, ਲਮਢੀਂਗ, ਲੈਗੇ, ਗੀਜ਼, ਕੋਮਨ ਰੂਟ, ਪਿਰਟੇਲ, ਸੀਲ.ਗਜ਼, ਗ੍ਰੇਲਲੈਂਗ ਰੂਟ, ਬਲੈਕ ਕੂਟ, ਇਲਾ ਬਾਰਹੈਡਿਡ, ਸਪੁਨ, ਬਿੱਲਜ਼, ਸਾਇਬੇਰੀਅਨ ਗਲਜ਼, ਮਲਾਰਡ, ਵਿਜ਼ਨ, ਰੈਡਕ੍ਰੇਸੀਟਿਡ, ਪੋਚਿਡ, ਗੱਡਵਾਲ, ਸਨੈਕ ਬਰਡ, ਪੈਨਲੇਟ, ਸਾਵਲਰ, ਲਾਰਜ ਕਾਰਮੋਰੇਂਟ, ਗ੍ਰੇਟਈ, ਫਲੈਮਿੰਗੋ, ਰੂਡੀਸ਼ੈੱਲ ਡੱਕ, ਸਪੋਨ ਬਿੱਲਜ਼ , ਨਿਊ ਬਰਡ, ਸਟਰੋਕ, ਰੈੱਡ ਕਰੱਸਡ ਪੋਚਡ, ਗੀਜ਼, ਇਲਾ ਬਾਰਹੈਡਿਡ, ਸਪੁਨ, ਬਿੱਲਜ਼, ਗੱਡਵਾਲ, ਸਨੈਕ ਬਰਡ, ਪੈਨਲੇਟ, ਸਾਵਲਰ, ਲਾਰਜ ਕਾਰਮੋਰੇਂਟ, ਗ੍ਰੇਟਈ, ਫਲੈਮਿੰਗੋ, ਰੂਡੀਸ਼ੈੱਲ ਡੱਕ, ਸਪੋਨ ਬਿੱਲਜ਼ , ਕਾਲੀਆਂ ਮੁਰਗਾਬੀਆਂ (ਕੂਟ) , ਸੀਂਖੁਪਰ (ਪਿਨਟੇਲ), ਟੀਲ, ਬਿੰਦੀ ਚੁੰਝਾ (ਸਪਾਟ ਬਿੱਲ), ਨੀਲਸਰ (ਮੱਲਾਰਡ), ਗੈਡਵਾਲਵਿਜਨ, ਨੀਲੀ ਟੀਲ (ਗਾਰਗਨੀ), ਬੇਲਚੀ (ਸਾਵਲਰ ਪੋਚਡ), ਲਾਲ ਸਿਰੀ ਪੋਚਡ, ਸਕਾਪ ਮੁਰਗਾਬੀ, ਮੱਘ, ਕਈ ਕਿਸਮਾਂ ਦੀਆਂ ਬੱਤਖਾਂ, ਸੁਰਖਾਬ, ਜਲ ਸਿੰਘੀ ਅਤੇ ਹੋਰ ਸੈਂਕੜੇ ਕਿਸਮਾਂ ਦੇ ਪਰਵਾਸੀ ਪੰਛੀ ਸਿਆਲ ਰੁੱਤੇ ਪੰਜਾਬ ਦੇ ਉੱਡਣੇ ਮਹਿਮਾਣ ਬਣਕੇ ਆਉਂਦੇ ਹਨ ਅਤੇ ਸਿਆਲਾਂ ਦੇ ਚਾਰ ਮਹੀਨੇ ਪੰਜਾਬੀਆਂ ਦੀ ਪ੍ਰਾਹੁਣਾਚਾਰੀ ਦਾ ਆਨੰਦ ਮਾਣ ਕੇ ਮੌਸਮ ਵਿੱਚ ਤਬਦੀਲੀਆਂ ਹੁੰਦਿਆਂ ਹੀ ਮੁੜ ਆਪਣੇ ਵਤਨਾਂ ਨੂੰ ਲੰਮੀਂ ਉਡਾਰੀ ਮਾਰ ਜਾਂਦੇ ਹਨ। ਯੁੱਗਾਂ-ਯੁੱਗਾਤਰਾਂ ਤੋਂ ਇਹ ਪਰਵਾਸੀ ਪੰਛੀ ਪੰਜਾਬੀਆਂ ਦੀ ਪ੍ਰਾਹੁਣਾਚਾਰੀ ਦਾ ਆਨੰਦ ਮਾਣਦੇ ਆ ਰਹੇ ਹਨ ਅਤੇ ਰਹਿੰਦੀ ਦੁਨੀਆਂ ਤੱਕ ਮਾਣਦੇ ਰਹਿਣਗੇ।



ਵੱਖ- ਵੱਖ ਸੈਂਕੜੇ ਕਿਸਮਾਂ ਦੇ ਇਹ ਪਰਵਾਸੀ ਪੰਛੀ ਬਹੁਤ ਹੀ ਸੁੰਦਰ, ਮਨਮੋਹਣੇ, ਅਦਭੁੱਤ ਕਿਸਮਾਂ ਦੇ ਹੁੰਦੇ ਹਨ। ਇਹਨਾਂ ਪਰਵਾਸੀ ਪੰਛੀਆਂ 'ਚੋਂ ਰੂਡੀ ਸ਼ੈਲਡਕ, ਸਟਰੋਕ, ਰੈੱਡ ਕਰੱਸਡ ਪੋਚਡ, ਸਨੇਕ ਵਰਲਡ ਆਦਿ ਨਸਲਾਂ ਦੇ ਪੰਛੀ ਸਭ ਤੋਂ ਸੁੰਦਰ ਪੰਛੀ ਮੰਨੇ ਜਾਂਦੇ ਹਨ। 'ਜਲ ਸਿੰਘੀ' ਨਾਮੀ ਪਰਵਾਸੀ ਪੰਛੀ ਨੂੰ 'ਹੁਸਣ ਪਰੀ' ਵੀ ਕਿਹਾ ਜਾਂਦਾ ਹੈ। ਜਲ ਸਿੰਘੀ ਪੰਛੀ ਏਨਾ ਸੋਹਣਾ ਸੁਨੱਖਾ ਹੁੰਦਾ ਹੈ ਕਿ ਇਹ ਪੰਛੀ ਆਪਣੇ 'ਹੁਸਨ' ਨਾਲ ਹੀ ਵੇਖਣ ਵਾਲਿਆਂ ਦੀਆਂ ਅੱਖਾਂ ਚੁੰਧਿਆ ਦਿੰਦਾ ਹੈ, ਇਸ ਪੰਛੀ ਦੀ ਕੋਇਲ ਵਰਗੀ ਸੁਰੀਲੀ ਆਵਾਜ਼ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਹੈ।

ਪਰਵਾਸੀ ਪੰਛੀਆਂ ਦਾ ਪਰਵਾਸ ਤਰਜੀਹੀ ਰਸਤਿਆਂ ਵਿੱਚ ਹੁੰਦਾ ਹੈ ਜਿਸ ਨੂੰ ' ਫਲਾਈਵੇਅ' ਦਾ ਨਾਂਅ ਦਿੱਤਾ ਜਾਂਦਾ ਹੈ। ਪੰਛੀਆਂ ਦੇ ਇਹ ਹਵਾਈ ਰਸਤੇ ਆਮ ਤੌਰ 'ਤੇ ਪਹਾੜ, ਸਮੁੰਦਰੀ ਕੰਢਿਆਂ ਜਾਂ ਕਈ ਵਾਰ ਦਰਿਆਵਾਂ ਨੂੰ ਮੁੱਖ ਰੱਖ ਕੇ ਤੈਅ ਕੀਤੇ ਜਾਂਦੇ ਹਨ। ਕੂੰਜਾਂ ਸਮੇਤ ਵੱਡੀ ਗਿਣਤੀ ਪਰਵਾਸੀ ਪੰਛੀ 5,000 ਤੋਂ 8,000 ਮੀਟਰ ਦੀ ਉਚਾਈ 'ਤੇ ਉੱਡਦੇ ਹੋਏ ਹਿਮਾਲਿਆ ਪਰਬਤ ਨੂੰ ਪਾਰ ਕਰ ਕੇ ਅਨੇਕਾਂ ਔਕੜਾਂ ਝੱਲਦਿਆਂ ਪੰਜਾਬ ਵਿੱਚ ਆਉਂਦੇ ਹਨ। ਪਰਵਾਸੀ ਪੰਛੀਆਂ ਦੀ ਸੂਝ ਬੂਝ ਬਹੁਤ ਕਮਾਲ ਦੀ ਹੁੰਦੀ ਹੈ, ਇਹ ਕਦੇ ਵੀ ਆਪਣਾ ਰਸਤਾ ਨਹੀਂ ਭਟਕਦੇ। ਇਹ ਆਪਣੇ ਦਿਮਾਗ ਵਿੱਚ ਹੀ ਆਪਣੀ ਮੰਜ਼ਿਲ ਦਾ ਨਕਸ਼ਾ ਬਣਾਂ ਲੈਂਦੇ ਹਨ, ਫਿਰ ਇਕ ਲੈਅ ਵੱਧ ਉਡਾਰੀ ਮਾਰਦੇ ਇਹ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦੇ ਹਨ।

ਕਈ ਸਾਲ ਪਹਿਲਾਂ ਜਦੋਂ ਅਮਰੀਕਾ ਨੇ ਮਣਾਂ ਮੂੰਹੀਂ ਬੰਬਾਰੀ ਕਰਕੇ ਅਫ਼ਗਾਨਿਸਤਾਨ ਨੂੰ ਢਹਿ ਢੇਰੀ ਕਰ ਦਿੱਤਾ ਸੀ ਤਾਂ ਅਫ਼ਗਾਨਿਸਤਾਨ ਦੀ ਆਵੋ ਹਵਾ ਵਿੱਚ ਲੰਬਾ ਸਮਾਂ ਬਾਰੂਦ ਦੀ ਮੁਸ਼ਕ ਛਾਈ ਰਹੀ, ਇਸ ਕਾਰਨ ਕਰੀਬ ਇੱਕ ਦਹਾਕਾ ਸਾਈਬੇਰੀਆ ਦੀਆਂ ਕੂੰਜਾਂ ਅਤੇ ਹੋਰ ਮੁਲਕਾਂ ਤੋਂ ਪੰਜਾਬ ਆਉਣ ਵਾਲੇ ਪਰਵਾਸੀ ਪੰਛੀਆਂ ਦੀ ਗਿਣਤੀ ਕਾਫ਼ੀ ਘੱਟ ਰਹੀ।ਅਸਲ ਵਿੱਚ ਇਹ ਪੰਛੀ ਅਫ਼ਗਾਨਿਸਤਾਨ ਦੇ ਰਸਤੇ ਹੀ ਪੰਜਾਬ ਆਉਂਦੇ ਹਨ, ਜਿਸ ਕਰਕੇ ਅਫ਼ਗਾਨਿਸਤਾਨ ਦੇ ਦੂਸ਼ਿਤ ਵਾਤਾਵਰਣ ਕਾਰਨ ਇਹਨਾਂ ਪੰਛੀਆਂ ਨੇ ਪੰਜਾਬ ਵੱਲ ਮੂੰਹ ਕਰਨ ਤੋਂ ਕਰੀਬ ਇਕ ਦਹਾਕਾ ਪਰਹੇਜ਼ ਕਰੀ ਰਖਿਆ ਪਰ ਹੁਣ ਫਿਰ ਇਹ ਪਰਵਾਸੀ ਪੰਛੀ ਹਰ ਸਾਲ ਸਿਆਲ ਰੁੱਤੇ ਵੱਡੀ ਗਿਣਤੀ ਵਿੱਚ ਪੰਜਾਬ ਆ ਰਹੇ ਹਨ।

ਪਰਵਾਸੀ ਪੰਛੀਆਂ ਵਿਚੋਂ ਕਈ ਪੰਛੀ ਖਰਾਬ ਮੌਸਮ ਦਾ ਸ਼ਿਕਾਰ ਵੀ ਹੋ ਜਾਂਦੇ ਹਨ, ਕਈ ਪੰਛੀ ਬਾਜ਼ ਤੇ ਸ਼ਿਕਰੇ ਵਰਗੇ ਪੰਛੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਕਈ ਵਾਰ ਕੋਈ ਕੂੰਜ ਡਾਰੋਂ ਵਿੱਛੜ ਜਾਂਦੀ ਹੈ ਤਾਂ ਉਸ ਦੀ ਕੁਰਲਾਹਟ ਸੀਨੇ ਵਿੱਚ ਡੋਬੂ ਪਾਉਂਦੀ ਹੈ। ਕੂੰਜਾਂ ਅਤੇ ਹੋਰ ਪਰਵਾਸੀਆਂ ਪੰਛੀਆਂ ਦੀ ਸਿਆਲ ਰੁੱਤੇ ਪੰਜਾਬ ਅਤੇ ਭਾਰਤ ਦੇ ਹੋਰਨਾਂ ਇਲਾਕਿਆਂ ਵਿੱਚ ਆਮਦ ਅਤੇ ਫਿਰ ਮੌਸਮ ਵਿੱਚ ਤਬਦੀਲੀ ਦੇ ਨਾਲ ਹੀ ਕੂੰਜਾਂ ਅਤੇ ਹੋਰ ਪਰਵਾਸੀ ਪੰਛੀਆਂ ਦੀ ਵਾਪਸ ਵਤਨ ਉਡਾਰੀ ਪੰਜਾਬ ਅਤੇ ਭਾਰਤ ਦੇ ਮੂਲ ਜੱਦੀ ਪੁਸ਼ਤੀ ਮੂਲ ਨਿਵਾਸੀ ਪੰਛੀਆਂ ਲਈ ਅਕਸਰ ਹੀ ਹੈਰਾਨੀ ਦਾ ਸਬੱਬ ਵੀ ਹੁੰਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ

ਮੋਰ ਪੁਛੇਂਦੇਂ ਕੂੰਜਾਂ ਕੋਲੋਂ,
ਤੁਸਾਂ ਨਿੱਤ ਪਰਦੇਸ ਤਿਆਰੀ,
ਜਾਂ ਤਾਂ ਤੁਹਾਡਾ ਵਤਨ ਕੁਚੱਜੜਾ,
ਜਾਂ ਤੁਹਾਡੀ ਲਗ ਗਈ ਕਿਸੇ ਨਾਲ ਯਾਰੀ,
ਬੱਚੇ ਛੋੜ ਪਰਦੇਸਣ ਹੋਈਓ,
ਤੁਸਾਂ ਉਮਰ ਵਿਹਾ ਲਈ ਸਾਰੀ,
ਮੋਰਾਂ ਨੂੰ ਸਮਝਾਵਣ ਲੱਗੀਆਂ,
ਓ ਕੂੰਜਾਂ ਵਾਰੋ ਵਾਰੀ ਵੇ.......
ਧੁਰੋਂ ਲਿਖੀਆਂ ਕੋਈ ਮੇਟ ਨੀ ਸਕਦਾ,
ਸਭ ਦਾਤੇ ਚੋਗ ਖਿਲਾਰੀ

















# ਬਾਬਿਆਂ, ਡੇਰਿਆਂ ਦੇ ਪਾਖੰਡਵਾਦ ਵਰਗੇ ਮਹਾਜਾਲ 'ਚ ਫ਼ਸਿਆ ਅਜੋਕਾ ਮਨੁੱਖ



ਡਾ.ਗੁਰਤੇਜ ਸਿੰਘ



ਅੱਜ ਪੰਜਾਬ ਦੇ ਬਹੁਤੇ ਘਰਾਂ ਦਾ ਮਾਹੌਲ ਵਿਗੜਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਸ਼ਰਾਬ ਪੀਣਾ ਜਾਂ ਹੋਰ ਨਸ਼ੇ ਕਰਨਾ ਹੈ। ਨਸ਼ੇ ਅੱਜ ਪੰਜਾਬ ਨੂੰ ਅਜਿਹੇ ਘੁਣ ਵਾਂਗ ਲੱਗ ਗਏ ਹਨ ਕਿ ਪਰਿਵਾਰਾਂ ਦੇ ਪਰਿਵਾਰ ਟੁੱਟ ਰਹੇ ਹਨ। ਕਿਸੇ ਘਰ ਦਾ ਇੱਕੋ-ਇੱਕ ਕਮਾਉਣ ਵਾਲਾ ਨਸ਼ੇ ਦਾ ਆਦੀ ਹੋ ਜਾਂਦਾ ਹੈ ਤੇ ਅੰਤ ਇਸੇ ਵਿੱਚ ਗ਼ਲਤਾਨ ਹੋਇਆ ਦਮ ਤੋੜ ਜਾਂਦਾ ਹੈ ਤੇ ਪਰਿਵਾਰ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੋ ਜਾਂਦਾ ਹੈ। ਜਾਂ ਕਿਸੇ ਦੀ ਔਲਾਦ ਨਸ਼ੇ ਦੀ ਆਦੀ ਹੋ ਕੇ ਭਰ ਜਵਾਨੀ ਵਿੱਚ ਸਿਵਿਆਂ ਦੇ ਰਾਹ ਪੈ ਜਾਂਦੀ ਹੈ। ਇਸ ਸਮੱਸਿਆ ਦਾ ਅਸਲ ਕਾਰਨ ਤੇ ਉਸ ਦੇ ਹੱਲ ਲਈ ਯਤਨ ਕਰਨ ਨਾਲੋਂ ਲੋਕ ਫ਼ਾਲਤੂ ਚੀਜ਼ਾਂ ਦਾ ਸਹਾਰਾ ਲੈ ਰਹੇ ਹਨ। ਘਰ ਵਿੱਚ ਅਜਿਹਾ ਕੁਝ ਹੋਣ 'ਤੇ ਇਹ ਸਮਝਿਆ ਜਾਂਦਾ ਹੈ ਕਿ ਘਰ ਉੱਪਰ ਕਿਸੇ ਓਪਰੀ ਛਾਇਆ ਦਾ ਅਸਰ ਹੈ ਜਾਂ ਕਿਸੇ ਨੇ ਕਾਲਾ ਜਾਦੂ ਕਰਵਾ ਦਿੱਤਾ ਹੈ। ਇਨ੍ਹਾਂ ਕਾਲਪਨਿਕ ਬਲਾਵਾਂ ਤੋਂ ਪਿੱਛਾ ਛੁਡਵਾਉਣ ਲਈ ਲੋਕ ਤਾਂਤਰਿਕਾਂ, ਅਖੌਤੀ ਬਾਬਿਆਂ ਆਦਿ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਅਖੌਤੀ ਬਾਬੇ ਜਾਂ ਆਪਣੇ ਆਪ ਨੂੰ ਤਾਂਤਰਿਕ ਦੱਸਣ ਵਾਲੇ ਲੋਕ ਗ਼ਲਤ ਤੇ ਫ਼ਾਲਤੂ ਦੀਆਂ ਗੱਲਾਂ ਵਿੱਚ ਆਮ ਲੋਕਾਂ ਨੂੰ ਫਸਾ ਲੈਂਦੇ ਹਨ ਜਿਵੇਂ ਘਰ ਦੇ ਕਿਸੇ ਚਾਰ ਪੰਜ ਸਾਲ ਦੇ ਬੱਚੇ ਦੇ ਅੰਗੂਠੇ ਵਿੱਚ ਫੋਟੋ ਦਿਖਾ ਕੇ ਪਰਿਵਾਰ ਨੂੰ ਭਰਮਾ ਲਿਆ ਜਾਂਦਾ ਹੈ। (ਇਸ ਵਿੱਚ ਅੰਗੂਠੇ ਦੇ ਨਹੁੰ ਉੱਪਰ ਤੇਲ ਲਗਾ ਦਿੱਤਾ ਜਾਂਦਾ ਹੈ ਤੇ ਉਸ ਤੇਲ ਵਿੱਚ ਆਲੇ-ਦੁਆਲੇ ਹੋਣ ਵਾਲਾ ਸਭ ਕੁਝ ਦਿਖਾਈ ਦਿੰਦਾ ਹੈ, ਜਿਸ ਨੂੰ ਛੋਟਾ ਬੱਚਾ ਸੱਚ ਮੰਨ ਲੈਂਦਾ ਹੈ)। ਇਸ ਸਭ ਤੋਂ ਤਾਂਤਰਿਕ ਗੱਲਾਂ-ਗੱਲਾਂ ਵਿੱਚ ਤਾਂਤਰਿਕ ਇਹ ਜਾਣ ਲੈਂਦਾ ਹੈ ਕਿ ਘਰ ਵਾਲਿਆਂ ਦੇ ਮਨ ਵਿੱਚ ਕਿਸ ਵਿਅਕਤੀ ਪ੍ਰਤੀ ਸ਼ੱਕ ਹੈ। ਇਹ ਜਾਨਣ ਤੋਂ ਬਾਅਦ ਉਹ ਮਨਘੜਤ ਕਹਾਣੀ ਬਣਾ ਸਾਰਾ ਦੋਸ਼ ਉਸ ਵਿਅਕਤੀ ਸਿਰ ਮੜ ਦਿੰਦਾ ਹੈ। ਇਸਦੇ ਇਲਾਜ ਲਈ ਕਾਗ਼ਜ਼ ਉੱਤੇ ਪੁੱਠੇ ਸਿੱਧੇ ਅੱਖਰ ਵਾਹ ਕੇ ਤਵੀਤ ਬਣਾ ਕੇ ਦਿੱਤੇ ਜਾਂਦੇ ਹਨ ਜੋ ਘਰ ਦੇ ਦਰਵਾਜ਼ੇ ਨਾਲ ਬੰਨ੍ਹਣ ਤੇ ਪਾਣੀ ਵਿੱਚ ਘੋਲ ਕੇ ਪੀਣ ਆਦਿ ਲਈ ਕਿਹਾ ਜਾਂਦਾ ਹੈ। ਅਜਿਹੀਆਂ ਘਟਨਾਵਾਂ ਸਮਾਜ ਵਿੱਚ ਆਮ ਹਨ ਤੇ ਜ਼ਿਆਦਾਤਰ ਲੋਕਾਂ ਨਾਲ ਸਬੰਧਤ ਹਨ। ਕੁਝ ਚਲਾਕ ਲੋਕ ਅੱਜ ਪਾਖੰਡਵਾਦ ਅਤੇ ਲੋਕਾਂ ਦੀ ਅਗਿਆਨਤਾ ਦਾ ਲਾਹਾ ਲੈ ਕੇ ਆਪਣਾ ਤੋਰੀ ਫੁਲਕਾ ਚਲਾ ਰਹੇ ਹਨ।



ਹਰ ਪਿੰਡ ਅਤੇ ਸ਼ਹਿਰ ਵਿੱਚ ਤਾਂਤਰਿਕਾਂ ਦੇ ਅੱਡੇ ਹਨ ਜਿੱਥੇ ਇਹ ਆਪਣਾ ਗੋਰਖਧੰਦਾ ਚਲਾਉਂਦੇ ਹਨ। ਇਨ੍ਹਾਂ ਦੇ ਜਾਲ਼ ਦੇ ਤੰਦ ਇੰਨੇ ਬਾਰੀਕ ਹੁੰਦੇ ਹਨ ਕਿ ਅਨਪੜ੍ਹ ਤਾਂ ਕੀ ਪੜ੍ਹੇ ਲਿਖੇ ਲੋਕ ਵੀ ਇਸ ਵਿੱਚ ਫਸ ਜਾਂਦੇ ਹਨ। ਇਹ ਤਾਂਤ੍ਰਿਕ ਲੋਕਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਤੱਕ ਵੀ ਕਰਦੇ ਹਨ। ਲੋਕ ਪਤਾ ਨਹੀਂ ਕਿਹੜੀ ਜੰਨਤ ਦੀ ਲਾਲਸਾ ਵਿੱਚ ਅਜੋਕੇ ਸਮੇਂ ਵੀ ਢੋਂਗੀਆਂ ਤੋਂ ਆਪਣੀ ਸਰੀਰਕ, ਮਾਨਸਿਕ ਅਤੇ ਆਰਥਿਕ ਲੁੱਟ ਕਰਵਾ ਰਹੇ ਹਨ। ਭੂਤਾਂ ਕੱਢਣ ਦੇ ਨਾਮ ਉੱਤੇ ਇਹ ਰੋਗੀ ਦੀ ਬੇਰਹਿਮੀ ਨਾਲ ਮਾਰ ਕੁਟਾਈ ਕਰਦੇ ਹਨ ਤੇ ਖ਼ਤਰਨਾਕ ਤਸੀਹੇ ਤੱਕ ਦਿੰਦੇ ਹਨ, ਜਿਸ ਨਾਲ ਕਈ ਵਾਰ ਵਿਅਕਤੀ ਦੀ ਮੌਤ ਤੱਕ ਹੋ ਜਾਂਦੀ ਹੈ। ਇਸ ਦੀਆਂ ਤਾਜ਼ਾ ਉਦਾਹਰਨਾਂ ਦਿੱਲੀ ਅਤੇ ਕੇਰਲਾ ਵਿੱਚ ਇੱਕੋ ਪਰਿਵਾਰ ਦੇ ਸਾਰੇ ਜੀਆਂ ਦਾ ਭੇਦਭਰੀ ਹਾਲਤ ਵਿੱਚ ਛੱਤ ਨਾਲ ਲਟਕਦੇ ਮਿਲਣਾ ਹੈ।

ਕੁਝ ਸਾਲ ਪਹਿਲਾਂ ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਕਲਾਂ ਦੀ ਮਹਿਲਾ ਤਾਂਤਰਿਕ ਨੇ ਅੱਠ-ਦਸ ਸਾਲ ਦੀ ਬੱਚੀ ਨੂੰ ਭੂਤ ਕੱਢਣ ਦੇ ਨਾਂ 'ਤੇ ਚਿਮਟੇ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਹੈਰਾਨੀ ਦੀ ਗੱਲ ਇਹ ਕਿ ਉਹ ਉਸ ਸਮੇ ਪਿੰਡ ਦੀ ਸਰਪੰਚ ਸੀ ਅਤੇ ਸ਼ਰੇਆਮ ਭੀੜ ਵਿੱਚ ਇਸ ਘਿਨੌਣੇ ਕਾਰੇ ਨੂੰ ਅੰਜਾਮ ਦਿੱਤਾ ਗਿਆ ਸੀ। ਰੋਗੀ ਕੁੜੀ ਲੋਕਾਂ ਤੋਂ ਪਾਣੀ ਮੰਗਦੀ ਰਹੀ ਪਰ ਤਮਾਸ਼ਬੀਨ ਭੀੜ ਨੇ ਪਾਣੀ ਦਾ ਘੁੱਟ ਉਸ ਨੂੰ ਨਹੀਂ ਦਿੱਤਾ ਸੀ। ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ ਅੱਠ ਮਾਰਚ 2017 ਨੂੰ ਵਾਪਰੀ ਮੰਦਭਾਗੀ ਘਟਨਾ ਹੈ ਜਿਸ ਵਿੱਚ ਅੰਧਵਿਸ਼ਵਾਸੀ ਕਲਯੁਗੀ ਦਾਦੀ ਅਤੇ ਪਿਤਾ ਨੇ ਕਿਸੇ ਕਾਮਨਾ ਦੀ ਪੂਰਤੀ ਲਈ ਆਪਣੇ ਦੋ ਬੱਚਿਆਂ ਦੀ ਬਲੀ ਦੇ ਦਿੱਤੀ ਸੀ। ਬੱਚਿਆਂ ਨੂੰ ਬਚਾਉਣ ਆਈ ਉਨ੍ਹਾਂ ਦੀ ਮਾਂ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਬੀਤੇ ਦਿਨੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੂਧਲ ਵਿੱਚ ਦਸ ਸਾਲ ਦੀ ਬੱਚੀ ਦੀ ਬਲੀ ਉਸ ਦੇ ਆਪਣੇ ਰਿਸ਼ਤੇਦਾਰਾਂ ਨੇ ਕਿਸੇ ਤਾਂਤਰਿਕ ਦੇ ਕਹਿਣ 'ਤੇ ਦਿੱਤੀ ਸੀ। ਦਰਅਸਲ ਉਸ ਪਰਿਵਾਰ ਦਾ ਕਾਰੋਬਾਰ ਠੱਪ ਹੋ ਗਿਆ ਸੀ ਤੇ ਉਸ ਨੂੰ ਚਲਾਉਣ ਲਈ ਉਕਤ ਤਾਂਤਰਿਕ ਨੇ ਪਰਿਵਾਰ ਨੂੰ ਬੱਚੀ ਦੀ ਬਲੀ ਦੇਣ ਲਈ ਉਕਸਾਇਆ ਸੀ।

ਅਜੋਕੇ ਵਿਗਿਆਨਕ ਅਤੇ ਅਗਾਂਹਵਧੂ ਯੁੱਗ ਵਿੱਚ ਅਜਿਹੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਆਪਣੇ ਆਪ ਵਿੱਚ ਮੰਦਭਾਗਾ ਹੈ। ਲੋਕਾਂ ਦੀ ਸੌੜੀ ਮਾਨਸਿਕਤਾ ਦਾ ਇਹ ਪਾਖੰਡੀ ਖ਼ੂਬ ਫ਼ਾਇਦਾ ਉਠਾਉਂਦੇ ਹਨ। ਮੁੰਡੇ ਦੀ ਲਾਲਸਾ ਰੱਖਣ ਵਾਲੇ ਲੋਕਾਂ ਨੂੰ ਗੋਲੀ (ਦਵਾਈ) ਦਿੰਦੇ ਹਨ ਤੇ ਦਾਅਵਾ ਕਰਦੇ ਹਨ ਕਿ ਇਸ ਨਾਲ ਤੁਹਾਨੂੰ ਪੁੱਤਰ ਦੀ ਪ੍ਰਾਪਤੀ ਹੋਵੇਗੀ। ਅਸਲ ਵਿੱਚ ਜੋ ਇਹ ਦਵਾਈ ਦਿੰਦੇ ਹਨ ਉਸ ਵਿੱਚ ਟੈਸਟੋਸਟੀਰੋਨ (ਆਦਮੀ ਦਾ ਸੈਕਸ ਹਾਰਮੋਨ) ਦੀ ਮਾਤਰਾ ਕਾਫ਼ੀ ਹੁੰਦੀ ਹੈ, ਜਿਸ ਕਾਰਨ ਕਈ ਵਾਰ ਬੱਚੇ ਅਸਾਧਾਰਨ ਪੈਦਾ ਹੁੰਦੇ ਹਨ। ਔਰਤ ਨੂੰ ਇਕੱਲਿਆਂ ਦਵਾਈ ਦੇਣ ਦੇ ਬਹਾਨੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਅਗਰ ਉਹ ਔਰਤ ਬਾਹਰ ਜਾ ਕੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਉਸ ਪਾਖੰਡੀ ਦੀ ਕਰਤੂਤ ਦੱਸਦੀ ਵੀ ਹੈ ਤਾਂ ਵੀ ਉਹ ਪਰਿਵਾਰ ਅੰਨੀ ਸ਼ਰਧਾ ਦੇ ਵੱਸ ਵਿੱਚ ਹੋਣ ਕਾਰਨ ਉਸ ਦਾ ਯਕੀਨ ਨਹੀਂ ਕਰਦਾ ਹੈ ਜੋ ਉਸ ਪਾਖੰਡੀ ਦੀ ਢਾਲ ਹੋ ਨਿੱਬੜਦੀ ਹੈ। ਅਗਰ ਉਹ ਔਰਤ ਇਸ ਸ਼ੋਸ਼ਣ ਖਿਲਾਫ਼ ਮੂੰਹ ਖੋਲਦੀ ਹੈ ਤਾਂ ਇਹ ਚਲਾਕ ਲੋਕ ਉਸ ਦੇ ਪਰਿਵਾਰ ਦੇ ਦਿਮਾਗ ਵਿੱਚ ਇਹ ਕੂੜ ਭਰਨ ਵਿੱਚ ਸਫ਼ਲ ਹੋ ਜਾਂਦੇ ਹਨ ਕਿ ਤੁਹਾਡੇ ਲੇਖਾਂ ਵਿੱਚ ਪੁੱਤਰ ਤਾਂ ਹੈ ਪਰ ਇਹ ਔਰਤ ਪੁੱਤਰ ਨੂੰ ਜਨਮ ਨਹੀਂ ਦੇ ਸਕਦੀ। ਕੁਝ ਲੋਕਾਂ ਦੇ ਘਰ ਲੜਕਾ ਪੈਦਾ ਹੋਣਾ ਜੋ ਕੁਦਰਤੀ ਪ੍ਰਕ੍ਰਿਆ ਹੈ, ਇਨ੍ਹਾਂ ਨੂੰ ਲੋਕਾਂ ਵਿੱਚ ਰੱਬ ਬਣਾਉਂਦਾਹੈ। ਮੈਡੀਕਲ ਸਾਇੰਸ ਅਨੁਸਾਰ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਔਰਤ ਦੀ ਥਾਂ ਮਰਦ ਦਾ ਰੋਲ ਅਹਿਮ ਹੈ। ਇਸ ਪ੍ਰਕ੍ਰਿਆ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਪੁਰਸ਼ ਵਿੱਚ ਐਕਸ ਵਾਈ ਕਰੋਮੋਸਮ ਹੁੰਦੇ ਹਨ ਜਦਕਿ ਔਰਤ ਵਿੱਚ ਸਿਰਫ਼ ਐਕਸ ਐਕਸ ਕਰੋਮੋਸਮ ਹੁੰਦੇ ਹਨ। ਇਸ ਨੂੰ ਇਸ ਤਰ੍ਹਾਂ ਸਮਝਿਆ ਜਾਵੇ ਕਿ ਮਨੁੱਖ ਵਿੱਚ ਕਰੋਮੋਸਮ ਦੇ ਤੇਈ ਜੋੜੇ ਹੁੰਦੇ ਹਨ ਜਿਨ੍ਹਾਂ ਵਿੱਚੋਂ 22 ਜੋੜੇ ਇੱਕ ਸਮਾਨ ਹੁੰਦੇ ਹਨ ਜਦੋਂ ਕਿ ਇੱਕ ਜੋੜਾ ਐਕਸ ਵਾਈ (ਪੁਰਸ਼) ਜਾਂ ਐਕਸ ਐਕਸ (ਔਰਤ) ਹੁੰਦਾ ਹੈ। ਇਸ ਤਰਾਂ ਸਪਸ਼ਟ ਹੈ ਕਿ ਔਰਤ ਨੇ ਸਿਰਫ਼ ਐਕਸ ਕਰੋਮੋਸਮ ਦੇਣਾ ਹੈ ਜਦ ਕਿ ਮਰਦ ਐਕਸ ਜਾਂ ਫਿਰ ਵਾਈ ਕਰੋਮੋਸਮ ਦੇਵੇਗਾ। ਜਦੋਂ ਪੁਰਸ਼ ਅਤੇ ਇਸਤਰੀ ਦੇ ਕਰੋਮੋਸਮ ਮਿਲਦੇ ਹਨ ਤਾਂ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਹੈ ਕਿ ਬੱਚਾ ਲੜਕਾ ਹੋਵੇਗਾ ਜਾਂ ਫਿਰ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਕਿ ਬੱਚਾ ਲੜਕੀ ਹੋਵੇਗੀ। ਜੇ ਪੁਰਸ਼ ਦਾ ਐਕਸ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ ਲੱਗਦਾ / ਜੁੜਦਾ ਹੈ ਤਾਂ ਬੱਚਾ ਲੜਕੀ ਹੋਵੇਗੀ। ਇਸੇ ਤਰ੍ਹਾਂ ਜੇ ਪੁਰਸ਼ ਦਾ ਵਾਈ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ / ਜੁੜਦਾ ਹੈ ਤਾਂ ਬੱਚਾ ਲੜਕਾ ਹੋਵੇਗਾ। ਇੱਥੇ ਸਪਸ਼ਟ ਹੈ ਕਿ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਹੀ ਰੋਲ ਅਹਿਮ ਹੈ, ਇਸ ਵਿੱਚ ਇਸਤਰੀ ਦਾ ਕੋਈ ਰੋਲ ਨਹੀਂ ਹੈ। ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਭਾਵੇਂ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਰੋਲ ਬਹੁਤ ਅਹਿਮ ਹੈ ਪਰ ਪੁਰਸ਼ ਨੂੰ ਵੀ ਨਹੀਂ ਪਤਾ ਹੁੰਦਾ ਕਿ ਕਿਹੜਾ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਜਾ ਕੇ ਲੱਗੇਗਾ। ਧਰਮ ਅਤੇ ਅੰਨੀ ਆਸਥਾ ਦਾ ਸਬੰਧ ਦਿਲ ਅਤੇ ਧੜਕਣ ਦੀ ਤਰਾਂ ਪੇਚੀਦਾ ਹੈ ਜਿਸ ਦੀ ਆੜ ਵਿੱਚ ਪਾਖੰਡੀ ਆਪਣਾ ਸਾਮਰਾਜ ਚਲਾ ਰਹੇ ਹਨ।

(ਬਾਕੀ ਸਫ਼ਾ 30 'ਤੇ)

# 80 ਫ਼ੀਸਦੀ ਕੰਪਨੀਆਂ ਨੇ ਮਾਹਿਰ ਨੌਜਵਾਨ ਨਾ ਮਿਲਣ ਕਾਰਨ ਬਜ਼ੁਰਗਾਂ ਨੂੰ ਨੌਕਰੀ 'ਤੇ ਰੱਖਿਆ

## 41 ਦੇਸ਼ਾਂ ਦੀਆਂ 38,833 ਕੰਪਨੀਆਂ ਦੇ ਸਰਵੇਖਣ ਵਿੱਚ ਹੋਇਆ ਖ਼ੁਲਾਸਾ



ਭਾਰਤ ਸਮੇਤ ਪੂਰੀ ਦੁਨੀਆ ਵਿੱਚ ਬੇਰੁਜ਼ਗਾਰੀ ਦਾ ਬਹੁਤ ਵੱਡਾ ਸੰਕਟ ਹੈ, ਫਿਰ ਵੀ ਦੁਨੀਆਂ ਦੇ 77% ਅਤੇ ਦੇਸ਼ ਦੀਆਂ 80% ਕੰਪਨੀਆਂ ਨੂੰ 'ਯੋਗ' ਕਰਮਚਾਰੀ ਨਹੀਂ ਮਿਲ ਰਹੇ। ਇਹ ਗੱਲ ਮੈਨਪਾਵਰ ਗਰੁੱਪ ਵੱਲੋਂ ਕੀਤੇ ਸਰਵੇਖਣ ਵਿੱਚ ਸਾਹਮਣੇ ਆਈ ਹੈ। ਇਸ ਸਮੂਹ ਨੇ ਇਸ ਸਾਲ ਜੁਲਾਈ ਵਿੱਚ 41 ਦੇਸ਼ਾਂ ਦੀਆਂ 38,833 ਨਿੱਜੀ ਅਤੇ ਸਰਕਾਰੀ ਕੰਪਨੀਆਂ 'ਤੇ ਕੀਤੇ ਗਏ ਸਰਵੇਖਣ ਦੇ ਆਧਾਰ 'ਤੇ ਇਹ ਨਤੀਜੇ ਕੱਢੇ ਹਨ।

ਸਰਵੇਖਣ ਮੁਤਾਬਕ ਆਈ.ਟੀ. ਸੈਕਟਰ ਦੀਆਂ ਸਭ ਤੋਂ ਵੱਧ 39% ਕੰਪਨੀਆਂ ਨੂੰ ਸਮਰੱਥ ਲੋਕ ਨਹੀਂ ਮਿਲ ਰਹੇ ਹਨ। ਇਸ ਸੂਚੀ ਵਿੱਚ ਵਿੱਤੀ ਖੇਤਰ (33%) ਦੂਜੇ ਸਥਾਨ 'ਤੇ, ਸਿਹਤ ਸੰਭਾਲ (31%) ਖੇਤਰ ਤੀਜੇ ਸਥਾਨ 'ਤੇ ਅਤੇ ਉਦਯੋਗਿਕ (28%) ਖੇਤਰ ਚੌਥੇ ਸਥਾਨ 'ਤੇ ਹੈ। ਜੇਕਰ ਅਸੀਂ ਵੱਧ ਤੋਂ ਵੱਧ ਭਰਤੀਆਂ ਦੀ ਗੱਲ ਕਰੀਏ ਤਾਂ 250 ਤੋਂ ਵੱਧ ਕਰਮਚਾਰੀਆਂ ਵਾਲੀਆਂ 34% ਕੰਪਨੀਆਂ ਦਾ ਕਹਿਣਾ ਹੈ ਕਿ ਉਹ ਭਰਤੀ ਵਧਾਉਣਗੀਆਂ।

90% ਤਾਈਵਾਨੀ ਕੰਪਨੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਯੋਗ ਕਰਮਚਾਰੀ ਨਹੀਂ ਮਿਲ ਸਕਦੇ। 41 ਦੇਸ਼ਾਂ ਦੀ ਇਸ ਸੂਚੀ ਵਿੱਚ ਜਰਮਨੀ (86%) ਦੂਜੇ ਸਥਾਨ 'ਤੇ ਹੈ ਅਤੇ ਚੀਨ (81%) 9ਵੇਂ ਸਥਾਨ 'ਤੇ ਹੈ।

ਭਾਰਤ 80% ਨਾਲ ਬ੍ਰਿਟੇਨ ਦੇ ਬਰਾਬਰ ਹੈ। ਜਾਪਾਨ (78%) ਅਤੇ ਅਮਰੀਕਾ (75%) ਮਾਮੂਲੀ ਬਿਹਤਰ ਸਥਿਤੀ ਵਿੱਚ ਹਨ। ਕੋਲੰਬੀਆ ਵਿੱਚ ਸਿਰਫ਼ 64% ਕੰਪਨੀਆਂ ਨੇ ਮੰਨਿਆ ਕਿ ਉਹਨਾਂ ਨੂੰ ਯੋਗ ਲੋਕ ਨਹੀਂ ਮਿਲ ਰਹੇ ਹਨ, ਜੋ ਕਿ ਦੁਨੀਆਂ ਵਿੱਚ ਸਭ ਤੋਂ ਘੱਟ ਹੈ।ਦੁਨੀਆਂ ਦੀਆਂ ਹਰ 5 ਵਿੱਚੋਂ 4 ਕੰਪਨੀਆਂ ਕੋਲ ਲੋੜੀਂਦੀ ਯੋਗਤਾ ਵਾਲੇ ਲੋਕ ਨਹੀਂ ਹਨ। ਇਹ ਅੰਕੜਾ ਪਿਛਲੇ 17 ਸਾਲਾਂ ਵਿੱਚ ਸਭ ਤੋਂ ਵੱਧ ਹੈ। 2010 ਵਿੱਚ ਸਿਰਫ਼ 31% ਕੰਪਨੀਆਂ ਅਤੇ 2016 ਵਿੱਚ 40% ਕੰਪਨੀਆਂ ਹੀ ਅਜਿਹੇ ਸੰਕਟ ਦਾ ਸਾਹਮਣਾ ਕਰ ਰਹੀਆਂ ਸਨ।

ਤਕਨੀਕੀ ਹੁਨਰਾਂ ਵਿੱਚ, 27% ਕੰਪਨੀਆਂ ਨੂੰ ਡੇਟਾ ਵਿੱਚ ਯੋਗਤਾ ਪ੍ਰਾਪਤ ਲੋਕਾਂ ਦੀ ਸਭ ਤੋਂ ਵੱਧ ਲੋੜ ਹੈ, 22% ਇੰਜੀਨੀਅਰਿੰਗ ਵਿੱਚ, 20% ਸੇਲਜ਼ ਅਤੇ ਮਾਰਕੀਟਿੰਗ ਵਿੱਚ ਅਤੇ 17% ਗਾਹਕ ਡੀਲਿੰਗ ਵਿੱਚ। ਇਸੇ ਕਾਰਨ 27% ਕੰਪਨੀਆਂ ਲੰਬੇ ਗੈਪ ਵਾਲੇ ਲੋਕਾਂ ਨੂੰ ਮੌਕਾ ਦੇ ਰਹੀਆਂ ਹਨ।

ਸਮਰੱਥਾ ਸੰਕਟ ਨਾਲ ਨਜਿੱਠਣ ਲਈ ਕਈ ਤਰੀਕੇ ਅਪਣਾਏ ਜਾ ਰਹੇ ਹਨ। 34% ਕੰਪਨੀਆਂ ਉਨ੍ਹਾਂ ਲੋਕਾਂ ਨੂੰ ਮੌਕੇ ਦੇ ਰਹੀਆਂ ਹਨ ਜੋ ਵੱਡੀ ਉਮਰ ਦੇ ਹਨ ਅਤੇ ਨੌਕਰੀਆਂ ਬਦਲਣ ਬਾਰੇ ਸੋਚ ਰਹੇ ਹਨ।

27% ਕੰਪਨੀਆਂ ਉਨ੍ਹਾਂ ਲੋਕਾਂ 'ਤੇ ਫੋਕਸ ਕਰ ਰਹੀਆਂ ਹਨ ਜਿਨ੍ਹਾਂ ਨੇ ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਆਪਣਾ ਕਰੀਅਰ ਅੱਧ ਵਿਚਾਲੇ ਛੱਡ ਦਿੱਤਾ ਸੀ।

26% ਨੇ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ ਜੋ ਲੰਬੇ ਸਮੇਂ ਤੋਂ ਬੇਰੁਜ਼ਗਾਰ ਹਨ।

23% ਕੰਪਨੀਆਂ ਉਨ੍ਹਾਂ ਲੋਕਾਂ ਨੂੰ ਨੌਕਰੀ 'ਤੇ ਰੱਖ ਰਹੀਆਂ ਹਨ ਜਿਨ੍ਹਾਂ ਕੋਲ ਨੌਕਰੀ ਲਈ ਲੋੜੀਂਦੇ ਸਾਰੇ ਤਕਨੀਕੀ ਹੁਨਰ ਨਹੀਂ ਹਨ। 16% ਮਾਮੂਲੀ ਅਪੰਗਤਾ ਵਾਲੇ ਲੋਕ ਵੀ ਲੈ ਰਹੇ ਹਨ।

31% ਕੰਪਨੀਆਂ 18-26 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਤਰਜੀਹ ਦੇ ਰਹੀਆਂ ਹਨ ਜੋ ਸਿੱਖਣ ਲਈ ਉਤਸੁਕ ਹਨ।

ਦੇਸ਼ ਦੀਆਂ 37% ਕੰਪਨੀਆਂ ਨੇ ਕਿਹਾ ਕਿ ਉਹ ਭਰਤੀ ਵਧਾਉਣਗੀਆਂ, ਜਦੋਂ ਕਿ ਦੁਨੀਆਂ ਭਰ ਦੀਆਂ ਕੰਪਨੀਆਂ ਦੀ ਔਸਤ ਸਿਰਫ਼ 30% ਹੈ। 41 ਦੇਸ਼ਾਂ ਵਿੱਚ, ਸਿਰਫ਼ 11% ਜਾਪਾਨੀ ਕੰਪਨੀਆਂ ਹੀ ਭਰਤੀ ਵਿੱਚ ਵਾਧਾ ਕਰਨਗੀਆਂ।

ਕੰਮ ਵਾਲੀ ਥਾਂ 'ਤੇ ਕਰਮਚਾਰੀਆਂ ਦੀ ਉਤਪਾਦਕਤਾ ਨੂੰ ਵਧਾਉਣ ਲਈ, 40% ਕੰਪਨੀਆਂ ਸਿਖਲਾਈ, ਅਪ-ਸਕਿਲਿੰਗ (ਮੌਜੂਦਾ ਯੋਗਤਾਵਾਂ ਨੂੰ ਵਧਾਉਣਾ) ਅਤੇ ਰੀ-ਸਕਿਲਿੰਗ (ਨਵੀਂ ਯੋਗਤਾਵਾਂ ਸਿੱਖਣ) 'ਤੇ ਜ਼ੋਰ ਦੇ ਰਹੀਆਂ ਹਨ।

37% ਕੰਪਨੀਆਂ ਕਰਮਚਾਰੀਆਂ ਨੂੰ ਸਪੱਸ਼ਟ ਟੀਚੇ ਅਤੇ ਉਦੇਸ਼ ਦੇ ਰਹੀਆਂ ਹਨ, ਤਾਂ ਜੋ ਉਹ ਕੰਮ 'ਤੇ ਸਹੀ ਤਰ੍ਹਾਂ ਧਿਆਨ ਦੇ ਸਕਣ।

36% ਕੰਪਨੀਆਂ ਦਾ ਜ਼ੋਰ ਇੱਕ ਸਕਾਰਾਤਮਕ ਕੰਮ ਸੱਭਿਆਚਾਰ ਬਣਾਉਣ 'ਤੇ ਹੈ ਅਤੇ 33% ਕੰਮ-ਜੀਵਨ ਸੰਤੁਲਨ ਬਣਾਉਣ 'ਤੇ ਹੈ।

ਐਚਆਰ ਵਿਭਾਗ ਕਰਮਚਾਰੀਆਂ 'ਤੇ ਉਨ੍ਹਾਂ ਦੀ ਉਮਰ ਦੇ ਹਿਸਾਬ ਨਾਲ ਧਿਆਨ ਦੇ ਰਿਹਾ ਹੈ। ਉਦਾਹਰਨ ਲਈ, 28% ਕੰਪਨੀਆਂ 18-26 ਸਾਲ ਦੇ ਲੋਕਾਂ ਦੀ ਭਰਤੀ ਅਤੇ ਅਪਸਕਿਲਿੰਗ 'ਤੇ ਜ਼ੋਰ ਦੇ ਰਹੀਆਂ ਹਨ। 27% ਕੰਪਨੀਆਂ 27-42 ਲੋਕਾਂ ਨੂੰ ਜਿੰਨਾ ਸੰਭਵ ਹੋ ਸਕੇ ਰੁੱਝੇ ਰੱਖਣ ਦੀ ਕੋਸ਼ਿਸ਼ ਕਰ ਰਹੀਆਂ ਹਨ।

24% ਕੰਪਨੀਆਂ 43-58 ਸਾਲ ਦੀ ਉਮਰ ਦੇ ਕਰਮਚਾਰੀਆਂ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੀਆਂ ਹਨ। 20% ਕੰਪਨੀਆਂ ਵੀ 59-77 ਸਾਲ ਦੀ ਉਮਰ ਦੇ ਲੋਕਾਂ ਨੂੰ ਛੱਡਣਾ ਨਹੀਂ ਚਾਹੁੰਦੀਆਂ।



## ਪਤਨੀ ਨੇ ਪਤੀ ਦਾ ਉਸ ਦੀ ਪੁਰਾਣੀ ਪ੍ਰੇਮਿਕਾ ਨਾਲ ਕਰਵਾਇਆ ਵਿਆਹ

# ਹੁਣ ਤਿੰਨੋ ਰਹਿਣਗੇ ਇਕੱਠੇ

ਆਂਧਰਾ ਪ੍ਰਦੇਸ਼ ਦੇ ਤਿਰੂਪਤੀ ਤੋਂ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਔਰਤ ਨੇ ਆਪਣੇ ਪਤੀ ਦਾ ਉਸ ਦੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾ ਦਿੱਤਾ ਹੈ। ਇੰਨਾ ਹੀ ਨਹੀਂ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਹੁਣ ਤਿੰਨੋਂ ਇੱਕ ਹੀ ਘਰ ਵਿੱਚ ਇਕੱਠੇ ਰਹਿਣਗੇ। ਆਪਣੇ ਪਤੀ ਦਾ ਉਸ ਦੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾਉਣ ਲਈ ਔਰਤ ਨੇ ਖੁਦ ਹੀ ਸਾਰੇ ਪ੍ਰਬੰਧ ਕੀਤੇ ਸਨ। ਇਹ ਖ਼ਬਰ ਸੋਸ਼ਲ ਮੀਡੀਆ 'ਤੇ ਲੋਕਾਂ 'ਚ ਚਰਚਾ ਦਾ ਵਿਸ਼ਾ ਬਣ ਰਹੀ ਹੈ। ਇਸ ਅਨੋਖੀ ਪ੍ਰੇਮ ਕਹਾਣੀ ਬਾਰੇ ਜਾਣ ਕੇ ਲੋਕ ਹੈਰਾਨ ਹਨ।ਇਕ ਰਿਪੋਰਟ ਮੁਤਾਬਕ ਪਤੀ ਵੱਲੋਂ ਆਪਣੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾਉਣ ਦਾ ਮਾਮਲਾ ਤਿਰੂਪਤੀ ਦੇ ਅੰਬੇਡਕਰ ਨਗਰ ਦਾ ਹੈ। ਇੱਥੇ ਵਿਮਲਾ ਨਾਂ ਦੀ ਔਰਤ ਨੇ ਆਪਣੇ ਪਤੀ ਕਲਿਆਣ ਦਾ ਵਿਆਹ ਉਸ ਦੀ ਸਾਬਕਾ ਪ੍ਰੇਮਿਕਾ ਨਿਤਿਆਸ਼੍ਰੀ ਨਾਲ ਕਰਵਾਇਆ ਹੈ। ਤੁਹਾਨੂੰ ਦੱਸ ਦੇਈਏ ਕਿ ਕਲਿਆਣ ਇੱਕ ਮਸ਼ਹੂਰ ਯੂਟਿਊਬਰ ਹੈ। ਵਿਮਲਾ ਅਤੇ ਕਲਿਆਣ ਦੀ ਮੁਲਾਕਾਤ ਕੁਝ ਸਾਲ



ਪਹਿਲਾਂ ਹੋਈ ਸੀ। ਇਸ ਮੁਲਾਕਾਤ ਤੋਂ ਬਾਅਦ ਦੋਸਤੀ ਅਤੇ ਫਿਰ ਦੋਸਤੀ ਪਿਆਰ ਵਿੱਚ ਬਦਲ ਗਈ, ਫਿਰ ਕਲਿਆਣ ਅਤੇ ਵਿਮਲਾ ਨੇ ਇੱਕ ਦੂਜੇ ਨਾਲ ਵਿਆਹ ਕਰ ਲਿਆ।

ਮਾਮਲੇ 'ਚ ਮਿਲੀ ਜਾਣਕਾਰੀ ਮੁਤਾਬਕ ਵਿਆਹ ਦੇ ਕੁਝ ਸਾਲਾਂ ਬਾਅਦ ਵਿਮਲਾ ਨੂੰ ਆਪਣੇ ਪਤੀ ਕਲਿਆਣ ਦੇ ਵਿਵਹਾਰ 'ਚ ਕੁਝ ਬਦਲਾਅ ਆਉਣ ਲੱਗਾ। ਅਸਲ 'ਚ ਵਿਸ਼ਾਖਾਪਟਨਮ ਦੀ ਰਹਿਣ ਵਾਲੀ ਨਿਤਿਆਸ਼੍ਰੀ ਨਾਂਅ ਦੀ ਔਰਤ ਕਲਿਆਣ ਦੀ ਜ਼ਿੰਦਗੀ 'ਚ ਮੁੜ ਆਈ, ਜੋ ਕਿਸੇ ਸਮੇਂ ਕਲਿਆਣ ਦੀ ਪ੍ਰੇਮਿਕਾ ਹੁੰਦੀ ਸੀ। ਪਰ ਵਿਆਹ ਤੋਂ ਕੁਝ ਸਮਾਂ ਪਹਿਲਾਂ ਕਲਿਆਣ ਅਤੇ ਨਿਤਿਆ ਸ਼੍ਰੀ ਦਾ ਬ੍ਰੇਕਅੱਪ ਹੋ ਗਿਆ ਸੀ। ਇਸ ਤੋਂ ਬਾਅਦ ਕਲਿਆਣ ਵਿਮਲਾ ਨਾਲ ਵਿਆਹ ਕਰ ਲੈਂਦਾ ਹੈ ਪਰ ਜਦੋਂ ਨਿਤਯਸ਼੍ਰੀ ਨੂੰ ਕਲਿਆਣ ਦੇ ਵਿਆਹ ਬਾਰੇ ਪਤਾ ਲੱਗਾ ਤਾਂ ਉਹ ਉਸ ਦੇ ਘਰ ਪਹੁੰਚ ਗਈ।

ਕਥਿਤ ਤੌਰ 'ਤੇ, ਨਿਤਯਸ਼੍ਰੀ ਨੇ ਵਿਮਲਾ ਤੋਂ ਹੱਥ ਜੋੜ ਕੇ ਉਸ ਦੇ ਪਤੀ ਕਲਿਆਣ ਨਾਲ ਵਿਆਹ ਕਰਨ ਦੀ ਇਜਾਜ਼ਤ ਮੰਗੀ ਕਿਉਂਕਿ ਉਹ ਆਪਣਾ ਪਿਆਰ ਕਲਿਆਣ ਨੂੰ ਗੁਆਉਣਾ ਨਹੀਂ ਚਾਹੁੰਦੀ ਸੀ। ਨਿਤਯਸ਼੍ਰੀ ਨੇ ਵਿਮਲਾ ਨੂੰ ਪ੍ਰਸਤਾਵ ਵੀ ਦਿੱਤਾ ਕਿ ਵਿਆਹ ਤੋਂ ਬਾਅਦ ਤਿੰਨੋਂ ਇੱਕ ਛੱਤ ਹੇਠਾਂ ਇਕੱਠੇ ਰਹਿਣਗੇ। ਕੁਝ ਸਮੇਂ ਬਾਅਦ ਵਿਮਲਾ ਨੇ ਨਿਤਯਸ਼੍ਰੀ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਅਤੇ ਆਪਣੇ ਪਤੀ ਦਾ ਉਸ ਦੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾ ਲਿਆ।

# ਬੋਤਲ ਤੋਂ ਬਣਾਇਆ ਦਰਵਾਜ਼ੇ ਦਾ ਤਾਲਾ

ਕੁਝ ਲੋਕ ਦੇਸੀ ਜੁਗਾੜ ਦੇ ਮਾਮਲੇ ਵਿੱਚ ਇੰਜੀਨੀਅਰਾਂ ਨੂੰ ਵੀ ਪਿੱਛੇ ਛੱਡ ਦਿੰਦੇ ਹਨ।ਜੀ ਹਾਂ, ਉਹ ਬੇਕਾਰ ਚੀਜ਼ਾਂ ਨਾਲ ਅਜਿਹੇ ਚਮਤਕਾਰ ਕਰਦੇ ਹਨ ਕਿ ਜਨਤਾ ਦੇਖਦੀ ਰਹਿੰਦੀ ਹੈ। ਹੁਣ ਇਸ 'ਦੇਸੀ ਤਾਲੇ' ਨੂੰ ਹੀ ਦੇਖ ਲਓ। ਕਿਸੇ ਨੇ ਦਰਵਾਜ਼ੇ 'ਤੇ ਬੋਤਲ ਦਾ ਢੱਕਣ ਫਿੱਟ ਕੀਤਾ ਤਾਂ ਜੋ ਇਹ ਤਾਲੇ ਦਾ ਕੰਮ ਕਰੇ।

ਪਲਾਸਟਿਕ ਦੀ ਬੋਤਲ ਦੇ ਢੱਕਣ ਨਾਲ ਬਣਾਇਆ ਦਰਵਾਜ਼ੇ ਦਾ ਤਾਲਾ ਬਹੁਤ ਪਸੰਦ ਕੀਤਾ ਜਾ ਰਿਹਾ ਹੈ।

ਜੁਗਾੜ ਇੱਕ 'ਕਲਾ' ਹੈ ਜਿਸ ਵਿੱਚ ਕੁਝ ਲੋਕ ਉਸਤਾਦ ਹੁੰਦੇ ਹਨ। ਹਾਂ, ਕਈ ਵਾਰ ਉਸ ਦੇ ਕਾਰਨਾਮੇ ਇੰਜੀਨੀਅਰਾਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੰਦੇ ਹਨ। ਹੁਣ ਇਸ 'ਦੇਸੀ ਜੁਗਾੜ' ਨੂੰ ਹੀ ਦੇਖ ਲਓ। ਦਰਵਾਜ਼ੇ ਨੂੰ ਤਾਲਾ ਲਾਉਣ ਲਈ ਕਿਸੇ ਨੇ ਅਜਿਹਾ ਤਾਲਾ/ਲੈਂਚ ਬਣਾਇਆ ਹੈ ਕਿ ਦੇਖਣ ਵਾਲੇ ਹੈਰਾਨ ਰਹਿ ਗਏ। ਦਰਅਸਲ, ਵਿਅਕਤੀ ਨੇ ਬੋਤਲ ਦੇ ਢੱਕਣ ਤੋਂ ਇਸ ਤਾਲੇ ਦੀ ਖੋਜ ਕੀਤੀ ਹੈ, ਜੋ ਕਿ ਕਾਫ਼ੀ ਪ੍ਰਭਾਵਸ਼ਾਲੀ ਵੀ ਹੈ। ਹਾਲਾਂਕਿ, ਕਈ ਘਰਾਂ ਵਿੱਚ, ਲੋਕ 'ਗਊਸ਼ਾਲਾਖਾਨੇ' ਜਾਂ 'ਦਰਾਜਾਂ' ਦੇ ਤਾਲੇ ਟੁੱਟਣ 'ਤੇ ਪੈਸੇ ਨਹੀਂ ਖਰਚਦੇ। ਜੇਕਰ ਤੁਸੀਂ ਘਰ 'ਚ ਲਾਈਟ ਲਾਕ ਬਣਾਉਣਾ ਚਾਹੁੰਦੇ ਹੋ ਤਾਂ ਇਹ ਤੁਹਾਡੇ ਲਈ ਫਾਇਦੇਮੰਦ ਹੋ ਸਕਦਾ ਹੈ। ਅਤੇ ਹਾਂ, ਇਸਨੂੰ ਬਣਾਉਣਾ ਬਹੁਤ ਸਾਦਾ ਹੈ। ਇੰਨਾ ਕਿ ਇੱਕ ਬੱਚਾ ਵੀ ਇਸਨੂੰ ਬਣਾ ਸਕਦਾ ਹੈ।





ਵੈਸੇ, ਦਇਆ ਅਜਿਹੇ ਬੰਦ ਦਰਵਾਜ਼ਿਆਂ ਨੂੰ ਛੂਹ ਕੇ ਹੀ ਤੋੜ ਸਕਦਾ ਹੈ!

ਇਸ ਵਾਇਰਲ ਕਲਿੱਪ 'ਚ ਅਸੀਂ ਦੇਖ ਸਕਦੇ ਹਾਂ ਕਿ ਕਿਸੇ ਨੇ ਪਲਾਸਟਿਕ ਦੀ ਬੋਤਲ ਦੇ ਢੱਕਣ ਵਾਲੇ ਹਿੱਸੇ ਨੂੰ ਕੱਟ ਕੇ ਦਰਵਾਜ਼ੇ 'ਚ ਇਸ ਤਰ੍ਹਾਂ ਫਿੱਟ ਕਰ ਦਿੱਤਾ ਹੈ ਕਿ ਇਹ ਤਾਲੇ ਦਾ ਕੰਮ ਕਰ ਰਿਹਾ ਹੈ। ਇਸ ਦੇ ਲਈ ਵਿਅਕਤੀ ਨੇ ਪਹਿਲਾਂ ਬੋਤਲ ਦੇ ਚੂੜੀਦਾਰ ਹਿੱਸੇ ਨੂੰ ਦੋ ਹਿੱਸਿਆਂ ਵਿੱਚ ਵੰਡਿਆ। ਇਸ ਤੋਂ ਬਾਅਦ, ਦਰਵਾਜ਼ੇ ਦੇ ਪੱਤੇ 'ਤੇ ਇਕ ਹਿੱਸਾ ਨਿਰਧਾਰਤ ਕੀਤਾ ਗਿਆ ਸੀ. ਜਦਕਿ ਦੂਜਾ ਹਿੱਸਾ ਕੰਧ ਵੱਲ ਰੱਖਿਆ ਹੋਇਆ ਸੀ। ਅਜਿਹੀ ਸਥਿਤੀ ਵਿੱਚ ਜਦੋਂ ਕੋਈ ਦਰਵਾਜ਼ਾ ਬੰਦ ਕਰਦਾ ਹੈ ਤਾਂ ਦੋਵੇਂ ਹਿੱਸੇ ਇੱਕ ਦੂਜੇ ਨੂੰ ਮਿਲ ਜਾਣਗੇ। ਅਜਿਹੇ 'ਚ ਤੁਸੀਂ ਇਸ 'ਤੇ ਢੱਕਣ ਨੂੰ ਬੋਤਲ ਦੀ ਤਰ੍ਹਾਂ ਕਸ ਕੇ ਰੱਖੋ, ਦਰਵਾਜ਼ਾ ਬੰਦ ਹੋ ਜਾਵੇਗਾ। ਕੁਝ ਲੋਕਾਂ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ ਹੈ।

ਇਸ ਵੀਡੀਓ ਨੂੰ 19 ਸਤੰਬਰ ਨੂੰ ਇੰਸਟਾਗ੍ਰਾਮ ਪੇਜ ਤੋਂ ਪੋਸਟ ਕੀਤਾ ਗਿਆ ਸੀ, ਜਿਸ ਨੂੰ ਹੁਣ ਤੱਕ 41.3 ਮਿਲੀਅਨ (4 ਕਰੋੜ ਤੋਂ ਵੱਧ) ਵਿਊਜ਼ ਅਤੇ ਲੱਖਾਂ ਲਾਈਕਸ ਮਿਲ ਚੁੱਕੇ ਹਨ। ਇਸ ਪੋਸਟ 'ਤੇ ਸੈਂਕੜੇ ਯੂਜ਼ਰਸ ਨੇ ਕੁਮੈਂਟ ਵੀ ਕੀਤੇ ਹਨ। ਇਕ ਵਿਅਕਤੀ ਨੇ ਲਿਖਿਆ- ਹਰ ਕਿਸੇ ਕੋਲ ਪੈਸਾ ਨਹੀਂ ਹੁੰਦਾ। ਦੂਜੇ ਨੇ ਪੁੱਛਿਆ ਕਿ ਢੱਕਣ ਖੋਲ੍ਹਣ ਤੋਂ ਬਾਅਦ ਕਿੱਥੇ ਰੱਖਣਾ ਹੈ ? ਇਸੇ ਤਰ੍ਹਾਂ ਕੁਝ ਯੂਜ਼ਰਸ ਨੇ ਇਸ ਨੂੰ ਸੁਰੱਖਿਆ ਦੱਸਿਆ ਹੈ।



# ਨਸ਼ਿਆਂ ਸਬੰਧੀ ਮਾਪੇ ਆਪਣੀ ਔਲਾਦ ਪ੍ਰਤੀ ਰੋਲ ਮਾਡਲ ਵਾਲਾ ਫ਼ਰਜ਼ ਨਿਭਾਉਣ



ਮੋਹਨ ਸ਼ਰਮਾ

ਹਰ ਰੋਜ਼ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਸੁੰਨ ਕਰਨ ਵਾਲੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਕਿਤੇ ਨੌਜਵਾਨ ਨਸ਼ਈ ਦੀ ਲਾਸ਼ ਝਾੜੀਆਂ ਵਿੱਚ ਡਿੱਗੀ ਵਿਖਾਈ ਦਿੰਦੀ ਹੈ। ਕਿਤੇ ਸੜਕ 'ਤੇ ਜ਼ਿੰਦਗੀ ਨੂੰ ਅਲਵਿਦਾ ਕਹਿ ਕੇ ਨੌਜਵਾਨ ਡਿੱਗਿਆ ਪਿਆ ਹੈ। ਕਿਤੇ ਬੱਸ ਸਟੈਂਡ ਦੇ ਗੁਸਲਖ਼ਾਨੇ ਵਿੱਚ ਸਰਿੰਜਾਂ ਨਾਲ ਵਿੰਨ੍ਹੀਂ ਬਾਂਹ ਵਾਲੇ ਨੌਜਵਾਨ ਦੀ ਲਾਵਾਰਸ ਲਾਸ਼ ਦਾ ਪਤਾ ਲੱਗਦਾ ਹੈ। ਕਿਤੇ ਇਕਲੌਤੇ ਨੌਜਵਾਨ ਪੁੱਤ ਦੀ ਲਾਸ਼ 'ਤੇ ਪੱਥਰਾਂ ਨੂੰ ਵੀ ਰਵਾਉਣ ਵਾਲੇ ਮਾਂ ਦੇ ਕੀਰਨੇ ਵੇਖਣ ਵਾਲਿਆਂ ਦੇ ਨੈਣਾਂ ਵਿੱਚੋਂ ਵੀ ਅੱਥਰੂ ਲਿਆ ਦਿੰਦੇ ਹਨ। ਕਿਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਭੈਣ ਆਪਣੇ ਇਕਲੌਤੇ ਅਣਵਿਆਹੇ ਵੀਰ ਦੀ ਲਾਸ਼ 'ਤੇ ਸਿਹਰੇ ਬੰਨ੍ਹ ਕੇ ਮਾਹੌਲ ਨੂੰ ਗ਼ਮਗੀਨ ਕਰ ਦਿੰਦੀ ਹੈ। ਕਿਤੇ ਬਲਦੇ ਸਿਵੇ ਦੀ ਅੱਗ ਮੱਠੀ ਹੋਣ 'ਤੇ ਗੁਰਦੁਆਰਾ ਸਾਹਿਬ ਦਾ ਭਾਈ ਅੰਤਮ ਅਰਦਾਸ ਕਰਨ ਉਪਰੰਤ ਸੰਗਤ ਵੱਲ ਮੂੰਹ ਕਰਦਿਆਂ ਗੱਚ ਭਰ ਕੇ ਕਹਿੰਦਾ ਹੈ, ਸਾਧ ਸੰਗਤ ਜੀ, ਆਪਣੇ ਪਿੰਡ ਵਿੱਚੋਂ 15-20 ਦਿਨਾਂ ਬਾਅਦ ਇੱਕ ਨੌਜਵਾਨ ਦਾ ਸਿਵਾ ਬਲਦਾ ਹੈ। ਰੱਬ ਦਾ ਵਾਸਤਾ ਕੋਈ ਹੂਲਾ ਫੱਕੋ, ਬੰਨ੍ਹ ਸੁੱਬ ਕਰੋ, ਇਕੱਠੇ ਹੋ ਕੇ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਬੰਦ ਕਰੋ। ਹੁਣ ਮੇਰੇ ਕੋਲੋਂ ਅੰਤਮ ਅਰਦਾਸਾਂ ਨਹੀਂ ਹੋਣੀਆਂ। ਇੱਕ ਸਿਵਾ ਬਾਹਰ ਬਲਦਾ ਹੈ ਅਤੇ ਦੂਜਾ ਸਿਵਾ ਸਾਡੇ ਅੰਦਰ ਬਲਦਾ ਹੈ। ਅਜਿਹੀਆਂ ਨਿਰਾਸ਼ਾਜਨਕ, ਖ਼ੌਫਨਾਕ ਅਤੇ ਦਿਲ ਕੰਬਾਊ ਘਟਨਾਵਾਂ ਮਾਂ-ਬਾਪ ਦਾ ਲੱਕ ਤੋੜ ਰਹੀਆਂ ਹਨ। ਆਪਣੇ ਜਵਾਨ ਪੁੱਤ ਦੀ ਲਾਸ਼ ਨੂੰ ਮੋਢਾ ਦੇਣਾ ਮਾਂ-ਬਾਪ ਲਈ ਸਭ ਤੋਂ ਵੱਡਾ ਦੁਖਾਂਤ ਹੈ ਅਤੇ ਇਹ ਦੁਖਾਂਤ ਅਨੇਕਾਂ ਮਾਪਿਆਂ ਦੇ ਹਿੱਸੇ ਹਰ ਰੋਜ਼ ਆ ਰਿਹਾ ਹੈ।

ਇੱਕ ਨਸ਼ਾ ਛੁਡਾਊ ਕੇਂਦਰ ਦੇ ਨਿਰਦੇਸ਼ਕ ਵਜੋਂ ਮੇਰਾ ਹਜ਼ਾਰਾਂ ਅਜਿਹੇ ਮਾਪਿਆਂ ਨਾਲ ਵਾਹ ਪਿਆ ਹੈ ਜਿਨ੍ਹਾਂ ਦੇ ਪੁੱਤ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਖੁੰਘਲ ਹੋਏ ਹਨ ਅਤੇ ਨਾਲ ਹੀ ਮਾਪਿਆਂ ਨੂੰ ਵੀ ਕੱਖੋਂ ਹੌਲੇ ਕਰ ਦਿੱਤਾ ਹੈ। ਜਦੋਂ ਪੀੜਤ ਮਾਪਿਆਂ ਨੂੰ ਇਹ ਪੁੱਛਿਆ ਜਾਂਦਾ ਸੀ ਕਿ ਤੁਹਾਡਾ ਪੁੱਤਰ ਕਿੰਨੇ ਕੁ ਚਿਰ ਦਾ ਨਸ਼ਾ ਕਰਦਾ ਹੈ ਤਾਂ ਉਹ ਪੀੜਤ ਲਹਿਜ਼ੇ ਵਿੱਚ ਕਹਿੰਦੇ ਸਨ, ਸਾਨੂੰ ਤਾਂ ਜੀ ਮਹੀਨਾ ਕੁ ਪਹਿਲਾਂ ਹੀ ਪਤਾ ਲੱਗਿਆ ਹੈ। ਹੁਣ ਜਦੋਂ ਪੁੱਛ ਪੜਤਾਲ ਕੀਤੀ ਹੈ ਤਾਂ ਇਹ ਪਤਾ ਲੱਗਿਆ ਹੈ ਬਈ ਇਹ ਤਾਂ 2-3 ਸਾਲ ਦਾ ਇਸ ਕੁੱਤੇ ਕੰਮ ਵਿੱਚ ਪਿਆ ਹੋਇਆ ਹੈ। ਉਨ੍ਹਾਂ ਦੀ ਗੱਲਬਾਤ ਅਤੇ ਪ੍ਰਗਟਾਏ ਤੌਖਲੇ ਤੋਂ ਮਾਪਿਆਂ ਦਾ ਅਵੇਸਲਾਪਨ ਸਾਹਮਣੇ ਆਉਂਦਾ ਹੈ। ਇਸ ਸਬੰਧ ਵਿੱਚ ਮਾਪਿਆਂ ਨੂੰ ਹੇਠ ਲਿਖੇ ਅਨੁਸਾਰ ਗੰਭੀਰ ਹੋ ਕੇ ਆਪਣੇ ਬੱਚਿਆਂ 'ਤੇ ਗੌਰ ਕਰਨਾ ਚਾਹੀਦਾ ਹੈ:

ਆਪਣੀ ਔਲਾਦ ਨੂੰ ਮਹਿੰਗਾ ਮੋਟਰਸਾਈਕਲ, ਮਹਿੰਗਾ ਮੋਬਾਇਲ, ਹੋਰ ਸੁਖ ਸਹੂਲਤਾਂ ਦੇ ਨਾਲ-ਨਾਲ ਮਹਿੰਗੀ ਟਿਊਸ਼ਨ ਰੱਖਣ ਨਾਲ ਹੀ ਮਾਪਿਆਂ ਦੇ ਫ਼ਰਜ਼ਾਂ ਦੀ ਪੂਰਤੀ ਨਹੀਂ ਹੋ ਜਾਂਦੀ। ਸਗੋਂ ਮਾਪਿਆਂ ਦਾ ਅਹਿਮ ਫ਼ਰਜ਼ ਉਨ੍ਹਾਂ ਲਈ ਆਪ ਰੋਲ ਮਾਡਲ ਬਣਨਾ ਹੈ। ਅੱਜ ਦੇ ਬੱਚੇ ਸੁਣਨ ਸੁਣਾਉਣ ਵਿੱਚ ਨਹੀਂ, ਸਗੋਂ ਨਕਲ ਕਰਨ ਵਿੱਚ ਯਕੀਨ ਕਰਦੇ ਹਨ। ਮਾਂ-ਬਾਪ ਆਪਣੀ ਔਲਾਦ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਟੋਕਾ-ਟਾਕੀ ਤਦ ਹੀ ਕਰ ਸਕਦੇ ਹਨ, ਜੇ ਉਹ ਆਪ ਸੋਲਾਂ ਕਲਾਂ ਸੰਪੂਰਨ ਹਨ। ਇਸਦੇ ਲਈ ਘਰ ਦੇ ਮਾਹੌਲ ਨੂੰ ਨਸ਼ਾ ਰਹਿਤ ਰੱਖਣਾ ਅਤਿਅੰਤ ਜ਼ਰੂਰੀ ਹੈ। ਬਹੁਤ ਸਾਰੇ ਅਜਿਹੇ ਕੇਸ ਸਾਹਮਣੇ ਆਏ ਹਨ, ਜਿੱਥੇ ਬਾਪ-ਦਾਦੇ ਵੱਲੋਂ ਪੀਤੀਆਂ ਸ਼ਰਾਬ ਦੀਆਂ ਬੋਤਲਾਂ ਮੰਜੇ ਹੇਠਾਂ ਸੁੱਟਣ ਉਪਰੰਤ ਉਨ੍ਹਾਂ ਦੀ ਔਲਾਦ ਨੇ ਬੋਤਲਾਂ ਵਿੱਚ ਪਈਆਂ ਬੂੰਦਾਂ ਦਾ ਸਵਾਦ ਚੱਖਣ ਤੋਂ ਬਾਅਦ ਇਸ ਪਾਸੇ ਰੁਖ਼ ਕੀਤਾ ਹੈ। ਸਰਦੇ ਪੁੱਜਦੇ ਲੋਕਾਂ ਦੀਆਂ ਕੋਠੀਆਂ ਵਿੱਚ ਹੀ ਖੋਲ੍ਹੀਆਂ ਬੀਅਰ ਬਾਰਾਂ ਸ਼ਾਹੀ ਠਾਠ-ਬਾਠ ਦਾ ਪ੍ਰਗਟਾਵਾ ਤਾਂ ਹਨ, ਪਰ ਇਨ੍ਹਾਂ ਬੀਅਰ ਬਾਰਾਂ ਦੀਆਂ ਬੋਤਲਾਂ ਵਿੱਚੋਂ ਆਪਣੀ ਪਾਣੀ ਵਾਲੀ ਬੋਤਲ ਵਿੱਚ ਕੁਝ ਸ਼ਰਾਬ ਪਾ ਕੇ ਪਾਣੀ ਨਾਲ ਭਰਨ ਉਪਰੰਤ ਸਕੂਲ ਵਿੱਚ ਲਿਆਉਣ ਦੇ ਬਹੁਤ ਸਾਰੇ ਕਿੱਸੇ ਸਾਹਮਣੇ ਆਏ ਹਨ ਅਤੇ ਇੰਝ ਸਕੂਲ ਦੀ ਜ਼ਿੰਦਗੀ ਵਿੱਚ ਹੀ ਨਸ਼ਿਆਂ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਬਾਅਦ ਵਿੱਚ ਪੱਕੇ ਨਸ਼ਈ ਬਣ ਕੇ ਬਹੁਤ ਸਾਰੇ 'ਕਾਕੇ' ਆਪਣੀ ਜ਼ਿੰਦਗੀ ਧੁਆਂਖ ਲੈਂਦੇ ਹਨ। ਅਜਿਹਾ ਕੁਝ ਸਿਗਰਟ-ਜ਼ਰਦੇ ਦੀ ਵਰਤੋਂ ਸਮੇਂ ਵੀ ਵਾਪਰਦਾ ਹੈ।



ਆਪਣੀ ਔਲਾਦ ਨੂੰ ਦਿੱਤੇ ਜੇਬ ਖ਼ਰਚੇ 'ਤੇ ਵੀ ਕਰੜੀ ਨਜ਼ਰ ਰੱਖਣੀ ਜ਼ਰੂਰੀ ਹੈ। ਲੋੜ ਤੋਂ ਵੱਧ ਦਿੱਤਾ ਪੈਸਾ ਉਸ ਨੂੰ ਬਜ਼ਾਰ ਵੱਲ ਭੇਜੇਗਾ ਅਤੇ ਬਜ਼ਾਰ ਵਿੱਚ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਸ ਤੋਂ ਅਸੀਂ ਸਾਰੇ ਭਲੀਂ ਭਾਂਤ ਜਾਣੂ ਹਾਂ।

ਆਪਣੇ ਰੁਝੇਵਿਆਂ ਦਾ ਕੁਝ ਹਿੱਸਾ ਬੱਚਿਆਂ ਲਈ ਵੀ ਕੱਢੋ। ਉਨ੍ਹਾਂ ਦੀ ਪੜ੍ਹਾਈ, ਖੇਡਾਂ, ਸਾਹਿਤ ਅਤੇ ਧਰਮ ਪ੍ਰਤੀ ਦਿਲਚਸਪੀ ਜਾਨਣ ਦੇ ਨਾਲ-ਨਾਲ ਉਨ੍ਹਾਂ ਨਾਲ ਪਿਆਰ ਅਤੇ ਅਪਣੱਤ ਨਾਲ ਪੇਸ਼ ਹੁੰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਮਨ ਵਿੱਚ ਪੈਦਾ ਹੋਏ ਸਵਾਲਾਂ ਦੇ ਜਵਾਬ ਵੀ ਦਿਉ। ਉਨ੍ਹਾਂ ਦੇ ਪਥ ਪ੍ਰਦਰਸ਼ਕ ਬਣਨ ਵਿੱਚ ਲਾਪਰਵਾਹੀ ਨਾ ਵਰਤੋ। ਉਨ੍ਹਾਂ ਦੀਆਂ ਉਸਾਰੂ ਰੁਚੀਆਂ ਲਈ ਹੱਲਾ-ਸ਼ੇਰੀ ਅਤੇ ਢਾਹੂ ਰੁਚੀਆਂ ਲਈ ਕੰਨ ਖਿੱਚਣੇ ਜ਼ਰੂਰੀ ਹਨ।

ਸਮੇਂ-ਸਮੇਂ ਸਿਰ ਸਕੂਲ ਅਧਿਆਪਕਾਂ ਨਾਲ ਸੰਪਰਕ ਰੱਖਿਆ ਜਾਵੇ। ਅਧਿਆਪਕਾਂ-ਮਾਪਿਆਂ ਦੀ ਮੀਟਿੰਗ ਵਿੱਚ ਜਾ ਕੇ ਆਪਣੇ ਬੱਚੇ ਦੀ ਕਾਰਗੁਜ਼ਾਰੀ ਦਾ ਪਤਾ ਕਰੋ। ਜੇਕਰ ਬੱਚਾ ਸਕੂਲ ਤੋਂ ਗੈਰਹਾਜ਼ਰ ਰਹਿੰਦਾ ਹੈ, ਸਹੀ ਸਮੇਂ 'ਤੇ ਸਕੂਲ ਨਹੀਂ ਪਹੁੰਚਦਾ ਜਾਂ ਹੋਮਵਰਕ ਨਹੀਂ ਕਰਦਾ ਤਾਂ ਇਸ ਸਬੰਧੀ ਗੰਭੀਰ ਹੋ ਕੇ ਹੋਰ ਰੁਝੇਵਿਆਂ ਨੂੰ ਛੱਡ ਕੇ ਬੱਚਿਆਂ ਦੀ ਜ਼ਿੰਦਗੀ 'ਤੇ ਆਪਣਾ ਆਪ ਕੇਂਦਰਿਤ ਕਰ ਕੇ ਉਨ੍ਹਾਂ ਦੀਆਂ ਵਿਗੜੀਆਂ ਆਦਤਾਂ ਨੂੰ ਸਹੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਉ। ਮਾਪਿਆਂ ਦਾ ਅਸਲੀ ਸਰਮਾਇਆ ਔਲਾਦ ਹੁੰਦੀ ਹੈ, ਫੁੱਲੀਆਂ ਹੋਈਆਂ ਜੇਬਾਂ ਨਹੀਂ।

ਜੇਕਰ ਦਸਵੀਂ ਪਾਸ ਕਰਨ ਤੋਂ ਬਾਅਦ ਮੋਬਾਇਲ ਫੋਨ ਲੈ ਕੇ ਦਿੱਤਾ ਹੈ ਤਾਂ ਉਸ ਦੇ ਘਰੋਂ ਬਾਹਰ ਜਾਣ ਸਮੇਂ ਕਦੇ-ਕਦੇ ਉਸ ਨਾਲ ਵੀਡੀਓ ਕਾਲ ਜ਼ਰੂਰ ਕਰੋ ਤਾਂ ਜੋ ਬੱਚਾ ਤੁਹਾਨੂੰ ਸਹੀ ਥਾਂ ਹੋਣ ਸਬੰਧੀ ਜਾਣਕਾਰੀ ਦੇ ਸਕੇ।

ਜਿੱਥੇ ਬੱਚਾ ਟਿਊਸ਼ਨ 'ਤੇ ਜਾਂਦਾ ਹੈ, ਉਸ ਅਧਿਆਪਕ ਨਾਲ ਵੀ ਤਾਲਮੇਲ ਰੱਖਣਾ ਜ਼ਰੂਰੀ ਹੈ।

ਖਾਸ ਤੌਰ 'ਤੇ ਧਿਆਨ ਦਿੱਤਾ ਜਾਵੇ ਕਿ ਬੱਚੇ ਦੇ ਦੋਸਤ ਕਿਹੋ ਜਿਹੇ ਹਨ। ਜੇਕਰ ਇਹੋ-ਜਿਹੇ ਨਵੇਂ ਨਵੇਂ ਦੋਸਤ ਘਰ ਵਿੱਚ ਉਸ ਨੂੰ ਮਿਲਣ ਆਉਂਦੇ ਹਨ, ਜਿਨ੍ਹਾਂ ਦੀਆਂ ਆਦਤਾਂ, ਬੋਲਣ-ਚੱਲਣ ਦਾ ਢੰਗ ਤੁਹਾਨੂੰ ਚੰਗਾ ਨਹੀਂ ਲੱਗਦਾ ਤਾਂ ਇਹੋ-ਜਿਹੀ ਸੰਗਤ ਤੋਂ ਦੂਰ ਰਹਿਣ ਲਈ ਬੱਚੇ ਨੂੰ ਵਰਜਿਆ ਜਾਵੇ।

ਜੇਕਰ ਬੱਚਾ ਕਿਸੇ ਲੋੜ ਲਈ ਪੈਸੇ ਮੰਗਦਾ ਹੈ ਤਾਂ ਪਹਿਲਾਂ ਉਸ ਲੋੜ ਸਬੰਧੀ ਤਸੱਲੀ ਕਰ ਲਵੋ। ਫਿਰ ਹੀ ਉਸ ਦੀ ਮੰਗ ਅਨੁਸਾਰ ਪੈਸੇ ਦਿਉ। ਬੱਚੇ ਨੂੰ ਕਦੇ ਵੀ ਕੀਲੀ 'ਤੇ ਲਟਕਦੇ ਕਮੀਜ਼ ਦੀ ਜੇਬ ਵਿੱਚੋਂ ਪੈਸੇ ਆਪਣੇ ਆਪ ਲੈਣ ਲਈ ਨਾ ਕਹੋ, ਸਗੋਂ ਆਪ ਉਸ ਦੀ ਤਲੀ 'ਤੇ ਪੈਸੇ ਰੱਖੋ। ਬਾਅਦ ਵਿੱਚ ਇਹ ਤਸੱਲੀ ਵੀ ਕਰ ਲਵੋ ਕਿ ਜਿਸ ਮੰਤਵ ਲਈ ਪੈਸੇ ਦਿੱਤੇ ਗਏ ਹਨ, ਉਸ ਮੰਤਵ ਦੀ ਪੂਰਤੀ ਸਹੀ ਢੰਗ ਨਾਲ ਹੋਈ ਹੈ। ਵਾਧੂ ਪੈਸੇ ਵਾਪਸ ਲੈ ਲਵੋ।

ਜਿਹੜਾ ਕਮਰਾ ਬੱਚੇ ਨੂੰ ਪੜ੍ਹਨ ਲਈ ਦਿੱਤਾ ਹੋਇਆ ਹੈ, ਉੱਥੇ ਵੀ ਧਿਆਨ ਦਿਉ। ਬੱਚੇ ਦਾ ਦਰਵਾਜ਼ਾ ਬੰਦ ਕਰਕੇ ਪੜ੍ਹਨਾ, ਅਗਰਬੱਤੀਆਂ ਲਾਉਣੀਆਂ, ਬਾਰ ਖੜਕਾਉਣ ਤੇ ਕਿੰਨਾ-ਕਿੰਨਾ ਚਿਰ ਦਰਵਾਜਾ ਨਾ ਖੋਲ੍ਹਣਾ ਸ਼ੁਭ ਸੰਕੇਤ ਨਹੀਂ। ਇਸ ਸਬੰਧ ਵਿੱਚ ਧਿਆਨ ਦੇਣ ਦੀ ਲੋੜ ਹੈ।

ਜੇਕਰ ਬੱਚਾ ਬਾਥਰੂਮ ਵਿੱਚ ਕਾਫ਼ੀ ਦੇਰ ਲਾਉਂਦਾ ਹੈ ਤਾਂ ਇਸ ਸਬੰਧੀ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਅਕਸਰ ਨਸ਼ਾ ਕਰਨ ਵਾਲੇ ਬੱਚੇ ਬਾਥਰੂਮ ਦੀ ਵਰਤੋਂ ਨਸ਼ਾ ਕਰਨ ਲਈ ਕਰਦੇ ਹਨ।

ਬੱਚੇ ਦੀ ਗ਼ੈਰਹਾਜ਼ਰੀ ਵਿੱਚ ਕਮਰੇ ਨੂੰ ਚੰਗੀ ਤਰ੍ਹਾਂ ਚੈੱਕ ਕਰ ਲਵੋ। ਜੇਕਰ ਕਮਰੇ ਵਿੱਚ ਮੋਮਬੱਤੀਆਂ, ਅਗਰਬੱਤੀਆਂ, ਮਾਚਿਸਾਂ, ਸਰਿੰਜਾਂ, ਜ਼ਰਦੇ ਦੀਆਂ ਪੁੜੀਆਂ ਦੇ ਉੱਪਰਲੇ ਕਵਰ ਮਿਲਦੇ ਹਨ ਤਾਂ ਬੱਚੇ ਦੇ ਥਿੜਕਣ ਦੇ ਚਿੰਨ੍ਹ ਸਾਡੇ ਸਾਹਮਣੇ ਆ ਜਾਂਦੇ ਹਨ। ਇਹ ਚੋਰ-ਮੋਰੀਆਂ ਬਾਅਦ ਵਿੱਚ ਵੱਡਾ ਮੋਘਾ ਬਣ ਸਕਦੀਆਂ ਨੇ। ਮਾਪਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ। ਬੱਚਿਆਂ ਦੀ ਸਿਹਤ ਵਿੱਚ ਦਿਨ-ਬ-ਦਿਨ ਨਿਘਾਰ, ਅੱਖਾਂ ਦਾ ਗਹਿਰਾ ਹੋਣਾ, ਅੱਖਾਂ ਦੇ ਹੇਠਾਂ ਕਾਲੇ ਜਿਹੇ ਨਿਸ਼ਾਨ ਹੋਣਾ, ਨਹੁੰਆਂ ਉੱਤੇ ਚਿੱਟੇ ਜਿਹੇ ਦਾਗਾਂ ਦਾ ਹੋਣਾ, ਹੱਥਾ ਦੇ ਪੋਟੇ ਜਲੇ ਹੋਣਾ, ਭੁੱਖ ਘੱਟ ਲੱਗਣਾ, ਘਰੋਂ ਗ਼ੈਰ ਹਾਜ਼ਰ ਰਹਿਣਾ, ਨਹਾਉਣ ਤੋਂ ਪਰਹੇਜ਼ ਕਰਨਾ, ਕੱਪੜਿਆਂ ਵੱਲ ਵੀ ਧਿਆਨ ਨਾ ਦੇਣਾ, ਗੱਲ ਨੂੰ ਅਣਸੁਣੀ ਕਰ ਦੇਣਾ, ਸੁਭਾਅ ਵਿੱਚ ਚਿੜਚਿੜਾਪਨ ਆ ਜਾਣਾ, ਘਰ ਅਤੇ ਸਕੂਲ ਵਿੱਚ ਡਸਿਪਲਨ ਭੰਗ ਕਰਨਾ, ਰਿਸ਼ਤੇਦਾਰਾਂ ਨੂੰ ਮਿਲਣ ਤੋਂ ਸੰਕੋਚ ਕਰਨਾ, ਪਰਿਵਾਰ ਵਿੱਚ ਨਾ ਬੈਠਣਾ,

(ਬਾਕੀ ਸਫ਼ਾ 30 'ਤੇ)

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



# ਪੰਜਾਬ ਪੁਲਿਸ ਦੀ ਕਾਰਗੁਜ਼ਾਰੀ 'ਚ ਸੁਧਾਰ ਲਿਆਉਣ ਦੀ ਲੋੜ



ਪਲਵਿੰਦਰ ਸੋਹਲ

ਪੁਲਿਸ ਦਾ ਕੰਮ ਰਾਜ ਵਿੱਚ ਅਮਨ-ਕਾਨੂੰਨ ਨੂੰ ਕਾਇਮ ਰੱਖਣਾ ਅਤੇ ਨਾਗਰਿਕਾਂ ਦੇ ਜਾਨ-ਮਾਲ ਦੀ ਰਾਖੀ ਕਰਕੇ ਆਮ ਨਾਗਰਿਕਾਂ ਨੂੰ ਇਨਸਾਫ਼ ਦਿਵਾਉਣਾ ਹੁੰਦਾ ਹੈ। ਕਿਸੇ ਵੀ ਲੋਕਤੰਤਰੀ ਸਾਸ਼ਨ ਵਿਵਸਥਾ ਵਿੱਚ ਪੁਲਿਸ ਨਿਆਂਕਾਰੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲਾ ਵਤੀਰਾ ਇੱਕ ਜ਼ਰੂਰੀ ਸ਼ਰਤ ਹੁੰਦਾ ਹੈ। ਪਰ ਸਾਡੇ ਦੇਸ਼ ਵਿੱਚ ਜ਼ਿਆਦਾਤਰ ਰਾਜਾਂ ਵਿੱਚ ਪੁਲਿਸ ਦਾ ਦਮਨਕਾਰੀ, ਸ਼ੋਸ਼ਣਕਾਰੀ ਅਤੇ ਅਣਮਨੁੱਖੀ ਵਤੀਰਾ ਵਾਰ-ਵਾਰ ਸਾਹਮਣੇ ਆਉਂਦਾ ਹੈ ਅਤੇ ਇਸ ਦਾ ਇੱਕ ਲੰਬਾ ਇਤਿਹਾਸ ਹੈ। ਪੰਜਾਬ ਵਿੱਚ ਅੱਤਵਾਦ ਦੇ ਦੌਰ ਵਿੱਚ ਅਤੇ ਉਸ ਤੋਂ ਬਾਅਦ ਵੀ ਪੁਲਿਸ ਨੂੰ ਅਸੀਮਤ ਸ਼ਕਤੀਆਂ ਮਿਲੀਆਂ ਹੋਈਆਂ ਹਨ। ਸਿਆਸੀ ਪੁਸ਼ਤ-ਪਨਾਹੀ ਨੇ ਪੁਲਿਸ ਅਫ਼ਸਰਾਂ ਅਤੇ ਮੁਲਾਜ਼ਮਾਂ ਨੂੰ ਹੈਂਕੜਬਾਜ਼ ਬਣਾ ਦਿੱਤਾ ਹੈ। ਸੇਵਾ ਭਾਵਨਾ ਵਾਲੀ ਅਤੇ ਇਨਸਾਫ਼ ਵਾਲੀ ਭਾਵਨਾ ਗ਼ਾਇਬ ਹੈ। ਇਸ ਦੀ ਤਾਜ਼ਾ ਉਦਾਹਰਨ ਜਲੰਧਰ ਵਿੱਚ ਵਾਪਰਿਆ ਭਿਆਨਕ ਦੁਖਾਂਤ ਹੈ, ਜਿਥੇ ਥਾਣੇ ਵਿੱਚ ਆਪਣੀ ਭੈਣ ਦੇ ਸਹੁਰਿਆਂ ਨਾਲ ਚੱਲ ਰਹੇ ਝਗੜੇ ਨੂੰ ਨਿਪਟਾਉਣ ਲਈ ਆਏ ਦੋ ਕਾਰੋਬਾਰੀ ਭਰਾਵਾਂ ਨੂੰ ਜਲੰਧਰ ਦੇ ਸਿਟੀ-1 ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਨੇ ਰੱਜ ਕੇ ਜ਼ਲੀਲ ਕੀਤਾ ਅਤੇ ਉਨ੍ਹਾਂ ਦੀਆਂ ਦਸਤਾਰਾਂ ਦੀ ਬੇਅਦਬੀ ਵੀ ਕੀਤੀ। ਇਸ ਘਟਨਾ ਤੋਂ ਦੁਖੀ ਹੋ ਕੇ ਦੋਵੇਂ ਭਰਾਵਾਂ ਨੇ 17 ਅਗਸਤ ਨੂੰ ਬਿਆਸ ਦਰਿਆ ਵਿੱਚ ਛਾਲ ਮਾਰ ਦਿੱਤੀ ਤੇ ਇਹ ਆਰਟੀਕਲ ਲਿਖੇ ਜਾਣ ਤੱਕ ਉਨ੍ਹਾਂ 'ਚੋਂ ਇੱਕ ਦੀ ਲਾਸ਼ ਵੀ ਬਰਾਮਦ ਨਹੀਂ ਹੋਈ। ਜਦੋਂ ਕਿ 2 ਸਤੰਬਰ ਨੂੰ ਜਸ਼ਨ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਇਨ੍ਹਾਂ ਨੌਜਵਾਨਾਂ ਦੇ ਪਿਤਾ-ਮਾਤਾ ਅਤੇ ਬਾਕੀ ਪਰਿਵਾਰ 'ਤੇ ਜੋ ਬੀਤ ਰਹੀ ਹੈ, ਇਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਸੰਭਵ ਨਹੀਂ। ਭਾਵੇਂ ਕਿ ਉਕਤ ਥਾਣੇਦਾਰ ਸਣੇ ਤਿੰਨ ਵਿਅਕਤੀਆਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰ ਲਈ ਗਈ ਹੈ ਪਰ ਅਜੇ ਵੀ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ। ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਉਸ ਦੀ ਪਿੱਠ 'ਤੇ ਖੜ੍ਹੇ ਨਜ਼ਰ ਆ ਰਹੇ ਹਨ ਅਤੇ ਪਰਿਵਾਰ ਇਨਸਾਫ਼ ਲਈ ਤਰਸ ਰਿਹਾ ਹੈ।

ਵੱਡੀ ਸਿਤਮਜ਼ਰੀਫੀ ਹੈ ਕਿ ਪੰਜਾਬ ਵਿੱਚ ਅਜਿਹੀਆਂ ਸੈਂਕੜੇ ਉਦਾਹਰਨਾਂ ਹਨ, ਜਿਥੇ ਪੰਜਾਬ ਪੁਲਿਸ ਦੇ ਤਾਨਾਸ਼ਾਹੀ ਅਤੇ ਅਣਮਨੁੱਖੀ ਵਤੀਰੇ ਕਾਰਨ ਕਈ ਪਰਿਵਾਰ ਉੱਜੜ ਗਏ ਹਨ। ਕਈ-ਕਈ ਸਾਲਾਂ ਤੋਂ ਅਦਾਲਤਾਂ ਵਿੱਚ ਇਨਸਾਫ਼ ਲਈ ਉਹ ਭਟਕ ਰਹੇ ਹਨ। ਖਾੜਕੂਵਾਦ ਦੇ ਦੌਰ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਮਨੁੱਖੀ ਹੱਕਾਂ ਦਾ ਘਾਣ ਕਰਨ ਦੀ ਜੋ ਰਵਾਇਤ ਪੰਜਾਬ ਪੁਲਿਸ ਨੇ ਚਲਾਈ ਸੀ, ਉਹ ਸੋਚ ਅਜੇ ਵੀ ਪੁਲਿਸ ਤੰਤਰ ਵਿੱਚ ਮੌਜੂਦ ਹੈ।

ਕਦੀ-ਕਦੀ ਅਜਿਹੇ ਘਟਨਾਕ੍ਰਮ ਵੇਖਦੇ ਹੋਏ ਆਪਣੇ ਲੋਕਤੰਤਰੀ ਨਿਜ਼ਾਮ ਦੀ ਸਾਰਥਿਕਤਾ 'ਤੇ ਸ਼ੱਕ ਹੁੰਦਾ ਹੈ। ਲੋਕਤੰਤਰ ਤਾਂ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਵਾਸਤੇ ਕੰਮ ਕਰਨ ਵਾਲਾ ਨਿਜ਼ਾਮ ਹੁੰਦਾ ਹੈ। ਅਜਿਹਾ ਲੋਕਤੰਤਰ ਜਿਥੇ ਆਮ ਜਨਤਾ ਪੁਲਿਸ ਦੇ ਨੇੜੇ ਜਾਣ ਅਤੇ ਪੁਲਿਸ ਸਟੇਸ਼ਨ ਦੇ ਅੰਦਰ ਇਕੱਲੇ ਜਾਣ ਤੋਂ ਡਰੇ ਅਜਿਹੇ ਲੋਕਤੰਤਰ ਦੇ ਸਭ ਤੋਂ ਸਫਲ ਅਤੇ ਵਿਸ਼ਾਲ ਹੋਣ ਦੇ ਦਾਅਵੇ ਖੋਖਲੇ ਪ੍ਰਤੀਤ ਹੁੰਦੇ ਹਨ।

ਅੱਜ ਸਾਡੇ ਪੰਜਾਬ ਵਿੱਚ ਪੁਲਿਸ ਸਟੇਸ਼ਨਾਂ ਦੇ ਅੰਦਰ ਹਰ ਰੋਜ਼ ਹੀ ਲੱਖਾਂ ਦੀ ਰਿਸ਼ਵਤ ਦਾ ਲੈਣ-ਦੇਣ ਚਲਦਾ ਹੈ। ਪੰਜਾਬ ਦੇ ਬਹੁਤ ਘੱਟ ਥਾਣੇ ਹੋਣਗੇ, ਜਿਥੇ ਕੋਈ ਭ੍ਰਿਸ਼ਟਾਚਾਰ ਨਹੀਂ ਹੁੰਦਾ ਹੋਵੇਗਾ। ਬਦਲਾਅ ਦੇ ਦਾਅਵੇ ਨਾਲ ਆਪਣੀ ਸਰਕਾਰ ਬਣਵਾਉਣ ਵਾਲੀ ਆਮ ਆਦਮੀ ਪਾਰਟੀ ਦੀ ਹਕੂਮਤ ਵਿੱਚ ਇਹ ਭ੍ਰਿਸ਼ਟਾਚਾਰ ਹੋਰ ਵਧ ਗਿਆ ਹੈ। ਪੁਲਿਸ ਦਾ ਵਤੀਰਾ ਹੀ ਮਜਬੂਰ ਕਰਦਾ ਹੈ ਕਿ ਜਦ ਵੀ ਬਦਕਿਸਮਤੀ ਨਾਲ ਕਿਸੇ ਨੂੰ ਆਪਣੀ ਦਰਖਾਸਤ ਲੈ ਕੇ ਥਾਣੇ ਜਾਣਾ ਪੈਂਦਾ ਹੈ ਤਾਂ ਹਰ ਸ਼ਰੀਫ਼ ਵਿਅਕਤੀ ਪੰਚਾਂ, ਸਰਪੰਚਾਂ ਜਾਂ ਹੋਰ ਮੁਹਤਬਰਾਂ ਨੂੰ ਨਾਲ ਕੇ ਹੀ ਥਾਣੇ ਜਾਂਦਾ ਹੈ। ਇਕੱਲੇ ਜਾਣ ਦੀ ਜ਼ਿਆਦਾਤਰ ਕਿਸੇ ਆਮ ਨਾਗਰਿਕ ਦੀ ਹਿੰਮਤ ਨਹੀਂ ਪੈਂਦੀ। ਇਹ ਸਾਡੇ ਲੋਕਤੰਤਰੀ ਢਾਂਚੇ ਦੀ ਅਸਫਲਤਾ ਹੀ ਹੈ ਕਿ ਬਹੁਤ ਲੋਕ ਇਹ ਧਾਰਨਾ ਰੱਖਦੇ ਹਨ ਕਿ ਨਸ਼ਿਆਂ ਸਮੇਤ ਹਰੇਕ ਨਾਜਾਇਜ਼ ਕੰਮ ਪੁਲਿਸ ਦੀ ਸਰਪ੍ਰਸਤੀ ਹੇਠ ਹੀ ਚਲਦਾ ਹੈ ਤੇ ਆਮ ਲੋਕ ਇਸ ਚੱਕੀ ਵਿੱਚ ਪਿਸਦੇ ਰਹਿੰਦੇ ਹਨ।

ਇਹ ਇੱਕ ਆਮ ਧਾਰਨਾ ਹੈ ਕਿ ਪੁਲਿਸ ਜੇਕਰ ਚਾਹੇ ਤਾਂ ਜੰਗਲ ਵਿੱਚ ਗੁਆਚੀ ਸੂਈ ਵੀ ਲੱਭ ਲੈਂਦੀ ਹੈ ਪਰ ਇਹ ਵੀ ਇਕ ਕੌੜੀ ਸੱਚਾਈ ਹੈ ਕਿ ਪੰਜਾਬ ਵਿੱਚ ਨਸ਼ਿਆਂ ਸਮੇਤ, ਨਾਜਾਇਜ਼ ਕਬਜ਼ੇ, ਮਾਈਨਿੰਗ ਅਤੇ ਕਤਲੋ-ਗਾਰਤ, ਲੁੱਟ-ਖਸੁੱਟ ਪੁਲਿਸ ਦੀਆਂ ਨਜ਼ਰਾਂ ਸਾਹਮਣੇ ਅਤੇ ਪੁਸ਼ਤਪਨਾਹੀ ਹੇਠ ਹੋ ਰਹੇ ਹਨ। ਪੰਜਾਬ ਦੇ ਵੱਡੇ ਪੁਲਿਸ ਅਫ਼ਸਰ ਗੈਂਗਸਟਰਾਂ ਦੀਆਂ ਪਾਰਟੀਆਂ ਵਿੱਚ ਨੱਚ ਰਹੇ ਹਨ ਅਤੇ ਗੈਂਗਸਟਰਾਂ ਅਤੇ ਨਸ਼ਿਆਂ ਦੇ ਤਸਕਰਾਂ ਦੇ ਗੱਠਜੋੜ ਦਾ ਪ੍ਰਦਰਸ਼ਨ ਖੁੱਲ੍ਹੇਆਮ ਆਮ ਜਨਤਾ ਦੇ ਸਾਹਮਣੇ ਕਰ ਰਹੇ ਹਨ। ਪੰਜਾਬ ਦੀ ਮੌਜੂਦਾ ਸਰਕਾਰ ਆਪਣੀ ਡੇਢ ਸਾਲ ਦੀ ਕਾਰਗੁਜ਼ਾਰੀ ਵਿਚ ਪੰਜਾਬ ਦੀ ਆਮ ਜਨਤਾ ਦੇ ਮਨਾਂ 'ਤੇ ਚੰਗਾ ਪ੍ਰਭਾਵ ਸਿਰਜਣ ਵਿੱਚ ਸਫਲ ਨਹੀਂ ਹੋ ਸਕੀ। ਲੋਕਾਂ ਨੇ ਇਸ ਸਰਕਾਰ ਨੂੰ ਵੱਡਾ ਫਤਵਾ ਬਦਲਾਅ ਦੇ ਨਾਂਅ 'ਤੇ ਦਿੱਤਾ ਸੀ। ਹੁਣ ਸਰਕਾਰ ਦਾ ਮੁਢਲਾ ਫਰਜ਼ ਬਣਦਾ ਹੈ ਕਿ ਉਹ ਹਰੇਕ ਖੇਤਰ ਵਿੱਚ ਪਹਿਲਾਂ ਦੀਆਂ ਸਰਕਾਰਾਂ ਨਾਲੋਂ ਨਿਵੇਕਲੀ ਪਹੁੰਚ ਅਪਣਾਏ ਅਤੇ ਪ੍ਰਸ਼ਾਸਨ ਨੂੰ ਲੋਕ ਪੱਖੀ ਅਤੇ ਭ੍ਰਿਸ਼ਟਾਚਾਰ ਰਹਿਤ ਬਣਾਏ। ਇਸ ਸਮੇਂ ਦੀ ਵੱਡੀ ਲੋੜ ਹੈ ਕਿ ਪੰਜਾਬ ਪੁਲਿਸ ਦੀ (**ਬਾਕੀ ਸਫ਼ਾ 30 'ਤੇ**)

# ਧੋਖਾਧੜੀ ਕਰਨ ਵਾਲੇ ਲੋਕਾਂ ਤੋਂ ਬਚਣ ਦੇ ਤਰੀਕੇ




ਦੁਨੀਆਂ ਧੋਖੇਬਾਜ਼ਾਂ ਨਾਲ ਭਰੀ ਪਈ ਹੈ। ਹਰ ਵਿਅਕਤੀ ਨੂੰ ਧੋਖੇਬਾਜ਼ ਵਿਅਕਤੀ ਆਪਣੇ ਆਲੇ ਦੁਆਲੇ ਹੀ ਮਿਲ ਜਾਂਦੇ ਹਨ। ਇਹ ਧੋਖੇਬਾਜ਼ ਵਿਅਕਤੀ ਬਹੁਤ ਮਿੱਠਾ ਬੋਲ ਕੇ ਹਰ ਵਿਅਕਤੀ ਨੂੰ ਭਰਮਾਉਣ ਦਾ ਯਤਨ ਕਰਦੇ ਹਨ ਅਤੇ ਹਰ ਵਿਅਕਤੀ ਦਾ ਭਰੋਸਾ ਜਿੱਤਣ ਦਾ ਕੰਮ ਕਰਦੇ ਹਨ। ਇਹ ਧੋਖੇਬਾਜ਼ ਲੋਕ ਪਹਿਲਾਂ ਤਾਂ ਆਪਣੇ ਸ਼ਿਕਾਰ ਦਾ ਭਰੋਸਾ ਜਿੱਤਣ ਲਈ ਉਸ ਦੀ ਪੈਸੇ ਨਾਲ ਅਤੇ ਹੋਰ ਕਈ ਤਰੀਕਿਆਂ ਨਾਲ ਸਹਾਇਤਾ ਕਰਦੇ ਹਨ ਅਤੇ ਫਿਰ ਹੌਲੀ ਹੌਲੀ ਆਪਣੇ ਅਸਲੀ ਕੰਮ ਧੋਖਾ ਦੇਣ ਨੂੰ ਚਾਲੂ ਕਰ ਦਿੰਦੇ ਹਨ। ਜਦੋਂ ਇਹ ਲੋ ਕ ਆਪਣੀ ਆਦਤ ਅਨੁਸਾਰ ਧੋਖਾ ਦਿੰਦੇ ਹਨ ਤਾਂ ਜਿਸ ਵਿਅਕਤੀ ਨਾਲ ਧੋਖਾ ਹੋਇਆ ਹੁੰਦਾ ਹੈ, ਉਹ ਹੈਰਾਨ ਅਤੇ ਪਰੇਸ਼ਾਨ ਹੋ ਜਾਂਦਾ ਹੈ। ਜਿਸ ਵਿਅਕਤੀ ਨੂੰ ਅਸੀਂ ਆਪਣਾ ਦੋਸਤ ਸਮਝਦੇ ਹਾਂ, ਅਕਸਰ ਉਹੀ ਦੋਸਤ ਜਦੋਂ ਸਾਨੂੰ ਧੋਖਾ ਦਿੰਦਾ ਹੈ ਤਾਂ ਸਾਨੂੰ ਬਹੁਤ ਦੁੱਖ ਪਹੁੰਚਦਾ ਹੈ ਅਤੇ ਅਸੀਂ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਜਾਂਦੇ ਹਾਂ।

ਧੋਖੇਬਾਜ਼ਾਂ ਲਈ ਇੱਕ ਇਲਾਜ ਉਨ੍ਹਾਂ ਨੂੰ ਸਬਕ ਸਿਖਾਉਣਾ ਹੈ। ਜੇਕਰ ਤੁਸੀਂ ਅਜਿਹੇ ਲੋਕਾਂ ਨੂੰ ਵਾਰ-ਵਾਰ ਮਾਫ਼ ਕਰਦੇ ਰਹੋਗੇ ਅਤੇ ਉਨ੍ਹਾਂ ਨੂੰ ਸਬਕ ਨਹੀਂ ਸਿਖਾਉਂਦੇ ਹੋ, ਤਾਂ ਉਹ ਤੁਹਾਡੇ ਨਾਲ ਨਹੀਂ ਤਾਂ ਕਿਸੇ ਹੋਰ ਨੂੰ ਜ਼ਰੂਰ ਧੋਖਾ ਦੇਣਗੇ।

ਧੋਖੇਬਾਜ਼ ਲੋਕਾਂ ਨੂੰ ਦੂਜਾ ਮੌਕਾ ਦੇਣ ਨਾਲ ਤੁਹਾਨੂੰ ਦੁਬਾਰਾ ਧੋਖਾ ਮਿਲ ਸਕਦਾ ਹੈ। ਧੋਖੇਬਾਜ਼ ਲੋਕਾਂ ਨਾਲ ਨਜਿੱਠਣ ਲਈ ਤੁਹਾਨੂੰ ਕਈ ਤਰੀਕੇ ਅਪਣਾਉਣੇ ਪੈ ਸਕਦੇ ਹਨ। ਧੋਖਾ ਦੇਣ ਵਾਲੇ ਲੋਕ ਤੁਹਾਨੂੰ ਨੁਕਸਾਨ ਵੀ ਪਹੁੰਚਾ ਸਕਦੇ ਹਨ।

ਸਾਡੇ ਜੀਵਨ ਵਿੱਚ ਧੋਖੇਬਾਜ਼ ਲੋਕ ਕਈ ਵਾਰ ਸਾਨੂੰ ਚੁਣੌਤੀ ਪੂਰਨ ਸਥਿਤੀਆਂ ਵਿੱਚ ਪਾ ਸਕਦੇ ਹਨ। ਅਜਿਹੇ ਲੋਕ ਸਾਡਾ ਭਰੋਸਾ ਤੋੜਦੇ ਹਨ। ਇੰਨਾ ਹੀ ਨਹੀਂ, ਕਈ ਵਾਰ ਧੋਖਾਧੜੀ ਕਰਨ ਵਾਲੇ ਲੋਕ ਸਾਡਾ ਭਰੋਸਾ ਵੀ ਹਿਲਾ ਦਿੰਦੇ ਹਨ। ਅਸੀਂ ਪੀੜਤ ਮਾਨਸਿਕਤਾ ਦਾ ਸ਼ਿਕਾਰ ਹੋ ਜਾਂਦੇ ਹਾਂ। ਸਾਨੂੰ ਅਜਿਹੇ ਲੋਕਾਂ ਤੋਂ ਨਾ ਸਿਰਫ਼ ਸਾਵਧਾਨ ਰਹਿਣ ਦੀ ਲੋੜ ਹੈ ਸਗੋਂ ਉਨ੍ਹਾਂ ਨਾਲ ਨਜਿੱਠਣ ਲਈ ਕੁਝ ਨੁਸਖ਼ੇ ਵੀ ਅਪਣਾਉਣ ਦੀ ਲੋੜ ਹੈ। ਸਦਾ ਹਮੇਸ਼ਾ ਸਾਨੂੰ ਮਜ਼ਬੂਤ ਕਿਉਂ ਨਹੀਂ ਬਣਾਉਂਦਾ। ਜਦੋਂ ਕੋਈ ਤੁਹਾਡੇ ਨਾਲ ਬੁਰਾ ਸਲੂਕ ਕਰਦਾ ਹੈ, ਇਹ ਤੁਹਾਡੇ ਲਈ ਇੱਕ ਮੌਕਾ ਹੁੰਦਾ ਹੈ। ਤੁਹਾਨੂੰ ਜੀਵਨ ਵਿੱਚ 4 ਤਰ੍ਹਾਂ ਦੇ ਸਾਥੀ ਮਿਲਦੇ ਹਨ... ਕੀ ਤੁਹਾਡੀ ਜ਼ਿੰਦਗੀ ਵਿੱਚ ਇਹਨਾਂ ਵਿੱਚੋਂ ਕੋਈ ਇੱਕ ਹੈ?

ਅਤੀਤ ਦੀਆਂ ਆਦਤਾਂ ਅਤੇ ਪਰੇਸ਼ਾਨੀਆਂ ਤੁਹਾਡੇ ਵਰਤਮਾਨ ਅਤੇ ਭਵਿੱਖ ਦੀ ਨੀਂਹ ਨਹੀਂ ਰੱਖਦੀਆਂ, ਜਾਣੋ ਕਿਉਂ ਜਦੋਂ ਜ਼ਿੰਦਗੀ ਔਖੀ ਘੜੀ ਵਿੱਚੋਂ ਲੰਘ ਰਹੀ ਹੋਵੇ ਅਤੇ ਤੁਹਾਨੂੰ ਆਪਣੀ ਪਰਵਾਹ ਵੀ ਨਾ ਹੋਵੇ, ਤਾਂ ਕੀ ਕਰੀਏ?



**ਸੁਚੇਤ ਰਹੋ**

ਧੋਖੇਬਾਜ਼ਾਂ ਤੋਂ ਬਚਣ ਦਾ ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਤਰੀਕਾ ਹੈ ਉਨ੍ਹਾਂ ਤੋਂ ਸੁਚੇਤ ਰਹਿਣਾ। ਅਜਿਹੇ ਲੋਕਾਂ ਨਾਲ ਜੁੜਨ ਤੋਂ ਪਹਿਲਾਂ ਤੁਹਾਨੂੰ ਉਨ੍ਹਾਂ ਦੇ ਇਤਿਹਾਸ ਬਾਰੇ ਜਾਣ ਲੈਣਾ ਚਾਹੀਦਾ ਹੈ। ਅਜਿਹੇ ਲੋਕਾਂ ਦੇ ਵਿਹਾਰ ਬਾਰੇ ਵੀ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਤੁਹਾਨੂੰ ਅਜਿਹੇ ਲੋਕਾਂ ਦੀਆਂ ਗਤੀਵਿਧੀਆਂ ਵੱਲ ਧਿਆਨ ਦੇਣਾ ਚਾਹੀਦਾ ਹੈ।

**ਜੇ ਨਹੀਂ ਸਿੱਖਦੇ ਤਾਂ ਸਿਖਾਓ।**

ਸਾਨੂੰ ਧੋਖਾਧੜੀ ਕਰਨ ਵਾਲੇ ਲੋਕਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ ਕਿਉਂਕਿ ਅਜਿਹੇ ਲੋਕ ਸਾਨੂੰ ਪੜ੍ਹਾ ਕੇ ਚਲੇ ਜਾਂਦੇ ਹਨ ਪਰ ਨਾ ਤਾਂ ਆਪਣੇ ਆਪ ਨੂੰ ਬਦਲਦੇ ਹਨ ਅਤੇ ਨਾ ਹੀ ਕੋਈ ਉਨ੍ਹਾਂ ਨੂੰ ਬਦਲਣ ਲਈ ਪ੍ਰੇਰਿਤ ਕਰਦਾ ਹੈ। ਇਹ ਸੰਭਵ ਹੈ ਕਿ ਉਨ੍ਹਾਂ ਨੂੰ ਕਦੇ ਕਿਸੇ ਨੇ ਇਹ ਨਹੀਂ ਦੱਸਿਆ ਕਿ ਉਹ ਜੋ ਕਰ ਰਹੇ ਹਨ ਉਹ ਪੂਰੀ ਤਰ੍ਹਾਂ ਗਲਤ ਹੈ। ਹੋ ਸਕਦਾ ਹੈ ਕਿ ਤੁਹਾਡੇ ਦੁਆਰਾ ਸਿਖਾਇਆ ਗਿਆ ਸਬਕ ਉਨ੍ਹਾਂ ਨੂੰ ਬਦਲ ਦੇਵੇਗਾ ਅਤੇ ਉਹ ਧੋਖਾਧੜੀ ਦੀ ਆਦਤ ਤੋਂ ਮੁਕਤ ਹੋ ਜਾਣਗੇ।

**ਸੀਮਾਵਾਂ ਨਿਰਧਾਰਤ ਕਰੋ**

ਤੁਹਾਨੂੰ ਆਪਣੀਆਂ ਸੀਮਾਵਾਂ ਸਪਸ਼ਟ ਤੌਰ 'ਤੇ ਨਿਰਧਾਰਤ ਕਰਨੀਆਂ ਪੈਣਗੀਆਂ। ਜੇਕਰ ਕੋਈ ਤੁਹਾਡੇ ਨਾਲ ਵਾਰ-ਵਾਰ ਧੋਖਾ ਕਰਦਾ ਹੈ, ਤਾਂ ਤੁਹਾਨੂੰ ਉਸ ਦੇ ਨਾਲ ਰਹਿਣ ਤੋਂ ਬਚਣ ਦੀ ਲੋੜ ਹੈ। ਤੁਹਾਨੂੰ ਅਜਿਹੇ ਲੋਕਾਂ ਨੂੰ ਆਪਣੀ ਜ਼ਿੰਦਗੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਭਾਵੇਂ ਉਹ ਤੁਹਾਡੇ ਕਿੰਨੇ ਵੀ ਨੇੜੇ ਕਿਉਂ ਨਾ ਹੋਣ। ਜੇਕਰ ਤੁਸੀਂ ਅਜਿਹਾ ਨਹੀਂ ਕਰ ਪਾ ਰਹੇ ਹੋ ਤਾਂ ਤਿਆਰ ਰਹੋ ਕਿ ਭਵਿੱਖ ਵਿੱਚ ਤੁਹਾਡੇ ਨਾਲ ਦੁਬਾਰਾ ਧੋਖਾ ਹੋਵੇਗਾ।

**ਹਮਦਰਦੀ ਦਿਖਾਓ**

ਤੁਹਾਡੇ ਲਈ ਧੋਖਾਧੜੀ ਕਰਨ ਵਾਲੇ ਲੋਕਾਂ ਨਾਲ ਹਮਦਰਦੀ ਕਰਨਾ ਮੁਸ਼ਕਲ ਹੋ ਸਕਦਾ ਹੈ, ਪਰ ਇਹ ਤੁਹਾਨੂੰ ਬਿਹਤਰ ਬਣਾਉਂਦਾ ਹੈ। ਕੁਝ ਧੋਖੇਬਾਜ਼ ਲੋਕ ਆਦਤਨ ਧੋਖੇਬਾਜ਼ ਨਹੀਂ ਹੁੰਦੇ ਅਤੇ ਤੁਹਾਡੇ ਦੁਆਰਾ ਦਿਖਾਈ ਗਈ ਹਮਦਰਦੀ ਉਨ੍ਹਾਂ ਵਿੱਚ ਵੀ ਤਬਦੀਲੀ ਲਿਆਉਂਦੀ ਹੈ। ਹਾਲਾਂ ਕਿ ਇੱਕ ਆਮ ਵਿਅਕਤੀ ਲਈ ਅਜਿਹਾ ਕਰਨਾ ਬਹੁਤ ਮੁਸ਼ਕਲ ਹੈ, ਤੁਹਾਨੂੰ ਇਹ ਸਮਝਣਾ ਹੋਵੇਗਾ ਕਿ ਉਹ ਸ਼ਾਇਦ ਕਿਸੇ ਕਾਰਨ ਕਰਕੇ ਅਜਿਹਾ ਕਰ ਰਹੇ ਹਨ ਅਤੇ ਤੁਹਾਨੂੰ ਉਨ੍ਹਾਂ ਦੀ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਰਿਸ਼ਤੇ ਛੱਡ ਦਿਓ**

ਧੋਖਾਧੜੀ ਕਰਨ ਵਾਲੇ ਲੋਕਾਂ ਨਾਲ ਨਜਿੱਠਣ ਵੇਲੇ ਤੁਹਾਨੂੰ ਸਖ਼ਤ ਰਵੱਈਆ ਅਪਣਾਉਣਾ ਚਾਹੀਦਾ ਹੈ। ਜੇਕਰ ਹਮਦਰਦੀ ਕੰਮ ਨਹੀਂ ਆਉਂਦੀ ਤਾਂ ਸਖ਼ਤੀ ਅਪਣਾਉਣੀ ਪੈਂਦੀ ਹੈ। ਸਖ਼ਤੀ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਅਜਿਹੇ ਲੋਕਾਂ ਨਾਲ ਬਿਨਾਂ ਕੁਝ ਕਹੇ ਸਾਰੇ ਰਿਸ਼ਤੇ ਛੱਡ ਦਿਓ ਅਤੇ ਇਨ੍ਹਾਂ ਲੋਕਾਂ ਨੂੰ ਆਪਣੀ ਜ਼ਿੰਦਗੀ ਤੋਂ ਹਮੇਸ਼ਾ ਲਈ ਦੂਰ ਕਰ ਦਿਓ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਿੰਘ ਸਭਾ ਲਹਿਰ



> ਸੰਨ 1883 ਵਿੱਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਬਣਾ ਦਿੱਤਾ ਗਿਆ। ਭਾਵੇਂ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ, ਪਰ ਸਿੱਖ ਪੰਥ ਵਿੱਚ ਨਵਾਂ ਜੋਸ਼ਾ ਅਤੇ ਮਰਿਆਦਾ ਕਾਇਮ ਕਰਨ ਵਿੱਚ ਜੋ ਹੁਲਾਗ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

29 ਮਾਰਚ, 1849 ਨੂੰ ਪੰਜਾਬ ’ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਦਾ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘੱਟਣ ਲੱਗੀ। ਧਾਰਮਿਕ ਕਦਰਾਂ ਕੀਮਤਾਂ ਦਾ ਪਤਨ ਹੋਣ ਲੱਗਿਆ। ਸਿੱਖ ਮਰਯਾਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵੱਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਅਤੇ ਮਹੰਤਾਂ ਨੂੰ ਅੰਗਰੇਜੀ ਸ਼ਹਿ ਸੀ। ਜੋ ਗੁਰਧਾਹਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ। ਸੰਗਤਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਸਿੰਘ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ ਪਰ ਗੁਰੂ ਡੰਮ ਦਾ ਜੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿੱਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿੰਨ੍ਹਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਲੋਕਾਂ ਨੂੰ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹਤਿਆ ਦੀ ਵਿਰੋਧੀ ਸੀ। ਜਨਵਰੀ 14-15-1872 ਨੂੰ ਮਾਲੇਰ ਕੋਟਲਾ ਵਿੱਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉੱਡਾ ਦਿੱਤੇ ਕੁਝ ਕੁ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ। ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ, ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ ਲਏ। ਹਿੰਦੂ ਅਤੇ ਮੁਸਲਮਾਨ ਵੀ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾਉਣ ਲੱਗੇ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਅਤੇ ਸੰਤੋਖ ਸਿੰਘ ਨੇ ਇਸਾਈ ਬਨਣ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਹਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜ ਦੇ ਆਗੂਆਂ ਪੰਡਿਤ ਸ਼ਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖ ਰਾਜ ਅ ਾਦਿ ਨੇ ਅੰਗਰੇਜ਼ੀ ਸ਼ਹਿ ’ਤੇ ਸਿੱਖ ਧਰਮ ਦੇ ਖ਼ਿਲਾਫ਼ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ ਅਤੇ ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 1 ਅਕਤੂਬਰ 1873 ਨੂੰ ਮੰਜੀ ਸਾਹਿਬ ਅੰਮ੍ਰਿਤਸਰ ਵਿੱਚ ਭਾਰੀ ਇੱਕਠ ਹੋਇਆ। ਗੁਰਦੁਆਰਿਆ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸਰਦਾਰ ਅਮਰ ਸਿੰਘ ਮੀਤ ਪ੍ਰਧਾਨ, ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ ਖਜ਼ਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿੱਚ ਜੋ ਕੁਰੀਤੀਆਂ ਆ ਗਈਆਂ ਹਨ, ਉਹਨਾਂ ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਤੇ ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ, ਸਿੱਖ ਆਗੂਆਂ ਦੀ ਵੀ ਸਭਾ ਵਿੱਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ ’ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ ਪਰ ਇਸਦੇ ਮੋਢੀ ਆਗੂਆਂ ਵਿੱਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿੱਚ ਵਿਸ਼ਵਾਸ ਰੱਖਦੇ ਸਨ। ਸਰਦਾਰ ਠਾਕੁਰ ਸਿੰਘ, ਗਰਮ ਖਿਆਲੀਏ, ਅਤੇ ਅੰਗਰੇਜ਼ ਸਰਕਾਰ ਦੇ ਡੇਗਣ ਦਾ ਜੋਸ਼ ਸੀ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁੱਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿੱਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਿਆ। ਸਭਾ ਦਾ ਕੰਮ ਵੀ ਨਾ ਮਾਤਰ ਜਿਹਾ ਹੋ ਗਿਆ।

ਆਪਣੀ ਸੂਝ ਅਤੇ ਲਗਨ ਨਾਲ ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1876 ਵਿੱਚ ਸਭਾ ਵਿੱਚ ਨਵੀਂ ਜਾਨ ਪਾ ਦਿੱਤੀ। ਆਪਣੇ ਕਾਲਜ਼ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ ਸਿੱਖ ਧਰਮ ਦੀ ਵਿਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰਤੀਆਂ ਨੂੰ ਦੂਰ ਕਰਨਾ, ਸਿੱਖੀ ਤੋਂ ਦੂਰ ਜਾ ਕੇ ਜਿਉਣ ਵਾਲਿਆਂ ਨੂੰ ਮੋੜ ਲਿਆਉਣ, ਸਿੱਖ ਧਰਮ ਦੇ ਵੱਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ, ਪੰਜਾਬੀ ਬੋਲੀ ਵਿੱਚ ਅਖ਼ਬਾਰ ਤੇ ਰਸਾਲੇ ਛਾਪਣਾ, ਵਿਦਿਅਕ ਅਦਾਰੇ ਦੇ ਸਰਕਾਰੀ ਅਫ਼ਸਰਾਂ ਨੂੰ ਸਭਾ ਨਾਲ ਜੋੜਨਾ, ਸਿੱਖਾਂ ਨੂੰ ਅਧਿਆਤਮਕ , ਸਮਾਜਿਕ ਅਤੇ ਵਿਵਹਾਰਕ ਵਿਦਿਆ ਦੇ ਕੇ ਹਰ ਪੱਖ ਤੋਂ ਜਾਗ੍ਰਿਤ ਕਰਨਾ, ਹਕੂਮਤ ਨਾਲ ਟਕਰਾਓ ਦੀ ਥਾਂ ’ਤੇ ਮਿਲ ਕੇ ਚੱਲਣਾ। ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿੱਚ ਪੰਜਾਬ ਯੂਨੀਵਰਸਿਟੀ ਉਰੀਐਂਟਲ ਕਾਲਜ ਖੁੱਲਾ, ਡਾ. ਲਾਇਟਨਰ ਭਾਈ ਆਇਆ ਸਿੰਘ ਅਤੇ ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਕਰਕੇ 1877 ਵਿੱਚ ਕਾਲਜ ਵਿੱਚ ਪੰਜਾਬੀ ਪੜਾਈ ਜਾਣ ਲੱਗੀ। ਭਾਈ ਗੁਰਮੁੱਖ ਸਿੰਘ ਪ੍ਰੋਫੈਸਰ ਲੱਗੇ। ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂੰ ਕਰਵਾਇਆ। ਸਿੱਖ ਧਰਮ ਲਈ ਉਤਸ਼ਾਹਿਤ ਕੀਤਾ, ਧਾਰਮਿਕ ਵਿਸ਼ੇ ’ਤੇ ਪੁਸਤਕਾਂ ਵੀ ਲਿਖੀਆਂ, ਹੋਰ ਪ੍ਰਾਪਤੀਆਂ ਵਿੱਚ ਪੱਤਰਕਾਰੀ ਵਿੱਚ ਕੰਮ ਕੀਤਾ ਤੇ ਸੰਨ 1880 ਵਿੱਚ ਗੁਰਮੁੱਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ। ਵਿਦਿਅਕ ਪੰਜਾਬ ਵਿੱਚ ਵਿਦਿਆ ਦਾ ਪ੍ਰਚਾਰ ਹੋਇਆ। ਸੰਨ 1885 ਵਿੱਚ ਖ਼ਾਲਸਾ ਅਖ਼ਬਾਰ ਸ਼ੁਰੂ ਕੀਤਾ, ਸੰਨ 1886 ਵਿੱਚ ਰਸਾਲਾ ਸੁਧਾਰਕ ਰਾਹੀਂ ਗੁਰਮਤਿ ਪ੍ਰਚਾਰ ਹੋਇਆ, ਸੰਨ 1886 ਵਿੱਚ ਹੀ ਖ਼ਾਲਸਾ ਗਜ਼ਟ ਵਿੱਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ। ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਿਆ। ਮੰਜੀ ਸਾਹਿਬ ਦਰਬਾਰ ਵਿੱਚ ਇੱਕਤਰਤਾਵਾਂ ਹੋਣ ਲੱਗੀਆਂ, ਸਿੱਖ ਧਰਮ ਦੀ ਇਤਿਹਾਸਕ ਖੋਜ਼ ਲਈ ਵਿਦਵਾਨ , ਦੂਰ ਦੂਰ ਤੋਂ ਅੰਮ੍ਰਿਤਸਰ ਇੱਕਠੇ ਹੋਣ ਲੱਗੇ। ਥੋੜੇ ਸਮੇਂ ਵਿੱਚ ਹੀ ਖੋਜ਼ ਪੱਤਰ ਛੱਪਣ ਲੱਗੇ। ਕਿਤਾਬਚੇ ਛੱਪਣ ਲੱਗੇ ਤੇ ਪੁਸਤਕਾਂ ਲਿਖੀਆਂ ਗਈਆਂ। ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਨਾਲ ਸਰਦਾਰ ਠਾਕੁਰ ਸਿੰਘ ਸੰਧਾਵਾਲੀਆਂ ਅਤੇ ਕੰਵਰ ਬਿਕਰਮ ਸਿੰਘ ਜੀ ਨੇ ਇੱਕਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ। ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ। ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1879 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਨਵੰਬਰ 12-1879 ਈ. ਨੂੰ ਇੱਕ ਇੱਕਤਰਤਾ ਗੁਰਦੁਆਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ ਵਿਖੇ ਹੋਈ। ਜਿਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਸਭਾ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1880 ਵਿੱਚ ਲਾ ਹੌਰ ਤੋਂ ਸਪਤਾਹਿਕ ਗੁਰਮੁੱਖੀ ਅਖ਼ਬਾਰ ਆਰੰਭ ਕੀਤਾ। ਜਿਸ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ ਵਿੱਚ ਜਾਣ ਲੱਗਿਆ। ਭਾਈ ਗੁਰਮੁੱਖ ਸਿੰਘ ਜੀ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ, ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿੱਚ ਜਿਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਿੰਘ ਸਭਾਵਾਂ ਬਣਨ ਲੱਗੀਆਂ। ਉਹ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ। ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇੱਕ ਹੀ ਸੀ, ਪਰ ਫਿਰ ਵੀ ਮੋਢੀਆਂ ਵਿੱਚ ਮਤਭੇਦ ਪੈਦਾ ਹੋ ਗਿਆ। ਫਿਰ ਵੱਖ ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1880 ਵਿੱਚ ਜਿਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੇ ਸੁਧਾਰ ਸੰਭਾਲ ਲਈ ਪੁਜਾਰੀਆਂ ਦਾ ਵੀ ਸੁਧਾਰ ਕਰਨਾ ਸੀ। ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਾਹੌਰ ਨੇ ਧਰਮ ਵੱਲ ਵਿਸ਼ੇਸ਼ ਧਿਆਨ ਦਿੱਤਾ ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿੱਚ ਬਹੁਗਿਣਤੀ ਪੁਜਾਰੀਆਂ ਸੋਢੀਆਂ, ਬੇਦੀ ਬਾਣਿਆਂ ਦੀ ਸੀ। ਜੋ ਇਸਦੇ ਵਿਰੋਧੀ ਸਨ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇੱਕ ਵਾਰੀ ਸਾਂਝੀ ਸਭਾ ਕਾਇਮ ਕੀਤੀ ਗਈ, ਜਿਸਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦ ੇਹੇਠ ਪੰਜਾਬੀ ਪ੍ਰਚਾਰਨੀ ਸਭਾ ਬਣਾਈ ਗਈ। ਜਿਸ ਵਿੱਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸਰਦਾਰ ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਾਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁੱਖ ਸਿੰਘ ਜੀ ਨਾਲ ਆਣ ਰਲੇ। ਜਿੰਨ੍ਹਾਂ ਨੇ ਸਭਾਂ ਦੀ ਉੱਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ, ਪਰ ਸਮੱਸਿਆ ਫਿਰ ਵੀ ਹਲ ਨਾ ਹੋਈ। ਸੰਨ 1883 ਵਿੱਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਬਣਾ ਦਿੱਤਾ ਗਿਆ। ਭਾਵੇਂ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ, ਪਰ ਸਿੱਖ ਪੰਥ ਵਿੱਚ ਨਵਾਂ ਜੋਸ਼ਾ ਅਤੇ ਮਰਿਆਦਾ ਕਾਇਮ ਕਰਨ ਵਿੱਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਸ ਜਾਰੀ ਸਫ਼ਰ ਵਿੱਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜਿਲ ਤਕ ਅੱਪੜੇ। ਜਿਵੇਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ ਬਾਅਦ ਖ਼ਾਲਸਾ ਦੀਵਾਨ ਲਾਹੌਰ, ਚੀਫ਼ ਖਾਲਸਾ ਦੀਵਾਨ , ਅਕਾਲੀ ਲਹਿਰ ਤੇ ਗੁਰਧਾਮਾਂ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਖ਼ੂਨੀ ਸਾਕੇ ਵਾਪਰੇ। ਅਣ ਮਨੁੱਖੀ ਤਸ਼ਦਦ ਸਹੇ। ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿੱਚ ਕਾਇਮ ਰਖਿਆ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਆ ਗਿਆ। ਇਹ ਇੱਕ ਲੰਬਾ ਇਤਿਹਾਸ ਵਾਚਣਯੋਗ ਹੈ।



# ਖੇਤੀ ਖੋਜ ਕੇਂਦਰ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਨਾ ਕਰੇ ਸਰਕਾਰ



ਡਾ. ਅਮਨਪ੍ਰੀਤ ਸਿੰਘ ਬਰਾੜ



ਹਾਲ ਹੀ ਵਿੱਚ ਖ਼ਬਰ ਮਿਲਦੀ ਹੈ ਕਿ ਸਾਡੇ ਦੇਸ਼ ਦੀ ਖੇਤੀ ਖੋਜ ਦੀ ਸਰਬੋਤਮ ਸੰਸਥਾ (ਆਈ.ਸੀ.ਏ.ਆਰ.) ਅੱਗੋਂ ਤੋਂ ਪ੍ਰਾਈਵੇਟ ਕੰਪਨੀਆਂ ਨਾਲ ਮਿਲ ਕੇ ਖੋਜ ਕਰੇਗੀ। ਕੌਮੀ ਪੱਧਰ ਦੀ ਇਹ ਖੋਜ ਸੰਸਥਾ ਆਪ ਹੀ ਹਰ ਫ਼ਸਲ, ਹਰ ਪਸ਼ੂ ਅਤੇ ਜਾਨਵਰ 'ਤੇ ਖੋਜ ਕਰਨ ਲਈ ਪੂਰੀ ਤਰ੍ਹਾਂ ਨਿਪੁੰਨ ਹੈ ਅਤੇ ਹਰ ਫ਼ਸਲ ਅਤੇ ਪਸ਼ੂਆਂ ਦੇ ਵੱਖਰੇ-ਵੱਖਰੇ ਇੰਸਟੀਚਿਊਟ ਹਨ। ਆਈ.ਸੀ.ਏ.ਆਰ. ਨਾਲ 113 ਖੋਜ ਕੇਂਦਰ ਫ਼ਸਲ ਅਤੇ 71 ਯੂਨੀਵਰਸਿਟੀਆਂ ਜੁੜੀਆਂ ਹਨ, ਜਿਹੜੀਆਂ ਵਿਸ਼ਵ ਪੱਧਰ 'ਤੇ ਨਾਂਅ ਕਮਾ ਚੁੱਕੀਆਂ ਹਨ। ਇਸ ਸੰਸਥਾ ਦੇ ਸੰਚਾਲਕ ਮੁਤਾਬਿਕ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਇਹ ਸੰਸਥਾ ਪ੍ਰਾਈਵੇਟ ਅਦਾਰਿਆਂ ਨਾਲ ਮਿਲ ਕੇ ਕੰਮ ਕਰੇਗੀ। ਇਸ ਦਾ ਮਤਲਬ ਕਿ ਜੋ ਕੋਈ ਬੀਜ ਦੀ ਖੋਜ ਜਾਂ ਹੋਰ ਖੋਜ ਹੋ ਰਹੀ ਹੈ ਜਾਂ ਜੋ ਕੋਈ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ, ਉਸ 'ਚ ਪ੍ਰਾਈਵੇਟ ਅਦਾਰੇ ਥੋੜ੍ਹੇ ਪੈਸੇ ਪਾ ਕੇ ਆਪਣਾ ਹਿੱਸਾ ਪਾ ਲੈਣਗੇ। ਭਾਵ ਜੋ ਇਨਫਰਾਸਟਰਕਚਰ (ਬੁਨਿਆਦੀ ਢਾਂਚਾ) ਲੋਕਾਂ ਦੇ ਪੈਸੇ ਤੋਂ ਬਣਿਆ ਹੈ ਉਹ ਪ੍ਰਾਈਵੇਟ ਕੰਪਨੀਆਂ ਦੇ ਸਾਇੰਸਦਾਨ ਵਰਤ ਕੇ ਕੀਤੀ ਖੋਜ ਦੀ ਰਾਇਲਟੀ ਦੇ ਹੱਕਦਾਰ ਹੋ ਜਾਣਗੇ। ਹੋ ਸਕਦਾ ਹੈ ਕੁਝ ਸਾਲਾਂ ਬਾਅਦ ਸਰਕਾਰ ਇਨ੍ਹਾਂ ਸੰਸਥਾਵਾਂ ਨੂੰ ਹੀ ਕੰਪਨੀਆਂ ਦੇ ਹਵਾਲੇ ਕਰ ਦੇਵੇ, ਜਿਵੇਂ ਬਾਕੀ ਖੇਤਰਾਂ 'ਚ ਕੀਤਾ ਜਾ ਰਿਹਾ ਹੈ।

ਇਸ ਦਾ ਪਿਛੋਕੜ ਦੇਖੀਏ ਤਾਂ ਇਹ ਸਿਲਸਿਲਾ 2008 ਤੋਂ ਸ਼ੁਰੂ ਹੋਇਆ ਸੀ। 2008 ਵਿੱਚ ਵਿਸ਼ਵ ਬੈਂਕ ਨੇ ਚਿੱਠੀ ਲਿਖੀ ਸੀ ਕਿ ਭਾਰਤ ਦੇ ਕਿਸਾਨ ਖੇਤੀ ਵਿੱਚ ਕੁਸ਼ਲ ਨਹੀਂ ਹਨ ਅਤੇ ਜ਼ਮੀਨ ਇੱਕ ਉਪਜਾਊ ਸਰੋਤ ਹੋਣ ਕਰਕੇ ਇਸ ਨੂੰ ਅਕੁਸ਼ਲ ਹੱਥਾਂ ਵਿੱਚ ਨਹੀਂ ਛੱਡਿਆ ਜਾ ਸਕਦਾ। ਕਿਸਾਨਾਂ ਨੇ ਪੈਦਾਵਾਰ ਦੇ ਰਿਕਾਰਡ ਤੋੜੇ ਤਾਂ ਹੀ ਤਾਂ ਦੇਸ਼ ਖ਼ੁਰਾਕ ਵਿੱਚ ਆਤਮ ਨਿਰਭਰਤਾ ਤੋਂ ਅੱਗੇ ਵਧ ਕੇ ਦੂਜੇ ਦੇਸ਼ਾਂ ਨੂੰ ਨਿਰਯਾਤ ਕਰਨ ਤੱਕ ਪਹੁੰਚਿਆ ਹੈ। ਪਰ ਵਿਸ਼ਵ ਬੈਂਕ ਸਾਡੇ ਕਿਸਾਨਾਂ ਨੂੰ ਅਕੁਸ਼ਲ ਦੱਸਦਾ ਹੈ।

ਸਾਲ 2023 ਦੇ ਫਰਵਰੀ ਮਹੀਨੇ ਵਿੱਚ ਬਿੱਲ ਗੇਟਸ ਨੇ ਆਈ.ਏ.ਆਰ.ਆਈ. ਜਿਸ ਨੂੰ ਪੂਸਾ ਇੰਸਟੀਚਿਊਟ ਵੀ ਕਿਹਾ ਜਾਂਦਾ ਹੈ, ਵਿਖੇ ਉਹ ਦਿੱਲੀ ਵਿੱਚ ਗੇੜਾ ਮਾਰਿਆ ਅਤੇ ਉਨ੍ਹਾਂ ਨੇ ਇੱਛਾ ਜ਼ਾਹਰ ਕੀਤੀ ਕਿ ਉਹ ਸਾਡੇ ਰਾਸ਼ਟਰੀ ਪ੍ਰੋਗਰਾਮ ਵਿੱਚ ਯੋਗਦਾਨ ਪਾਉਣਾ ਚਾਹੁੰਦੇ ਹਨ। ਕਹਾਣੀ ਇਸ ਤਰ੍ਹਾਂ ਬਣਾਈ ਕਿ ਮੌਸਮ ਦੇ ਬਦਲੇ ਮਿਜ਼ਾਜ ਵਾਂਗ ਵੱਧ ਗਰਮੀ ਸਹਾਰਨ ਵਾਲੀਆਂ ਫ਼ਸਲਾਂ ਦੇ ਬੀਜ ਤਿਆਰ ਕੀਤੇ ਜਾਣ। ਇਸ ਦੇ ਨਾਲ ਹੀ ਉਹ ਪਾਣੀ ਅਤੇ ਵਾਤਾਵਰਨ ਨੂੰ ਬਚਾਉਣ ਵਿੱਚ ਵੀ ਯੋਗਦਾਨ ਪਾਉਣਾ ਚਾਹੁੰਦੇ ਹਨ।

ਅਸਲ ਵਿੱਚ ਸਾਰੇ ਕਾਰਪੋਰੇਟ ਚਾਹੇ ਉਹ ਸਾਡੇ ਹੋਣ ਜਾਂ ਬਾਹਰਲੇ ਉਹ ਸਾਡੀ ਖੇਤੀ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਨਵੇਂ ਖੇਤੀ ਕਾਨੂੰਨ ਜੋ ਹੁਣ ਰੱਦ ਹਨ, ਇਨ੍ਹਾਂ ਕੋਸ਼ਿਸ਼ਾਂ ਦੀ ਦੇਣ ਸਨ, ਹੁਣ ਇਹ ਵਲ ਭੰਨ ਕੇ ਦੁਬਾਰਾ ਹੰਭਲਾ ਮਾਰ ਰਹੇ ਹਨ। ਮਾਰਕਿਟਿੰਗ, ਪਸਾਰ ਤਾਂ ਪਹਿਲਾਂ ਹੀ ਇਨ੍ਹਾਂ ਦੇ ਹੱਥ ਵਿੱਚ ਜਾ ਚੁੱਕਾ ਹੈ। ਇਸ ਤੋਂ ਹਿਸਾਬ ਲੱਗਦਾ ਹੈ ਕਿ ਰੋਟੀ ਹਰ ਇੱਕ ਦੀ ਜ਼ਰੂਰਤ ਹੈ ਅਤੇ ਕਿਉਂ ਨਾ ਇਕੱਲੀ ਇਸ ਦੀ ਮਾਰਕਿਟਿੰਗ ਦੀ ਬਜਾਏ ਇਸ ਦੀ ਪੈਦਾਵਾਰ ਨੂੰ ਹੀ ਕੰਟਰੋਲ ਕਰ ਲਿਆ ਜਾਵੇ ਤਾਂ ਇਸ ਨਾਲ ਦੇਸ਼ 'ਤੇ ਹੀ ਹਕੂਮਤ ਹੋ ਜਾਵੇਗੀ। ਇਸ ਨੂੰ ਸਮਝਣ ਲਈ ਥੋੜ੍ਹਾ ਪਿੱਛੇ ਜਾਣਾ ਬਣਦਾ ਹੈ। ਇਸ ਸਾਰੀ ਵਾਰਤਾ ਵਿੱਚ ਖੋਜ ਖ਼ਾਸ ਕਰਕੇ ਬੀਜਾਂ ਦੀ ਖੋਜ ਨੂੰ ਪੇਟੈਂਟ ਕੀਤਾ ਜਾਊਗਾ। ਇਹ ਇੱਕ ਖ਼ਤਰਨਾਕ ਕਦਮ ਹੋ ਸਕਦਾ ਹੈ, ਕਿਸਾਨਾਂ ਲਈ ਜਿਸ ਤਰ੍ਹਾਂ ਦੁਨੀਆ ਭਰ ਵਿੱਚ ਹੋਇਆ ਹੈ।

ਅੰਤਰਰਾਸ਼ਟਰੀ ਪੱਧਰ 'ਤੇ : ਅਸਲ ਵਿੱਚ ਜਦੋਂ ਤੱਕ ਗੈਟ ਰਿਹਾ, ਉਸ ਵਿਚੋਂ ਖੇਤੀ (ਭੋਜਨ) ਅਤੇ ਸਿਹਤ ਨੂੰ ਬਾਹਰ ਰੱਖਿਆ ਗਿਆ ਪਰ ਇਹ ਗੱਲ ਵਿਕਸਤ ਦੇਸ਼ਾਂ ਨੂੰ ਮਨਜ਼ੂਰ ਨਹੀਂ ਹੋਈ, ਉਨ੍ਹਾਂ ਨੇ ਆਪਣੇ ਪਲਾਂਟ ਬਰੀਡਰਾਂ ਦੀ ਖੋਜ ਨੂੰ ਇੰਟਲੈਕਚੂਅਲ ਪ੍ਰਾਪਰਟੀ ਰਾਈਟ ਹੇਠ ਲਿਆ ਕੇ ਆਪਣੇ ਹਿਸਾਬ ਨਾਲ ਸੂਈ-ਜੈਨਰਿਸ ਦੇ ਤਹਿਤ ਪੇਟੈਂਟ ਕਰਨਾ ਸ਼ੁਰੂ ਕਰ ਦਿੱਤਾ। ਇਸ ਨੂੰ 1961 ਵਿੱਚ ਮੋਡੀਫਾਈ ਕਰ ਕੇ ਇੰਟਰਨੈਸ਼ਨਲ ਯੂਨੀਅਨ ਫਾਰ ਦੀ ਪ੍ਰੋਟੈਕਸ਼ਨ ਆਫ਼ ਨਿਊ ਵੈਰਾਈਟੀਜ਼ ਆਫ਼ ਪਲਾਂਟ ਬਣਾ ਦਿੱਤੀ। ਸਾਲ 1978 ਵਿੱਚ ਅਮਰੀਕਾ ਨੂੰ ਵੀ ਇਸ ਅਦਾਰੇ ਨਾਲ ਜੁੜਨ ਦੀ ਮਾਨਤਾ ਮਿਲ ਗਈ. ਬਿਨਾਂ ਆਪਣਾ ਕਾਨੂੰਨ ਬਦਲੇ।

1978 ਵਿੱਚ ਯੂ.ਪੀ.ਓ.ਵੀ. ਦੀ ਕਨਵੈਨਸ਼ਨ ਵਿੱਚ ਪਲਾਂਟ ਬਰੀਡਰ ਦੀ ਤਕਰੀਬਨ ਮੋਨੋਪੋਲੀ (ਏਕਾਧਿਕਾਰ) ਹੋ ਗਈ। ਪਰ ਇਸ ਵੇਲੇ ਟਰੀਪਸ (ਟਰੇਡ ਰਿਲੇਟਡ ਇੰਟਲਐਕਚੂਅਲ ਪ੍ਰਾਪਰਟੀ ਰਾਈਟਸ ਭਾਵ ਵਪਾਰ ਸੰਬੰਧੀ ਬੌਧਿਕ ਸੰਪਤੀ ਦੇ ਅਧਿਕਾਰ) ਨੇ ਦੋ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ। ਪਹਿਲਾਂ ਹੋਰ ਪਲਾਂਟ ਬਰੀਡਰ ਜਿਨ੍ਹਾਂ ਉਸ ਨੂੰ ਵਰਤ ਕੇ ਹੋਰ ਵਰਾਇਟੀ ਤਿਆਰ ਕਰਨੀ ਹੈ। ਦੂਜਾ ਕਿਸਾਨ ਭਾਵ ਕਿਸਾਨ ਆਪਣੀ ਉਸ ਖ਼ਰੀਦੇ ਬੀਜ ਵਿਚੋਂ ਅਗਾਂਹ ਲਈ ਬੀਜ ਰੱਖ ਸਕਦਾ ਹੈ। 1991 ਵਿੱਚ ਇਸ ਨੂੰ ਦੁਬਾਰਾ ਬਦਲਿਆ ਜਿਸ ਤਹਿਤ ਪਲਾਂਟ ਬਰੀਡਰ ਨੂੰ ਹੋਰ ਪ੍ਰੋਟੈਕਸ਼ਨ ਦਿੱਤੀ, ਜਿਸ ਤਹਿਤ ਉਨ੍ਹਾਂ ਦਾ ਪੂਰਾ ਏਕਾਧਿਕਾਰ ਹੋ ਗਿਆ। ਇਸ ਤਹਿਤ ਜੇ ਕਿਸੇ ਹੋਰ ਬਰੀਡਰ ਨੇ ਇਸ ਨੂੰ ਵਰਤਣਾ ਹੈ ਤਾਂ ਉਸ ਨੂੰ ਪਲਾਂਟ ਬਰੀਡਰ ਰਾਈਟ ਹੋਲਡਰ (ਪੀ.ਬੀ.ਆਰ.) ਤਹਿਤ ਰਾਇਲਟੀ ਦੇਣੀ ਹੋਵੇਗੀ, ਜੇ ਉਸ ਨਵੀਂ ਵਰਾਇਟੀ ਵਿੱਚ ਕੋਈ ਵੀ ਟਰੇਟ/ਗੁਣ ਪੁਰਾਣੀ ਦਾ ਹੈ। ਇਸ ਤਰ੍ਹਾਂ ਕਿਸਾਨ ਵੀ ਹੁਣ ਆਪਣੀ ਪੈਦਾਵਾਰ ਅਗਲੇ ਸਾਲ ਲਈ ਨਹੀਂ ਵਰਤ ਸਕਣਗੇ। ਜੇ ਉਨ੍ਹਾਂ ਨੇ ਵਰਤਣੀ ਹੈ ਤਾਂ ਉਨ੍ਹਾਂ ਨੂੰ ਵੀ ਕੰਪਨਸੇਸ਼ਨ ਦੇਣੀ ਪਊਗੀ ਜਾਂ ਬਰੀਡਰ ਤੋਂ ਮਨਜ਼ੂਰੀ ਲੈਣੀ ਪਵੇਗੀ।

ਇਸ ਨੂੰ ਡਬਲਿਊ.ਟੀ.ਓ. ਬਣਨ ਵੇਲੇ ਡੰਕਲ ਦੀ ਫਾਈਨਲ ਰਾਊਂਡ ਵਿੱਚ ਮਾਨਤਾ ਦਿੱਤੀ ਗਈ ਸੀ। ਇਸ ਨੂੰ ਲਾਗੂ ਕਰਨ ਨੂੰ ਦਸ ਸਾਲ ਦਿੱਤੇ ਗਏ ਸਨ। ਇਸ ਨੂੰ ਲਾਗੂ ਨਾ ਕਰਨ ਵਿੱਚ, ਉਸ ਵੇਲੇ ਦੀਆਂ ਭਾਰਤੀ ਸਰਕਾਰਾਂ ਹਮੇਸ਼ਾ ਹੀ ਡਬਲਿਊ.ਟੀ.ਓ. ਦੇ ਨਿਸ਼ਾਨੇ 'ਤੇ ਰਹਿੰਦੀਆਂ ਰਹੀਆਂ।

ਇਹ ਹਾਲਾਤ ਸਾਨੂੰ ਕੁਝ ਵਿਕਸਤ ਦੇਸ਼ਾਂ ਵਿੱਚ ਦੇਖਣ ਨੂੰ ਮਿਲਦੇ ਹਨ। ਇਸ ਦਾ ਅਸਰ ਸਭ ਤੋਂ ਪਹਿਲਾਂ ਯੂਨਾਈਟਿਡ ਕਿੰਗਡਮ ਅਤੇ ਯੂਰਪੀਅਨ ਯੂਨੀਅਨ ਜਦੋਂ ਬ੍ਰਿਟਿਸ਼ ਸੁਸਾਇਟੀ ਫਾਰ ਪਲਾਂਟ ਪ੍ਰੋਟੈਕਸ਼ਨ ਨੇ 1995 ਵਿੱਚ ਸਕਾਟਲੈਂਡ ਦੇ ਕਿਸਾਨਾਂ 'ਤੇ ਅਦਾਲਤ ਵਿੱਚ ਉੱਚ ਪੱਧਰ ਦਾ ਕੇਸ ਕੀਤਾ ਕਿ ਇਹ ਕਿਸਾਨ ਦੂਜੇ ਕਿਸਾਨਾਂ ਨੂੰ ਆਲੂਆਂ ਦਾ ਬੀਜ ਵੇਚ ਰਹੇ ਹਨ। ਇਸ ਦੋਸ਼ ਵਿੱਚ ਅਦਾਲਤ ਵਲੋਂ ਕਿਸਾਨਾਂ ਨੂੰ 30000 ਪੌਂਡ ਜੁਰਮਾਨਾ ਕੀਤਾ ਤਾਂ ਜੋ ਘਾਟਾ ਸੀਡ (ਬੀਜ) ਕੰਪਨੀਆਂ ਨੂੰ ਪਿਆ ਹੈ, ਉਹ ਪੂਰਾ ਕੀਤਾ ਜਾ ਸਕੇ। ਇਸ ਤਰ੍ਹਾਂ ਦਾ ਕੇਸ ਅਮਰੀਕਾ ਵਿੱਚ ਐਸਗਰੋ ਸੀਡ ਕੰਪਨੀ ਨੇ ਉਥੋਂ ਦੇ ਕਿਸਾਨ ਡੈਨੀ ਅਤੇ ਉਸ ਦੀ ਪਤਨੀ ਬੈਕੀ ਵਿਨਟਰ ਬੋਇਰ 'ਤੇ ਕੀਤਾ ਸੀ। ਇਹ ਮੁਕੱਦਮਾ ਐਸਗਰੋ ਅਤੇ ਵਿਨਟਰ ਬੋਇਰ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਕੇਸ ਦਾ ਫ਼ੈਸਲਾ 1995 ਵਿੱਚ ਆਇਆ ਸੀ। ਵਿਨਟਰ ਬੋਇਰ ਨੇ ਐਸਗਰੋ ਕੰਪਨੀ ਤੋਂ ਸੋਇਆਬੀਨ ਦਾ ਬੀਜ ਖ਼ਰੀਦਿਆ ਸੀ ਅਤੇ ਅੱਗੋਂ ਬੀਜ ਵਧਾ ਕੇ ਹੋਰ ਕਿਸਾਨਾਂ ਨੂੰ ਵੇਚ ਦਿੱਤਾ। ਕੰਪਨੀ ਦਾ ਤਰਕ ਸੀ ਕਿ ਇਹ ਕਿਸਮ ਪੇਟੈਂਟ ਹੋਈ ਹੈ ਅਤੇ ਕਿਸਾਨ ਅੱਗੋਂ ਬੀਜ ਨਹੀਂ ਵੇਚ ਸਕਦੇ। ਕਿਸਾਨਾਂ ਨੇ ਦਲੀਲ ਦਿੱਤੀ ਕਿ ਬੀਜ ਇਕ ਕਿਸਾਨ ਨੇ (ਵਿਨਟਰ ਬੋਇਰ) ਨੇ ਅੱਗੋਂ ਬੀਜ ਕਿਸਾਨਾਂ ਨੂੰ ਵੇਚਿਆ ਹੈ ਜੋ ਮੁੱਢਲੇ ਤੌਰ 'ਤੇ ਕੰਪਨੀ ਤੋਂ ਖ਼ਰੀਦਿਆ ਗਿਆ ਸੀ। ਇਹ ਕੇਸ ਵਿਨਟਰ ਬੋਇਰ ਦੇ ਹੱਕ ਵਿੱਚ ਹੋ ਗਿਆ ਪਰ ਅੱਗੋਂ ਤੋਂ ਕੰਪਨੀਆਂ ਨੇ ਸਰਕਾਰ ਤੋਂ ਕਾਨੂੰਨ ਹੀ ਬਦਲਵਾ ਦਿੱਤਾ। ਸਰਕਾਰਾਂ ਕਿਤੇ ਵੀ ਹੋਣ ਕਾਰਪੋਰੇਟ ਦੇ ਹੱਕ ਵਿਚ ਹੀ ਭੁਗਤਦੀਆਂ ਹਨ।

ਇਸ ਅੰਤਰਰਾਸ਼ਟਰੀ ਐਕਟ ਨੇ ਤਾਂ ਭਾਰਤ ਦੀ ਹਲਦੀ, ਨਿੰਮ, ਬਾਸਮਤੀ ਵੀ ਨਹੀਂ ਸੀ ਛੱਡੀ। 1995 ਦੇ ਐਕਟ ਹੇਠ ਹਲਦੀ ਨੂੰ ਵੀ ਪੇਟੈਂਟ ਕਰ ਲਿਆ ਗਿਆ, ਨਿੰਮ ਨੂੰ ਪੈਸਟੀਸਾਈਡ ਬਣਾ ਕੇ ਅਮਰੀਕੀ ਕੰਪਨੀ ਨੂੰ ਪੇਟੈਂਟ ਮਿਲ ਗਿਆ। ਸਾਡੀ ਬਾਸਮਤੀ ਨੂੰ 1997 ਵਿੱਚ ਅਮਰੀਕਾ ਦੀ ਰਾਈਸ ਟੈੱਕ ਕੰਪਨੀ ਨੇ ਪੇਟੈਂਟ ਕਰਵਾ ਲਿਆ ਅਤੇ ਉਸ ਨੂੰ ਦੋ ਟਰੇਡ ਮਾਰਕ ਦੇ ਨਾਂਅ 'ਤੇ ਵੇਚਣ ਲੱਗੀ ਟੈੱਕਸਮਤੀ-ਜਿਸ ਨੂੰ ਅਮਰੀਕੀ ਸਟਾਇਲ ਦੇ ਚੌਲ ਕਿਹਾ **(ਬਾਕੀ ਸਫ਼ਾ 31 'ਤੇ)**

# ਪੰਜਾਬ 'ਚ ਐਤਕੀਂ ਹੋ ਸਕਦੀ ਹੈ ਝੋਨੇ ਦੀ ਬੰਪਰ ਫ਼ਸਲ

- ਅੰਕੜਿਆਂ ਦੇ ਆਧਾਰ 'ਤੇ ਸਰਕਾਰ ਨੇ ਲਗਾਇਆ ਅੰਦਾਜ਼ਾ
- ਹੜ੍ਹਾਂ ਦੀ ਮਾਰ ਦੇ ਬਾਵਜੂਦ ਝੋਨੇ ਦੀ ਪੈਦਾਵਾਰ 208 ਲੱਖ ਟਨ ਹੋਣ ਦਾ ਅਨੁਮਾਨ
- ਸਰਕਾਰ ਦੇ ਬੰਪਰ ਫ਼ਸਲ ਦੇ ਅਨੁਮਾਨ 'ਤੇ ਉੱਠੇ ਸਵਾਲ







ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੇ ਲੋਕ ਅਜੇ ਦੋ ਵਾਰ ਆਏ ਹੜ੍ਹਾਂ ਦੀ ਮਾਰ ਨੂੰ ਨਹੀਂ ਭੁੱਲੇ, ਜਿਸ ਕਰਕੇ ਬੱਦਲਵਾਈ ਹੋਣ ਜਾਂ ਹਲਕੀ ਬਰਸਾਤ ਪੈਣ ਦੌਰਾਨ ਵੀ ਵੱਡੀ ਗਿਣਤੀ ਪੰਜਾਬੀਆਂ ਨੂੰ ਚਿੰਤਾ ਹੋ ਜਾਂਦੀ ਹੈ, ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਪੰਜਾਬ ਵਿੱਚ ਇਸ ਵਾਰੀ ਝੋਨੇ ਦੀ ਬੰਪਰ ਫ਼ਸਲ ਹੋਵੇਗੀ ਅਤੇ ਝੋਨੇ ਦਾ ਝਾੜ 208 ਲੱਖ ਟਨ ਰਹਿਣ ਦਾ ਅਨੁਮਾਨ ਹੈ। ਪਹਿਲਾਂ ਸਰਕਾਰ ਨੂੰ ਖ਼ਦਸ਼ਾ ਸੀ ਕਿ ਹੜ੍ਹਾਂ ਕਾਰਨ ਫ਼ਸਲ ਦੀ ਪੈਦਾਵਾਰ 'ਤੇ ਅਸਰ ਪੈ ਸਕਦਾ ਹੈ। ਹੁਣ ਸਰਕਾਰ ਨੂੰ ਜਾਪਦਾ ਹੈ ਕਿ ਫ਼ਸਲੀ ਨੁਕਸਾਨ ਓਨਾ ਨਹੀਂ ਹੋਇਆ ਜਿੰਨਾ ਦਿਖ ਰਿਹਾ ਸੀ।

ਪੰਜਾਬ ਵਿੱਚ ਝੋਨੇ ਹੇਠ ਰਕਬਾ ਐਤਕੀਂ 32 ਲੱਖ ਹੈਕਟੇਅਰ ਹੈ ਜੋ ਪਿਛਲੇ ਵਰ੍ਹੇ ਨਾਲੋਂ ਕਰੀਬ 32 ਹਜ਼ਾਰ ਹੈਕਟੇਅਰ ਜ਼ਿਆਦਾ ਹੈ। ਪਹਿਲਾਂ 9 ਅਤੇ 10 ਜੁਲਾਈ ਨੂੰ ਆਏ ਹੜ੍ਹਾਂ ਕਾਰਨ ਪਟਿਆਲਾ, ਸੰਗਰੂਰ ਅਤੇ ਰੋਪੜ ਜ਼ਿਲ੍ਹਿਆਂ ਵਿੱਚ ਭਾਰੀ ਫ਼ਸਲੀ ਨੁਕਸਾਨ ਹੋਇਆ ਸੀ। ਅਗਸਤ ਵਿੱਚ ਹਿਮਾਚਲ ਪ੍ਰਦੇਸ਼ 'ਚੋਂ ਆਏ ਪਾਣੀ ਕਰ ਕੇ ਗੁਰਦਾਸਪੁਰ, ਕਪੂਰਥਲਾ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਤਰਨ ਤਾਰਨ ਅਤੇ ਜਲੰਧਰ ਜ਼ਿਲ੍ਹਿਆਂ ਨੂੰ ਨੁਕਸਾਨ ਹੋਇਆ ਸੀ।

ਜਦੋਂ ਪੰਜਾਬ ਵਿੱਚ ਕੇਂਦਰੀ ਅੰਤਰ ਮੰਤਰਾਲਾ ਟੀਮ ਨੇ ਤਿੰਨ ਦਿਨਾਂ ਦੌਰਾ ਕੀਤਾ ਸੀ ਤਾਂ ਉਸ ਵੇਲੇ ਸੂਬਾ ਸਰਕਾਰ ਨੇ 6.25 ਲੱਖ ਏਕੜ ਦਾ ਫ਼ਸਲੀ ਨੁਕਸਾਨ ਦੱਸਿਆ ਸੀ। ਉਸ ਮਗਰੋਂ ਸਰਕਾਰ ਨੇ ਆਖਿਆ ਕਿ ਹੜ੍ਹਾਂ ਕਾਰਨ ਕੇਵਲ 2.75 ਲੱਖ ਏਕੜ ਫ਼ਸਲ ਨੁਕਸਾਨੀ ਗਈ ਹੈ। ਹੁਣ ਸੂਬਾ ਸਰਕਾਰ ਨੇ ਕਿਹਾ ਹੈ ਕਿ ਜੁਲਾਈ ਅਤੇ ਅਗਸਤ ਵਿੱਚ ਹੜ੍ਹਾਂ ਕਾਰਨ ਸਿਰਫ਼ 25 ਹਜ਼ਾਰ ਏਕੜ ਦੇ ਕਰੀਬ ਫ਼ਸਲ ਦਾ ਹੀ ਪੂਰਾ ਨੁਕਸਾਨ ਹੋਇਆ ਹੈ। ਸਰਕਾਰ ਨੇ ਮੌਜੂਦਾ ਅੰਕੜਿਆਂ ਦੇ ਆਧਾਰ 'ਤੇ ਝੋਨੇ ਦੀ ਬੰਪਰ ਫ਼ਸਲ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ। ਉਂਝ ਕਈ ਜ਼ਿਲ੍ਹਿਆਂ ਵਿਚ ਝੋਨੇ ਦੀ ਲੁਆਈ ਕਿਸਾਨਾਂ ਨੂੰ ਦੂਸਰੀ ਵਾਰ ਕਰਨੀ ਪਈ ਸੀ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਕਿਹਾ ਕਿ ਕਰੀਬ 2.52 ਲੱਖ ਹੈਕਟੇਅਰ ਜ਼ਮੀਨ ਹੜ੍ਹਾਂ ਨਾਲ ਪ੍ਰਭਾਵਿਤ ਹੋਈ ਹੈ ਜਿਸ 'ਚੋਂ ਕਰੀਬ 10 ਹਜ਼ਾਰ ਹੈਕਟੇਅਰ ਫ਼ਸਲ ਦਾ ਪੂਰਾ ਨੁਕਸਾਨ ਹੋਇਆ ਹੈ ਅਤੇ ਇਸ ਰਕਬੇ ਦੀ ਭਰਪਾਈ ਨਹੀਂ ਕੀਤੀ ਜਾ ਸਕੀ ਹੈ। ਉਨ੍ਹਾਂ ਦੱਸਿਆ ਕਿ ਕਰੀਬ 86 ਹਜ਼ਾਰ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਦੁਬਾਰਾ ਲੁਆਈ ਕੀਤੀ ਗਈ ਹੈ।

ਪੈਦਾਵਾਰ ਬੰਪਰ ਹੋਣ 'ਤੇ ਸਵਾਲ

ਸੂਬਾ ਸਰਕਾਰ ਨੇ 186 ਕਰੋੜ ਰੁਪਏ ਫ਼ਸਲੀ ਨੁਕਸਾਨ ਦੇ ਮੁਆਵਜ਼ੇ ਵਜੋਂ ਜਾਰੀ ਕੀਤੇ ਹਨ ਅਤੇ ਸਰਕਾਰ ਨੇ 2.75 ਲੱਖ ਏਕੜ ਰਕਬੇ ਵਿੱਚ ਫ਼ਸਲੀ ਨੁਕਸਾਨ ਹੋਣ ਦੀ ਰਿਪੋਰਟ ਦੇ ਆਧਾਰ 'ਤੇ ਇਹ ਰਾਸ਼ੀ ਜਾਰੀ ਕੀਤੀ ਹੈ। 6800 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਇਸ ਨੁਕਸਾਨੇ ਰਕਬੇ ਦੀ ਮੁਆਵਜ਼ਾ ਰਾਸ਼ੀ 187 ਕਰੋੜ ਰੁਪਏ ਹੀ ਬਣਦੀ ਹੈ। ਜੇਕਰ ਏਨਾ ਰਕਬਾ ਪ੍ਰਭਾਵਿਤ ਹੋ ਗਿਆ ਹੈ ਤਾਂ ਝੋਨੇ ਦੀ ਪੈਦਾਵਾਰ ਕਿਵੇਂ ਬੰਪਰ ਹੋਵੇਗੀ, ਇਹ ਵੀ ਵੱਡਾ ਸੁਆਲ ਹੈ। ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਇਸ ਵਾਰ 182 ਲੱਖ ਮੀਟਰਿਕ ਟਨ ਝੋਨਾ ਖ਼ਰੀਦਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਜਦੋਂ ਕਿ ਪਿਛਲੇ ਵਰ੍ਹੇ 182.29 ਲੱਖ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਸੀ। ਪਹਿਲੀ ਅਕਤੂਬਰ ਤੋਂ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣੀ ਹੈ। ਇਸ ਸਾਲ ਝੋਨੇ ਦੀ ਪੈਦਾਵਾਰ 208 ਲੱਖ ਮੀਟਰਿਕ ਟਨ ਹੋਣ ਦੀ ਉਮੀਦ ਹੈ ਜਦੋਂ ਕਿ ਪਿਛਲੇ ਵਰ੍ਹੇ ਝੋਨੇ ਦੀ ਪੈਦਾਵਾਰ 205 ਲੱਖ ਮੀਟਰਿਕ ਟਨ ਸੀ। ਖ਼ੁਰਾਕ ਤੇ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਨੇ ਕਿਹਾ ਕਿ ਇਸ ਵਾਰ 182 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਦਾ ਅਨੁਮਾਨ ਲਾਇਆ ਗਿਆ ਹੈ ਅਤੇ ਭਾਰਤੀ ਰਿਜ਼ਰਵ ਬੈਂਕ ਤੋਂ 44 ਹਜ਼ਾਰ ਕਰੋੜ ਦੀ ਕੈਸ਼ ਕਰੈਡਿਟ ਲਿਮਿਟ ਦੀ ਮੰਗ ਕੀਤੀ ਜਾ ਰਹੀ ਹੈ।

ਕੇਂਦਰ ਨੇ ਨਹੀਂ ਫੜੀ ਪੰਜਾਬ ਦੀ ਬਾਂਹ

ਕੇਂਦਰ ਸਰਕਾਰ ਨੇ ਹਾਲੇ ਤੱਕ ਹੜ੍ਹਾਂ ਤੋਂ ਪ੍ਰਭਾਵਿਤ ਪੰਜਾਬ ਦੀ ਬਾਂਹ ਨਹੀਂ ਫੜੀ ਹੈ। ਕੇਂਦਰੀ ਅੰਤਰ ਮੰਤਰਾਲਾ ਟੀਮ ਨੇ ਸੂਬੇ ਦਾ ਤਿੰਨ ਦਿਨਾਂ ਦੌਰਾ ਵੀ ਕੀਤਾ ਸੀ ਪ੍ਰੰਤੂ ਇਸ ਟੀਮ ਦੀ ਰਿਪੋਰਟ ਦਾ ਹਾਲੇ ਤੱਕ ਕੋਈ ਥਹੁ-ਪਤਾ ਨਹੀਂ ਲੱਗ ਰਿਹਾ ਹੈ। ਏਨਾ ਜ਼ਰੂਰ ਹੈ ਕਿ ਕੇਂਦਰ ਸਰਕਾਰ ਨੇ ਮੁੱਢਲੇ ਪੜਾਅ 'ਤੇ ਝੋਨੇ ਦੀ ਪ੍ਰਭਾਵਿਤ ਫ਼ਸਲ ਦੇ ਮੁਆਵਜ਼ੇ ਵਾਸਤੇ ਲਾਗਤ ਖ਼ਰਚੇ ਦੇ ਰੂਪ ਵਿੱਚ 6800 ਰੁਪਏ ਪ੍ਰਤੀ ਏਕੜ ਦੇਣ ਵਾਸਤੇ ਪ੍ਰਵਾਨਗੀ ਦੇ ਦਿੱਤੀ ਸੀ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਨਾਰੀ ਜਗਤ



# ਤਲਾਕਸ਼ੁਦਾ ਔਰਤ ਦਾ ਦਰਦ

## ਇਕੱਲੀਆਂ ਔਰਤਾਂ ਨੂੰ ਰਿਸ਼ਤਿਆਂ 'ਚ ਕਿਉਂ ਮਿਲਦਾ ਹੈ ਧੋਖਾ

## ਕਿੰਨੀ ਕੁ ਬਦਲੀ ਹੈ ਪਰਿਵਾਰ ਤੇ ਸਮਾਜ ਦੀ ਸੋਚ ?

**ਕਮਲਾ ਬਦੋਨੀ**

ਜਦੋਂ ਔਰਤ-ਮਰਦ ਪਿਆਰ ਭਰਿਆ ਰਿਸ਼ਤਾ ਕਾਇਮ ਰੱਖਦੇ ਹਨ ਤਾਂ ਦੋਵਾਂ ਦੀ ਜ਼ਿੰਦਗੀ ਖੁਸ਼ਹਾਲ ਹੋ ਜਾਂਦੀ ਹੈ। ਘਰ, ਪਰਿਵਾਰ, ਬੱਚੇ, ਰਿਸ਼ਤੇ ਹਰ ਪਾਸੇ ਸਕਾਰਾਤਮਕਤਾ ਦਿਖਾਈ ਦਿੰਦੀ ਹੈ। ਪਰ ਜਦੋਂ ਨਫ਼ਰਤ ਨਾਲ ਰਿਸ਼ਤਾ ਕਾਇਮ ਰੱਖਿਆ ਜਾਂਦਾ ਹੈ, ਤਾਂ ਇਸਦੇ ਨਤੀਜੇ ਘਾਤਕ ਹੁੰਦੇ ਹਨ। ਘਰ, ਪਰਿਵਾਰ, ਬੱਚੇ, ਰਿਸ਼ਤੇ, ਸਭ ਕੁਝ ਟੁੱਟ ਜਾਂਦਾ ਹੈ। ਤਲਾਕ ਨਾ ਸਿਰਫ਼ ਦੋ ਲੋਕਾਂ ਨੂੰ ਵੱਖ ਕਰਦਾ ਹੈ, ਇਹ ਦੋ ਪਰਿਵਾਰਾਂ ਨੂੰ ਵੀ ਵਿਗਾੜਦਾ ਹੈ।

ਕੋਈ ਵੀ ਔਰਤ ਤਲਾਕ ਦਾ ਫੈਸਲਾ ਉਦੋਂ ਲੈਂਦੀ ਹੈ ਜਦੋਂ ਉਸ ਲਈ ਉਸ ਰਿਸ਼ਤੇ ਵਿੱਚ ਰਹਿਣਾ ਮੁਸ਼ਕਲ ਹੋ ਜਾਂਦਾ ਹੈ। ਨਹੀਂ ਤਾਂ ਉਹ ਆਪਣੇ ਬੱਚਿਆਂ ਦੇ ਭਵਿੱਖ ਦੀ ਖ਼ਾਤਰ ਸਭ ਕੁਝ ਚੁੱਪ-ਚਾਪ ਬਰਦਾਸ਼ਤ ਕਰ ਲੈਂਦੀ ਹੈ। ਪਰ ਜਦੋਂ ਕੋਈ ਔਰਤ ਤਲਾਕ ਲੈਣ ਦਾ ਫ਼ੈਸਲਾ ਕਰ ਲੈਂਦੀ ਹੈ, ਤਾਂ ਉਸ ਦੀ ਜ਼ਿੰਦਗੀ ਆਮ ਵਾਂਗ ਨਹੀਂ ਰਹਿੰਦੀ।

ਤਲਾਕ ਦਾ ਔਰਤ ਦੀ ਜ਼ਿੰਦਗੀ 'ਤੇ ਕੀ ਅਸਰ ਪੈਂਦਾ ਹੈ, ਲੋਕ ਉਸ ਤੋਂ ਕਿਵੇਂ ਮੂੰਹ ਮੋੜ ਲੈਂਦੇ ਹਨ, ਸਮਾਜ ਉਸ ਲਈ ਕਿੰਨਾ ਬਦਲਦਾ ਹੈ... ਰਿਲੇਸ਼ਨਸ਼ਿਪ ਕਾਊਂਸਲਰ ਡਾ. ਮਾਧਵੀ ਸੇਠ ਨੇ ਤਲਾਕ ਨਾਲ ਜੁੜੇ ਅਜਿਹੇ ਕਈ ਅਹਿਮ ਪਹਿਲੂਆਂ ਬਾਰੇ ਦੱਸਿਆ।ਜੇਕਰ ਪਤੀ-ਪਤਨੀ ਆਪਸੀ ਸਹਿਮਤੀ ਨਾਲ ਵੱਖ ਹੋ ਜਾਣ ਤਾਂ ਆਉਣ ਵਾਲੇ ਜੀਵਨ ਵਿੱਚ ਇੱਕ ਦੂਜੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ। ਦੋਵੇਂ ਆਪਣੀ ਜ਼ਿੰਦਗੀ ਵਿੱਚ ਖੁਸ਼ੀ ਨਾਲ ਅੱਗੇ ਵਧਦੇ ਹਨ, ਪਰ ਜੇਕਰ ਰਿਸ਼ਤਾ ਨਫਰਤ ਨਾਲ ਖਤਮ ਹੋ ਜਾਵੇ ਤਾਂ ਇਹ ਨਫਰਤ ਜ਼ਿਆਦਾ ਦੇਰ ਤੱਕ ਤੁਹਾਡਾ ਪਿੱਛਾ ਨਹੀਂ ਛੱਡਦੀ। ਖਾਸ ਕਰਕੇ ਔਰਤ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਪੂਰੀ ਕੋਸ਼ਿਸ਼ ਕਰਦੀ ਹੈ।

**ਅਤੀਤ ਵੀ ਸਾਡੇ ਨਾਲ ਜਾਂਦਾ ਹੈ**

ਤਲਾਕ ਤੋਂ ਬਾਅਦ ਹੁਣ ਜ਼ਿੰਦਗੀ ਪਹਿਲਾਂ ਵਰਗੀ ਆਮ ਨਹੀਂ ਰਹੀ। ਅਤੀਤ ਹਰ ਕਦਮ 'ਤੇ ਤੁਹਾਡੇ ਸਾਹਮਣੇ ਖੜ੍ਹਾ ਹੈ।

ਪਤੀ-ਪਤਨੀ ਦਾ ਰਿਸ਼ਤਾ ਪਿਆਰ ਅਤੇ ਵਿਸ਼ਵਾਸ 'ਤੇ ਆਧਾਰਿਤ ਹੈ। ਇਸ ਤੋਂ ਬਿਨਾਂ ਰਿਸ਼ਤੇ ਨੂੰ ਅੱਗੇ ਲਿਜਾਣਾ ਬਹੁਤ ਮੁਸ਼ਕਲ ਹੈ। ਤੁਹਾਡੇ ਵਾਂਗ ਕਈ ਪੜ੍ਹੀਆਂ-ਲਿਖੀਆਂ ਔਰਤਾਂ ਬੰਦ ਕਮਰਿਆਂ ਵਿੱਚ ਆਪਣੇ ਪਤੀਆਂ ਦੀ ਕੁੱਟਮਾਰ ਦਾ ਸੰਤਾਪ ਭੋਗਦੀਆਂ ਹਨ ਅਤੇ ਬਾਹਰ ਕਿਸੇ ਨੂੰ ਕੁਝ ਪਤਾ ਨਹੀਂ ਲੱਗਣ ਦਿੰਦੀਆਂ। ਔਰਤਾਂ ਆਪਣੇ ਵਿਆਹ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਆਪਣੇ ਪਤੀਆਂ ਦੇ ਜ਼ੁਲਮਾਂ ਨੂੰ ਬਰਦਾਸ਼ਤ ਕਰਦੀਆਂ ਹਨ।

**ਬੱਚਿਆਂ 'ਤੇ ਅਪਮਾਨਜਨਕ ਸਬੰਧਾਂ ਦਾ ਪ੍ਰਭਾਵ**

ਪਤੀ-ਪਤਨੀ ਦੇ ਅਪਮਾਨਜਨਕ ਰਿਸ਼ਤੇ ਦਾ ਅਸਰ ਬੱਚਿਆਂ 'ਤੇ ਵੀ ਪੈਂਦਾ ਹੈ। ਉਨ੍ਹਾਂ ਬੱਚਿਆਂ ਦੇ ਮਨਾਂ ਵਿੱਚ ਡਰ ਪੈਦਾ ਹੁੰਦਾ ਹੈ ਜਿਨ੍ਹਾਂ ਦੇ ਮਾਪੇ ਉਨ੍ਹਾਂ ਦੇ ਸਾਹਮਣੇ ਲੜਦੇ ਹਨ ਜਾਂ ਜੋ ਆਪਣੀ ਮਾਂ ਨੂੰ ਆਪਣੇ ਪਿਤਾ ਦੁਆਰਾ ਘਰ ਵਿੱਚ ਕੁੱਟਦੇ ਦੇਖਦੇ ਹਨ। ਉਹ ਖੁੱਲ੍ਹ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਨਹੀਂ ਕਰ ਪਾਉਂਦੇ। ਅਜਿਹੇ ਬੱਚੇ ਵੱਡੇ ਹੋ ਕੇ ਵਿਆਹ ਕਰਵਾਉਣ ਤੋਂ ਬਚਦੇ ਹਨ। ਉਹ ਆਸਾਨੀ ਨਾਲ ਕਿਸੇ 'ਤੇ ਭਰੋਸਾ ਕਰਨ ਦੇ ਯੋਗ ਨਹੀਂ ਹੁੰਦੇ।

# ਝੂਠੀ ਸ਼ਾਨ ਦਿਖਾਉਂਦੇ ਡਿਜ਼ਾਈਨਰ ਰਿਸ਼ਤੇ

## ਪੈਸੇ ਲਈ ਅਮੀਰ ਆਦਮੀ ਦੀ ਦੂਜੀ-ਤੀਜੀ 'ਟਰਾਫ਼ੀ ਪਤਨੀ' ਬਣਨ ਦਾ ਰੁਝਾਨ

ਟਰਾਫੀ ਪਤਨੀ ਦਾ ਅਰਥ ਹੈ ਉਹ ਪਤਨੀ ਜੋ ਆਪਣੇ ਪਤੀ ਲਈ ਸਟੇਟਸ ਸਿੰਬਲ ਹੈ। ਟਰਾਫੀ ਪਤਨੀ ਕੋਈ ਪ੍ਰਾਪਤੀ ਨਹੀਂ ਹੈ। ਇਹ ਖਿਤਾਬ ਉਨ੍ਹਾਂ ਔਰਤਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਲਈ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਕੋਲ ਸੁੰਦਰਤਾ, ਦਿਮਾਗ, ਕਾਬਲੀਅਤ ਅਤੇ ਆਪਣੀ ਕੋਈ ਪਛਾਣ ਤੋਂ ਇਲਾਵਾ ਕੁਝ ਨਹੀਂ ਹੈ। ਉਸ ਨੂੰ ਆਪਣੀ ਖ਼ੂਬਸੂਰਤੀ ਬਰਕਰਾਰ ਰੱਖਣ ਲਈ ਵੱਡੀ ਰਕਮ ਦੀ ਲੋੜ ਹੁੰਦੀ ਹੈ ਜਿਸ ਨੂੰ ਉਸ ਦੇ ਅਮੀਰ ਪਤੀ ਨੇ ਪੂਰਾ ਕੀਤਾ ਹੈ।



**ਟਰਾਫੀ ਪਤਨੀ 'ਤੇ 'ਗੋਲਡ ਡਿਗਰ' ਦਾ ਟੈਗ**

ਇਨ੍ਹਾਂ ਔਰਤਾਂ ਨੂੰ ਸੋਨੇ ਦੀ ਖੁਦਾਈ ਕਰਨ ਵਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਪੈਸੇ ਦੀ ਖ਼ਾਤਰ ਉਹ ਖ਼ੁਸ਼ੀ-ਖ਼ੁਸ਼ੀ ਕਿਸੇ ਅਮੀਰ ਆਦਮੀ ਦੀ ਦੂਜੀ ਜਾਂ ਤੀਜੀ ਪਤਨੀ ਬਣਨ ਲਈ ਰਾਜ਼ੀ ਹੋ ਜਾਂਦੀਆਂ ਹਨ। ਆਪਣੇ ਪਿਤਾ ਦੀ ਉਮਰ ਦੇ ਮਰਦ ਨਾਲ ਵਿਆਹ ਕਰਕੇ ਇਹ ਔਰਤਾਂ ਸਮਾਜ ਵਿੱਚ ਆਪਣੇ ਪਤੀ ਦਾ ਰੁਤਬਾ ਵਧਾਉਣ ਵਿੱਚ ਮਦਦ ਕਰਦੀਆਂ ਹਨ।

ਕਿਸੇ ਪਾਰਟੀ ਫੰਕਸ਼ਨ ਵਿੱਚ, ਦੋਸਤਾਂ ਜਾਂ ਰਿਸ਼ਤੇਦਾਰਾਂ ਵਿੱਚ, ਇੱਕ ਅਧਖੜ ਉਮਰ ਦਾ ਆਦਮੀ ਆਪਣੀ ਟਰਾਫੀ ਪਤਨੀ ਦੇ ਦੁਆਲੇ ਆਪਣੀਆਂ ਬਾਂਹਾਂ ਲੈ ਕੇ ਇਹ ਐਲਾਨ ਕਰਦਾ ਪ੍ਰਤੀਤ ਹੁੰਦਾ ਹੈ ਕਿ ਪੈਸੇ ਨਾਲ ਕੁਝ ਵੀ ਖ਼ਰੀਦਿਆ ਜਾ ਸਕਦਾ ਹੈ, ਇੱਥੋਂ ਤੱਕ ਕਿ ਪਿਆਰ ਵੀ। ਮਰਦ ਵੀ ਇਸ ਨੂੰ ਆਪਣੀ ਜਿਨਸੀ ਸ਼ਕਤੀ ਨਾਲ ਜੋੜਦੇ ਹਨ। ਉਸ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਉਮਰ ਵਿੱਚ ਵੀ ਉਹ ਆਪਣੀ ਅੱਧੀ ਉਮਰ ਦੀ ਔਰਤ ਨੂੰ ਸੰਤੁਸ਼ਟ ਕਰ ਸਕਦਾ ਹੈ।

**'ਟਰਾਫੀ ਵਾਈਫ਼' ਦਾ ਬਦਲਦਾ ਰੂਪ**

'ਟਰਾਫੀ ਵਾਈਫ਼' ਦੀ ਧਾਰਨਾ ਹੁਣ ਵੱਡੀ ਉਮਰ ਦੇ ਪਤੀਆਂ ਅਤੇ ਛੋਟੀਆਂ ਸੁੰਦਰ ਪਤਨੀਆਂ ਤੱਕ ਸੀਮਤ ਨਹੀਂ ਰਹੀ। ਕਈ ਮਰਦ ਆਪਣੀ ਉਮਰ ਦੀਆਂ ਖੂਬਸੂਰਤ ਪਤਨੀਆਂ 'ਤੇ 'ਟਰਾਫੀ ਵਾਈਫ਼'



ਬਣਨ ਦਾ ਦਬਾਅ ਪਾਉਂਦੇ ਹਨ, ਤਾਂ ਜੋ ਉਹ ਉਸ ਦੀ ਖ਼ੂਬਸੂਰਤੀ ਦੀ ਆੜ 'ਚ ਆਪਣਾ ਰੁਤਬਾ ਵਧਾ ਸਕਣ।

**ਮਰਦ ਸੋਚ ਦਾ ਦਬਦਬਾ**

'ਟਰਾਫੀ ਵਾਈਫ਼' ਦਾ ਰੁਝਾਨ ਵਿਦੇਸ਼ਾਂ ਤੋਂ ਭਾਰਤ ਆਇਆ, ਪਰ ਇੱਥੇ ਇਸ ਦਾ ਰੂਪ ਬਦਲ ਗਿਆ। ਇੱਥੇ ਮਰਦ ਸਮਾਜ ਵਿੱਚ ਆਪਣੇ ਆਪ ਨੂੰ ਆਧੁਨਿਕ ਅਤੇ ਦਿਆਲੂ ਸਾਬਤ ਕਰਨ ਲਈ ਆਪਣੀਆਂ ਪਤਨੀਆਂ ਨੂੰ ਟਰਾਫੀ ਪਤਨੀਆਂ ਵਜੋਂ ਪੇਸ਼ ਕਰਦੇ ਹਨ, ਪਰ ਘਰ ਵਿੱਚ ਦਾਖਲ ਹੁੰਦੇ ਹੀ ਉਨ੍ਹਾਂ ਦੀ ਮਰਦ ਪ੍ਰਧਾਨ ਸੋਚ ਫਿਰ ਹਾਵੀ ਹੋ ਜਾਂਦੀ ਹੈ। ਰਿਲੇਸ਼ਨਸ਼ਿਪ ਕਾਊਂਸਲਰ ਡਾ.ਮਾਧਵੀ ਸੇਠ ਨੇ 'ਟਰਾਫੀ ਵਾਈਫ਼' ਦੀ ਧਾਰਨਾ ਅਤੇ ਇਸ ਖਿਤਾਬ ਨੂੰ ਸੰਭਾਲਣ ਵਾਲੀਆਂ ਭਾਰਤੀ ਔਰਤਾਂ ਦੀ ਸਥਿਤੀ ਬਾਰੇ ਦੱਸਿਆ।

**ਹੋਂਦ ਲਈ ਸੰਘਰਸ਼**

'ਟਰਾਫੀ ਵਾਈਫ਼' ਨੂੰ ਆਪਣੀ ਪਛਾਣ ਗਵਾਉਣੀ ਪੈਂਦੀ ਹੈ ਅਤੇ ਸਿਰਫ਼ ਆਪਣੇ ਪਤੀ ਦੀ ਇੱਛਾ ਅਨੁਸਾਰ ਚੱਲਣਾ ਪੈਂਦਾ ਹੈ। ਉਸ ਨੂੰ ਕੀ ਪਹਿਨਣਾ ਚਾਹੀਦਾ ਹੈ, ਉਸ ਨੂੰ ਕਿਵੇਂ ਦਿਖਾਈ ਦੇਣਾ ਚਾਹੀਦਾ ਹੈ, ਉਸ ਨੂੰ ਕਿਸ ਬਾਰੇ ਗੱਲ ਕਰਨੀ ਚਾਹੀਦੀ ਹੈ... ਉਸ ਦੇ ਪਤੀ ਦਾ ਉਸ ਦੀ ਹਰ ਗਤੀ ਵਿਧੀ 'ਤੇ ਕੰਟਰੋਲ ਹੈ। ਅਜਿਹਾ ਰਿਸ਼ਤਾ ਸਿਰਫ਼ ਦਿੱਖ 'ਤੇ ਆਧਾਰਿਤ ਹੁੰਦਾ ਹੈ, ਇੱਥੇ ਜਜ਼ਬਾਤਾਂ ਨੂੰ ਕੋਈ ਥਾਂ ਨਹੀਂ ਹੁੰਦੀ।

ਇਸ ਰਿਸ਼ਤੇ ਨੂੰ ਕਾਇਮ ਰੱਖਣ ਲਈ ਟਰਾਫੀ ਪਤਨੀ ਨੂੰ ਆਪਣੀ ਖ਼ੂਬਸੂਰਤੀ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਣਾ ਪੈਂਦਾ ਹੈ, ਨਹੀਂ ਤਾਂ ਰਿਸ਼ਤਾ ਟੁੱਟ ਸਕਦਾ ਹੈ।

ਵਿਦੇਸ਼ਾਂ ਵਿੱਚ 'ਟਰਾਫੀ ਵਾਈਫ਼' ਦਾ ਸੰਕਲਪ ਬਿਲਕੁਲ ਵੱਖਰਾ ਹੈ। ਉੱਥੇ ਔਰਤ ਲਈ ਆਪਣੀ ਆਜ਼ਾਦੀ ਨਾਲ ਰਹਿਣਾ ਕੋਈ ਔਖਾ ਕੰਮ ਨਹੀਂ ਹੈ।





ਪ੍ਰਸਿੱਧ ਪੰਜਾਬੀ ਕਹਾਣੀ

# ਮੰਜੇ ਦੀ ਬਾਹੀ

## ਅਜਮੇਰ ਔਲਖ

ਗੱਲ 'ਕੇਰਾਂ ਮੂੰਹੋਂ ਨਿਕਲੇ ਸਹੀ, ਫਿਰ ਆਖੂ ਤੂੰ ਕੌਣ ਤੇ ਮੈਂ ਕੌਣ? ਤੇ ਗੱਲ ਕੋਈ ਝੂਠੀ ਵੀ ਨਹੀਂ ਸੀ- ਪੰਜਾਹਾਂ ਨੂੰ ਪੁੱਜਿਆ ਗੱਜੂ ਕਾਣਾ ਮੁੱਲ ਦੀ ਤੀਮੀਂ ਲਿਆਉਣ ਲੱਗਾ ਸੀ।

ਗੱਜੂ ਦੀ ਭਰਜਾਈ ਸੰਤੋ ਨੇ ਸੁਣਿਆ, ਓਦ੍ਹੇ ਤਾਂ ਜਿਵੇਂ ਸਾਹ ਹੀ ਸੂਤੇ ਗਏ ਹੋਣ। ਮਰ ਵੇ ਗੱਜੂ ਬੰਦਿਆ, ਤੇਰਾ ਬਹਿ ਜੇ ਬੇੜਾ!

ਬੇੜਾ ਬੈਠੇ ਚਾਹੇ ਤਰੇ, ਗੱਜੂ ਨੇ ਆਪਣੇ ਛੋਟੇ ਭਾਈ ਸੱਜਣ ਨੂੰ ਸੌ ਦੀ ਇਕ ਸੁਣਾ ਦਿੱਤੀ, ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ!

ਸੱਜਣ ਦੂਰ ਦੀ ਸੋਚਣ ਵਾਲਾ ਬੰਦਾ ਸੀ, ਉਂਜ ਵੀ ਸੁਭਾਅ ਦਾ ਕੂਲਾ ਸੀ, ਸੁਣ ਕੇ ਚੁੱਪ ਰਿਹਾ। ਇਕ ਦੋ ਬੰਦੇ ਉਸ ਨੇ ਵਿਚ-ਦੀ ਸੁੱਟੇ, ਪਰ ਗੱਜੂ ਤਾਂ ਪੈਰਾਂ 'ਤੇ ਪਾਣੀ ਹੀ ਨਹੀਂ ਸੀ ਪੈਣ ਦਿੰਦਾ; ਅਖੇ, ਮੇਰਾ ਨੀ ਜੀਅ ਕਰਦਾ ਜੱਗ 'ਤੇ ਬੂਟਾ ਲਾਉਣ ਨੂੰ?

ਅਸਲ ਵਿਚ ਗੱਲ 'ਗਾਹਾਂ ਖਾਸੀ ਤੁਰ'ਗੀ ਸੀ। ਗੱਜੂ ਨੇ ਨੰਦ ਬੰਗਾਲੀ ਰਾਹੀਂ ਧਨੌਲੇ ਕੰਨੀਂ ਇਕ ਤੀਮੀਂ ਦਾ ਸੌਦਾ ਲਗਭਗ ਪੱਕਾ ਹੀ ਕਰ ਛੱਡਿਆ ਸੀ, ਸਿਰਫ ਰਕਮ ਤਾਰਨੀ ਬਾਕੀ ਸੀ। ਚਾਹੁੰਦਾ ਉਹ ਇਹ ਸੀ, ਬਈ ਤੀਮੀਂ ਲਿਆਉਣ ਤੋਂ ਪਹਿਲਾਂ ਮਾੜਾ-ਮੋਟਾ ਘਰ-ਘਾਟ ਦਾ ਬੰਨ੍ਹ-ਸੁੱਬ ਕਰ ਲਵੇ। ਚਾਰ ਕਿੱਲੇ ਭੋਇੰ ਉਸ ਨੂੰ ਆਉਣੀ ਸੀ। ਇਕ ਕਿੱਲਾ ਗਹਿਣੇ ਪਾਉਣਾ ਉਸ ਜੇਠੂ ਬਾਣੀਏ ਨਾਲ ਪੱਕਾ ਕਰ ਛੱਡਿਆ ਸੀ, ਤਿੰਨ ਹਜ਼ਾਰ ਵਿਚ। ਸੌਲਾਂ ਸੌ ਦੀ ਤੀਮੀਂ, ਬਾਕੀ ਘਰ ਦਾ ਲਕਾ ਤੁਕਾ! 'ਕੇਰਾਂ ਜਮੀਨ ਵੰਡੀ ਜਾਵੇ, ਘਰ ਤਾਂ ਵੰਡਿਆ ਈ ਪਿਐ, ਉਛਲ ਸੱਜਣ ਦੀ- ਚਾਹੇ ਅੰਦਰਲਾ ਲੈ ਲਵੇ, ਚਾਹੇ ਬਾਹਰਲਾ।

ਜਦੋਂ ਕੋਈ ਵਾਹ ਨਾ ਗਈ, ਸੱਜਣ ਬਾਹਰਲੇ ਘਰ ਜਾ ਕੇ ਗੱਜੂ ਦੇ ਪੈਰੀਂ ਪੈ ਗਿਆ, ਆਹ ਦੇਖ ਬਾਈ, ਤੇਰੇ ਪੈਰੀਂ ਪੱਗ ਧਰਨਾ। ਆਪਣੇ ਘਰ ਦੀ ਇੱਜਤ ਰੱਖ! ਜੇ ਤੂੰ ਅੱਡ ਹੋਣਾ ਸੀ ਤਾਂ ਮੇਰਾ ਬਿਆਹ ਕਾਹਨੂੰ ਕਰਨਾ ਸੀ। ਰੱਬ ਦੀ ਕਿਰਪਾ ਨਾਲ ਆਪਣੀ ਜੜ੍ਹ ਲੱਗੀ ਹੋਈ ਐ। ਮੇਰੇ ਜਬਾਕ ਹੋਏ ਕਿ ਤੇਰੇ ਹੋਏ, ਇਕੋ ਗੱਲ ਐ। ਸੰਤੀ ਵੀ ਕਦੇ ਤੈਨੂੰ ਓਏ ਕਰ ਕੇ ਨੀ ਬੋਲੀ। ਨਾਲੇ ਮੁੱਲ ਦੀ ਤੀਮੀਂ ਦਾ ਕੀ ਪਤਾ ਹੁੰਦੈ, ਅੱਜ ਏਥੇ, ਕੱਲ੍ਹ ਓਥੇ।

ਪਰ ਗੱਜੂ ਉਤੇ ਇਨ੍ਹਾਂ ਗੱਲਾਂ ਦਾ ਨਾ ਅਸਰ ਹੋਣਾ ਸੀ, ਤੇ ਨਾ ਹੀ ਹੋਇਆ। ਸੱਜਣ ਨੂੰ ਉਸ ਨੇ ਇਕੋ ਗੱਲ ਨਾਲ ਚੁੱਪ ਕਰ ਦਿੱਤਾ, ਮੁੱਲ ਦੀ ਤੀਮੀਂ ਦਾ ਦੁੱਖ ਹੋਊ ਤਾਂ ਉਹ ਮੈਨੂੰ ਹੋਊ, ਮੈਂ ਝੱਲ ਲੂੰ! ਪਰ ਸੱਜਣਾ, ਜਮੀਨ ਤਾਂ ਤੈਨੂੰ ਵੰਡਣੀ ਪਊ, ਭਾਈ ਭਰੱਪਣ ਨਾਲ ਵੰਡ ਦੇਂਗਾ ਤੇਰੀ ਸ਼ਾਬਾਸ਼ੇ, ਲੋਕ ਤਮਾਸ਼ਾ ਦਖਾਉਣੈਂ ਉਹ ਤੇਰੀ ਮਰਜੀ।

ਸੱਜਣ ਪਰਨੇ ਨਾਲ ਅੱਖਾਂ ਪੂੰਝ ਕੇ ਅੰਦਰਲੇ ਘਰ ਨੂੰ ਤੁਰ ਪਿਆ। ਉਹ ਸੋਚਦਾ ਸੀ, ਚਾਰ ਕਿੱਲਿਆਂ ਦੇ ਸਿਰ 'ਤੇ ਤਾਂ ਉਸ ਦੇ ਇਕ ਮੁੰਡੇ ਨੂੰ ਵੀ ਨਹੀਂ ਸਾਕ ਹੋਣਾ। ਚੰਗੀ ਭਲੀ ਕਬੀਲਦਾਰੀ ਦੀ ਗੱਡੀ ਰੁੜ੍ਹੀ ਜਾ ਰਹੀ ਸੀ, ਆਹ ਬਿਚ ਭੈਣ ਦੇਣੇ ਦਾ ਹੋਰ ਹੀ ਫਾਨਾ ਆ ਫਸਿਆ! ਪਰ ਸੱਜਣ ਇਹ ਵੀ ਜਾਣਦਾ ਸੀ, ਬਈ ਇਹ ਫਾਨਾ ਆਪਣੇ ਆਪ ਆ ਕੇ ਨਹੀਂ ਸੀ ਫਸਿਆ, ਸਗੋਂ ਸੰਤੋ ਨੇ ਫਸਾਇਆ ਸੀ। ਉਸ ਨੇ ਗੱਲੀਂ ਬਾਤੀਂ ਸੰਤੋ ਨੂੰ ਕਈ ਵਾਰ ਆਖਿਆ ਵੀ ਸੀ, ਇਸ ਕਾਣੇ ਦਾ ਵਿਗੜਦੇ ਦਾ ਪਤਾ ਨੀ ਲਗਦਾ, ਤੂੰ ਏਹਨੂੰ ਪਲੋਸ ਪਲਾਸ ਕੇ ਰੱਖਿਆ ਕਰ। ਪਰ ਸੰਤੋ ਨੇ ਜ਼ਿੱਦ ਨਾ ਛੱਡੀ, ਮਰਨੀ ਮਰਜੂੰ, ਪਰ ਮੈਂ ਜੇਠ ਨੂੰ ਮੰਜੇ ਦੀ ਬਾਹੀ 'ਤੇ ਨੀ ਬੈਠਣ ਦੇਣਾ।

ਸੱਜਣ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਨ੍ਹਾਂ ਦਾ ਘਰ ਵਸਾਉਣ ਵਿਚ ਗੱਜੂ ਦਾ ਹੀ ਹੱਥ ਸੀ। ਸੱਜਣ ਤਾਂ ਓਦੋਂ ਅਜੇ ਡੰਗਰ ਚਾਰਦਾ ਹੁੰਦਾ ਸੀ, ਜਦੋਂ ਉਨ੍ਹਾਂ ਦਾ ਪਿਉ ਲਾਂਗੇ ਦਾ ਗੱਡਾ ਲੱਦਦਾ ਡਿਗ ਕੇ ਮਰ ਗਿਆ ਸੀ। ਪੰਜ ਕੁ ਸਾਲਾਂ ਬਾਅਦ ਕੁਆਰੇ ਪੁੱਤਾਂ ਦਾ ਝੋਰਾ ਕਰਦੀ ਉਨ੍ਹਾਂ ਦੀ ਮਾਂ ਵੀ ਮੰਜੇ ਨਾਲ ਅੱਡੀਆਂ ਰਗੜਦੀ ਤੁਰ ਗਈ ਸੀ। ਗੱਜੂ ਉਤੇ ਈ ਆ ਪਿਆ ਸੀ ਸਾਰਾ ਭਾਰ! ਦੋ ਭੈਣਾਂ ਬੂਹਿਓਂ ਤੋਰੀਆਂ। ਸੱਜਣ ਨੂੰ ਭਾਈ ਨੀ, ਪੁੱਤਾਂ ਵਾਂਗੂ ਪਾਲਿਆ ਤੇ ਵੱਡਾ ਕੀਤਾ। ਫੇਰ ਇਕ ਵੱਡੀ ਕੁਰਬਾਨੀ, ਸੱਜਣ ਦਾ ਵਿਆਹ ਕੀਤਾ। ਜੱਟ ਦੇ ਪੁੱਤ ਨੂੰ ਚਾਰ ਕਿੱਲਿਆਂ 'ਤੇ ਕਿਹੜਾ ਕੁੜੀ ਦਿੰਦੈ? ਗੱਜੂ ਨੇ ਸੋਚਿਆ, ਉਸ ਨੂੰ ਤਾਂ ਸਾਕ ਹੋਣੋਂ ਰਿਹਾ, ਇਕ ਤਾਂ ਰੱਬ ਨੇ ਉਂਜ ਬੱਜੋ-ਬੱਤਾ ਬਣਾ'ਤਾ, ਦੂਜੇ ਉਮਰ ਪਖੋਂ ਵੀ ਪੈਂਤੀ ਛੱਤੀ ਦਾ ਹੋ ਚੱਲਿਆ ਸੀ। ਚਲੋ, ਭਾਈ ਤਾਂ ਕੁਆਰਾ ਨਾ ਰਹੇ। ਉਸ ਨੇ ਬਾਰੂ-ਕੇ ਸੀਤੇ ਨਾਲ ਗੱਲ ਕੀਤੀ, ਦੇਖ ਸੀਤਾ ਸਿਆਂ? ਮੈਂ ਤਾਂ ਨਾ ਵਿਆਹ ਕਰਾਵਾਂ, ਨਾ ਈਂ ਮੈਨੂੰ ਸਾਕ ਹੋਵੇ। ਅੱਠ ਕਿੱਲੇ ਸੱਜਣ ਨੂੰ ਮੁੱਕਦੇ ਨ੍ਹੀਂ, ਤੂੰ ਕਰ ਪੁੰਨ, ਆਪਣੀ ਸਾਲੀ ਦਾ ਸਾਕ ਲਿਆ। ਐਨੇ ਨਾਲ ਸਾਡਾ ਵੀ ਜੱਗ ਵਿਚ ਸੀਰ ਪੈਜੂ। ਸੀਤੇ ਨੂੰ ਵੀ ਗੱਲ ਜਚ ਗਈ ਸੀ ਤੇ ਉਸ ਨੇ ਸੱਜਣ ਨੂੰ ਸਾਕ ਕਰਵਾ ਕੇ ਦੋ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਸਾਲੀ ਸੰਤੋ ਉਨ੍ਹਾਂ ਦੇ ਘਰ ਲਿਆ ਬਠਾਈ ਸੀ।

ਸੱਜਣ ਦੇ ਵਿਆਹ ਦੀ ਖੁਸ਼ੀ ਗੱਜੂ ਨੇ ਇੰਜ ਮਨਾਈ, ਜਿਵੇਂ ਉਹਦਾ ਆਪਣਾ ਵਿਆਹ ਹੋਇਆ ਹੋਵੇ। ਜੱਟ ਦਾ ਇਕ ਪੁੱਤ ਵਿਆਹਿਆ ਜਾਵੇ, ਸਮਝੋ ਸਾਰੇ ਵਿਆਹੇ ਗਏ। ਇਕ ਕਿੱਲਾ ਗਹਿਣੇ ਰੱਖ ਕੇ ਉਸ ਨੇ ਸੰਤੋ ਲਈ ਮੂੰਹ ਸਿਰ ਦੀਆਂ ਸਾਰੀਆਂ ਟੂੰਮਾਂ ਬਣਾ ਦਿੱਤੀਆਂ।

ਸੰਤੋ ਵੀ ਮੂੰਹ ਮੱਥੇ ਲੱਗਣ ਵਾਲੀ ਤੀਮੀਂ ਸੀ, ਆਉਂਦਿਆਂ ਹੀ ਉਸ ਨੇ ਘਰ ਦੀ ਖਿੱਲਰੀ ਹੋਈ ਕਬੀਲਦਾਰੀ ਨੂੰ ਰੱਸਾ ਪਾ ਲਿਆ। ਉਤੋਂ ਚੰਗੇ ਭਾਗਾਂ ਨੂੰ, ਸਾਲੋਂ ਅੰਦਰ ਰੱਬ ਨੇ ਚੰਨ ਵਰਗਾ ਮੁੰਡਾ ਝੋਲੀ ਪਾ ਦਿੱਤਾ।

ਦਿਨਾਂ ਵਿਚ ਹੀ ਗੱਜੂ ਅਤੇ ਸੱਜਣ ਦੇ ਘਰ ਦਾ ਰੰਗ ਹੋਰ ਹੋ ਗਿਆ। ਚੁੰਬਕ ਦੀ ਤਰ੍ਹਾਂ, ਸੰਤੋ ਨੇ ਸਾਰੀਆਂ ਬਰਕਤਾਂ ਉਨ੍ਹਾਂ ਦੇ ਘਰ ਵੱਲ ਖਿੱਚ ਲਈਆਂ। ਸੰਤੋ ਦੁਆਲੇ ਉਹ ਊਰੀ ਆਗੂੰ ਘੁਕਦੇ ਰਹਿੰਦੇ। ਦੋ ਕੁ ਸਾਲਾਂ ਵਿਚ ਹੀ ਉਨ੍ਹਾਂ ਨੇ ਗਹਿਣੇ ਪਾਇਆ ਕਿੱਲਾ ਵੀ ਛੁਡਾ ਲਿਆ। ਫੁੱਲਾਂ ਵਰਗੇ ਦਿਨ ਲੰਘਣ ਲੱਗੇ। ਸੰਤੋ ਦੀ ਕੁੱਖੋਂ ਇਕ ਕੁੜੀ ਤੇ ਇਕ ਮੁੰਡਾ ਹੋਰ ਜੰਮੇ। ਹੋਰ ਜੱਟ ਨੂੰ ਕੀ ਚਾਹੀਦੈ? ਦੁੱਧ ਤੇ ਪੁੱਤ, ਇਹ ਦੋ ਚੀਜ਼ਾਂ ਹੀ ਉਹ ਰੱਬ ਕੋਲੋਂ ਮੰਗਦੈ!

ਪਰ ਅਚਾਨਕ ਫੁੱਲਾਂ ਉਤੇ ਖੇਡਦੀ ਕਾਟੋ ਨੂੰ ਇਕ ਭੂਤ ਦਿਖਾਈ ਦੇ ਗਿਆ। ਤਕਦੀਰ ਨੇ ਗੱਜੂ ਨਾਲ ਇਕ ਰਾਤ ਇਕ ਨਾਟਕ ਖੇਡਿਆ। ਉਸ ਨੂੰ ਸੁਪਨਾ ਆਇਆ, ਜਿਵੇਂ ਉਸ ਨਾਲ ਕੋਈ ਤੀਮੀਂ ਸੁੱਤੀ ਪਈ ਹੋਵੇ। ਗੱਜੂ 'ਬਾਖਰੂ, ਬਾਖਰੂ' ਕਰਦਾ ਉਠ ਖੜ੍ਹਾ ਹੋਇਆ। ਆਲੇ-ਦੁਆਲੇ ਅੱਖਾਂ ਪਾੜ ਪਾੜ ਵੇਖਿਆ, ਉਥੇ ਤਾਂ ਕੋਈ ਵੀ ਨਹੀਂ ਸੀ!

ਅਗਲੇ ਦਿਨ ਸਾਰੀ ਦਿਹਾੜੀ ਇਹ ਸੁਪਨਾ ਗੱਜੂ ਦੇ ਦਿਮਾਗ ਵਿਚ ਘੁੰਮਦਾ ਰਿਹਾ। ਦਿਨ ਛਿਪਦੇ ਨਾਲ ਹੀ ਉਸ ਨੂੰ ਡਰ ਜਿਹਾ ਹੋਣ ਲੱਗਾ ਕਿ ਕਿਤੇ ਇਹ ਸੁਪਨਾ ਅੱਜ ਰਾਤੀਂ ਫਿਰ ਨਾ ਆ ਜਾਵੇ। ਉਸ ਨੇ ਆਪਣੇ ਛੇ ਸਾਲ ਦੇ ਭਤੀਜੇ ਮਿੱਠੂ ਨੂੰ ਆਪਣੇ ਨਾਲ ਪਾ ਲਿਆ।

ਉਸ ਰਾਤ ਉਸ ਨੂੰ ਉਹ ਸੁਪਨਾ ਤਾਂ ਨਾ ਆਇਆ, ਪਰ ਜਿਹੜਾ ਆਇਆ, ਉਹ ਉਸ ਨਾਲੋਂ ਵੀ ਅਜੀਬ ਕਿਸਮ ਦਾ ਸੀ। ਉਹ ਡੇਰੇ ਆਲੀ ਢਾਬ ਵਿਚ ਨਹਾ ਰਿਹਾ ਸੀ, ਤੇੜ-ਸਿਰ ਦੇ ਕੱਪੜੇ ਲਾਹ ਕੇ, ਅਲਫ ਨੰਗਾ! ਇਕ ਤੀਮੀਂ ਆਈ ਤੇ ਉਸ ਦੇ ਕੱਪੜੇ ਚੁੱਕ ਕੇ ਪਰਾਂਹ ਵਣਾਂ ਵਿਚ ਜਾ ਲੁਕੀ।

ਏਦਾਂ ਮ੍ਹੀਨਾ-ਵੀਹ ਦਿਨ ਉਸ ਨੂੰ ਇਹੋ ਜਿਹੇ ਸੁਪਨੇ ਆਉਂਦੇ ਰਹੇ। ਹਰ ਸੁਪਨੇ ਵਿਚ ਕਹਾਣੀ ਵੱਖ ਹੁੰਦੀ ਹੋਈ ਵੀ ਇਕ ਗੱਲ ਸਾਂਝੀ ਹੁੰਦੀ, ਤੀਮੀਂ ਦੇ ਆਉਣ ਦੀ ਗੱਲ।

ਪਹਿਲੇ ਦੋ ਤਿੰਨ ਸੁਪਨਿਆਂ ਨੇ ਤਾਂ ਗੱਜੂ ਨੂੰ ਘਬਰਾਹਟ ਦਿੱਤੀ। ਪਰ ਫੇਰ ਉਸ ਨੂੰ ਇਹ ਸੁਪਨੇ ਚੰਗੇ ਚੰਗੇ ਲੱਗਣ ਲੱਗ ਪਏ। ਉਸ ਨੂੰ ਇਨ੍ਹਾਂ ਵਿਚੋਂ ਨਿੱਘ ਜਿਹਾ ਮਿਲਣ ਲੱਗਾ। ਸੱਚੀ ਗੱਲ ਤਾਂ ਇਹ ਹੈ ਕਿ ਜੇ ਹੁਣ ਕਦੀ ਗੱਜੂ ਨੂੰ ਕੋਈ ਅਜਿਹਾ ਸੁਪਨਾ ਨਾ ਆਉਂਦਾ ਤਾਂ ਉਹ ਅਗਲੇ ਦਿਨ ਟੁੱਟਿਆ ਟੁੱਟਿਆ ਜਿਹਾ ਮਹਿਸੂਸ ਕਰਦਾ। ਅਜੀਬ ਗੱਲ ਸੀ ਕਿ ਇਹ ਸੁਪਨੇ ਜਾਂ ਤਾਂ ਉਸ ਨੂੰ ਪੰਦਰਾਂ-ਸੋਲਾਂ ਸਾਲ ਦੀ ਉਮਰ ਤੋਂ ਲੈ ਕੇ ਛੱਬੀ-ਸਤਾਈ ਸਾਲ ਦੀ ਉਮਰ ਤਕ ਆਏ ਸਨ ਜਾਂ ਹੁਣ, ਜਦੋਂ ਉਹ ਚਹੁੰ ਤੇ ਚਾਲੀ ਸਾਲ ਦਾ ਹੋ ਚੱਲਿਆ ਸੀ!

ਇਕ ਦਿਨ ਹੋਰ ਹੀ ਭਾਣਾ ਵਰਤਿਆ। ਦਿਨ ਛਿਪੇ ਮੂੰਹ ਨ੍ਹੇਰੇ ਜਿਹੇ ਉਹ ਸੂਏ ਵੱਲ ਜੰਗਲ ਪਾਣੀ ਗਿਆ। ਸਕੂਲ ਵਿਚ ਦੀ ਲੰਘਦਿਆਂ ਉਸ ਨੂੰ ਇਕ ਤੀਮੀਂ ਤੇ ਇਕ ਮਰਦ ਦਾ ਝਉਲਾ ਪਿਆ। ਮਰਦ ਨੇ ਤੀਵੀਂ ਨੂੰ ਆਪਣੀ ਹਿੱਕ ਨਾਲ ਘੁੱਟ ਰੱਖਿਆ ਸੀ। ਗੱਜੂ ਨੇ ਦੋਵਾਂ ਨੂੰ ਜਾ ਗਿੱਚੀ ਤੋਂ ਨੱਪਿਆ। ਇਹ ਤਾਂ ਜੇਠੂ ਬਾਣੀਏ ਦੀ ਵੱਡੀ ਕੁੜੀ ਸ਼ੀਲੋ ਤੇ ਧਰਮੇ ਤਖਾਣ ਦਾ ਮੁੰਡਾ ਘੀਚਰ ਸੀ। ਘੀਚਰ ਉਸ ਦੇ ਪੈਰੀਂ ਪੈ ਗਿਆ, ਚਾਚਾ ਹੱਥ ਬੰਨ੍ਹਾ ਲੈ, ਅੱਗੇ ਗੱਲ ਨਾ ਕਰੀਂ।

ਉਡ ਜੋ ਭੈਣ ਦਿਓ ਦੁੱਗੋ, ਜੇ ਅੱਗੇ ਨੂੰ ਏਹਾ ਜਾ ਕੰਮ ਕੀਤਾ ਤਾਂ ਦੇਖ ਲਿਓ ਫੇਰ? ਕਹਿਣ ਨੂੰ ਤਾਂ ਗੱਜੂ ਨੇ ਉਨ੍ਹਾਂ ਨੂੰ ਕਹਿ ਦਿੱਤਾ ਪਰ ਅੰਦਰੋਂ, ਇਹ ਸਭ ਕੁਝ ਦੇਖ ਕੇ ਉਸ ਨੂੰ ਆਪ ਨੂੰ ਵੀ ਸੁਆਦ ਜਿਹਾ ਆ ਗਿਆ ਸੀ।

ਉਸ ਰਾਤ ਉਸ ਨੂੰ ਫਿਰ ਸੁਪਨਾ ਆਇਆ, ਪਹਿਲਿਆਂ ਸੁਪਨਿਆਂ ਵਰਗਾ, ਪਰ ਇਸ ਵਾਰੀ ਉਸ ਨੇ ਸੁਪਨੇ ਵਿਚਲੀ ਤੀਮੀਂ ਨੂੰ ਪਛਾਣ ਲਿਆ, ਇਹ ਤਾਂ ਸੰਤੋ ਸੀ, ਉਸ ਦੀ ਆਪਣੀ ਭਰਜਾਈ।

ਸੁਪਨਾ ਕਾਹਦਾ ਆਇਆ, ਗੱਜੂ ਨੂੰ ਸੂਲੀ 'ਤੇ ਟੰਗ ਗਿਆ। ਕਦੇ ਉਸ ਨੂੰ ਲਗਦਾ, ਉਹ ਕੋਈ ਗੁਨਾਹਗਾਰ ਹੈ ਤੇ ਉਹ ਆਪਣੇ ਆਪ ਨੂੰ ਗਾਲ੍ਹਾਂ ਦੇਣ ਲੱਗ ਪੈਂਦਾ, ਇਹ ਕੀ ਹੁੰਦਾ ਜਾਂਦੈ ਤੈਨੂੰ ਭੈਣ ਦਿਆ ਦੁੱਗਾ। ਧੌਲੀ ਦਾੜ੍ਹੀ ਹੁਣ ਤੈਨੂੰ ਇਹ ਕੀ ਚਾਅ ਕੁੱਦਣ ਲੱਗ ਪਿਐ!

ਤੇ ਕਦੇ ਉਸ ਅੰਦਰ ਅੱਗ ਜਿਹੀ ਪੈਦਾ ਹੁੰਦੀ ਜਿਹੜੀ, ਉਸ ਨੂੰ ਲਗਦਾ ਉਸ ਨੂੰ ਸਾੜ ਕੇ ਹੀ ਸਾਹ ਲਵੇਗੀ। ਹਾਲਤ ਇਹ ਹੋ ਗਈ ਕਿ ਸੁਪਨਿਆਂ ਦੀ ਥਾਂ ਹੁਣ ਜਾਗਦਿਆਂ ਵੀ ਉਹ ਇਸ ਸਮੱਸਿਆ ਨਾਲ ਉਲਝਿਆ ਰਹਿੰਦਾ। ਪਤਾ ਨਹੀਂ ਕਿਉਂ, ਉਹ ਸੰਤੋ ਨੂੰ ਹੁਣ ਚੋਰ ਅੱਖ ਨਾਲ ਵੇਖਣ ਲੱਗ ਪਿਆ। ਸੰਤੋ ਉਸ ਤੋਂ ਘੁੰਡ ਕੱਢਦੀ ਸੀ ਪਰ ਇਹ ਘੁੰਡ ਐਵੇਂ ਨਾਂ ਦਾ ਹੀ ਸੀ। ਉਸ ਨੇ ਸੰਤੋ ਦਾ ਚਿਹਰਾ-ਮੋਹ੍ਰਾ ਅੱਗੇ ਵੀ ਸੌ ਵਾਰੀ ਵੇਖਿਆ ਸੀ, ਪਰ ਉਸ ਚਿਹਰੇ-ਮੋਹ੍ਰੇ ਵਿਚ ਕੋਈ ਹੋਰ ਹੀ ਗੱਲ ਸੀ।ਬਿਮਾਰੀ ਵਧਦੀ ਵਧਦੀ ਵਧ ਹੀ ਗਈ। ਅੱਗ ਦੇ ਭਾਂਬੜਾਂ ਨੇ ਗੱਜੂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਿਆਲਾਂ ਦੀ ਇਕ ਰਾਤ ਨੂੰ ਜਦੋਂ ਸੱਜਣ ਸੀਰੀ ਨਾਲ ਟਾਹਲੀ ਆਲੇ ਖੇਤ ਪਾਣੀ ਲਾਉਣ ਗਿਆ ਸੀ, ਗੱਜੂ ਆਪਣੇ ਆਪ ਨਾਲ ਘੁਲਦਾ ਸੰਤੋ ਦੇ ਮੰਜੇ ਦੀ ਬਾਹੀ ਉਤੇ ਜਾ ਬੈਠਾ। ਕੰਬਦੇ ਹੱਥਾਂ ਨਾਲ ਉਸ ਸੰਤੋ ਦੀ ਬਾਂਹ ਨੂੰ ਹਲੂਣਿਆ। ਸੰਤੋ ਤ੍ਰਭਕ ਕੇ ਉਠੀ, ਜਿਵੇਂ ਕਿਸੇ ਸੁਪਨੇ ਵਿਚੋਂ ਜਾਗੀ ਹੋਵੇ। ਗੱਜੂ ਨੂੰ ਆਪਣੇ ਮੰਜੇ 'ਤੇ ਬੈਠਾ ਵੇਖ ਕੇ ਜਿਵੇਂ ਉਸ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। ਇਕ ਵਾਰ ਤਾਂ ਉਸ ਨੂੰ ਸੱਜਣ ਦਾ ਝਉਲਾ ਵੀ ਪਿਆ, ਪਰ ਰਾਤ ਦੇ ਹਨੇਰੇ ਵਿੱਚ ਵੀ ਉਹ ਗੱਜੂ ਦੀ ਬੁਝੀ ਹੋਈ ਅੱਖ ਨੂੰ ਪਛਾਣ ਗਈ। ਉਸ ਅੰਦਰ ਜਿਵੇਂ ਕੋਈ ਸੁੱਤੀ ਹੋਈ ਬਘਿਆੜੀ ਜਾਗ ਪਈ ਹੋਵੇ। ਉਹ ਗੱਜੂ 'ਤੇ ਝਪਟਣ ਹੀ ਵਾਲੀ ਸੀ ਕਿ ਉਸ ਦੀ ਤ੍ਰੀਮਤ-ਸੂਝ ਬੋਲ ਪਈ, ਸੰਤੋ ਬੰਦੀਏ, ਕੁਝ ਹੋਸ਼ ਕਰ। ਸਾਰੀ ਸ਼ਕਤੀ 'ਕੱਠੀ ਕਰ ਕੇ ਉਸ ਨੇ ਆਪਣਾ ਗੁੱਸਾ ਕਾਬੂ ਕੀਤਾ ਤੇ ਬੋਲੀ, ਗੱਜਣਾ, ਜੇ ਬੰਦੇ ਦਾ ਪੁੱਤ ਐਂ ਤਾਂ ਹੁਣੇ ਉਠ ਖੜ੍ਹ ਮੰਜੇ ਤੋਂ।

ਗੱਜੂ ਦੇ ਸਿਰ ਉਤੇ ਜਿਵੇਂ ਕੋਤਰ-ਸੌ ਘੜਾ ਪਾਣੀ ਦਾ ਡੁੱਲ੍ਹ ਗਿਆ ਹੋਵੇ। ਸੰਤੋ ਨੂੰ ਉਹ ਇਕ ਸ਼ਬਦ ਵੀ ਨਾ ਕਹਿ ਸਕਿਆ। ਆਪਣੀ ਬਰਫ ਹੋਈ ਦੇਹ ਨੂੰ ਘਸੀਟਦਾ ਉਹ ਆਪਣੇ ਮੰਜੇ 'ਤੇ ਆ ਡਿੱਗਾ। ਗਈ ਰਾਤ ਤਕ ਉਹ ਛੱਤ ਦੀਆਂ ਛਤੀਰੀਆਂ ਵੱਲ ਵੇਖਦਾ ਰਿਹਾ। ਜਦੋਂ ਨੀਂਦ ਆਈ ਤਾਂ ਸੁਪਨੇ ਵੀ ਆਏ, ਸੁਪਨੇ ਜਿਨ੍ਹਾਂ ਵਿਚ ਘੋੜਿਆਂ 'ਤੇ ਚੜ੍ਹੀਆਂ ਤੀਮੀਆਂ ਉਸ ਦੀ ਹਿੱਕ ਉਤੋਂ ਦੀ ਦਗੜ-ਦਗੜ ਘੋੜੇ ਦਬੱਲੀ ਜਾਂਦੀਆਂ ਹਨ।

ਇਸ ਘਟਨਾ ਤੋਂ ਬਾਅਦ ਗੱਜੂ ਬਾਹਰਲੇ ਘਰ ਸੌਣ ਲੱਗ ਪਿਆ। ਇਸ ਘਟਨਾ ਤੋਂ ਬਾਅਦ ਗੱਜੂ ਮਰਜ਼ੀ ਨਾਲ ਕੋਈ ਕੰਮ ਕਰਦਾ, ਮਰਜ਼ੀ ਨਾਲ ਨਾ ਕਰਦਾ। ਗੱਜੂ ਨੂੰ ਕੋਈ ਤੋੜ ਜਿਹੀ ਲੱਗੀ ਰਹਿੰਦੀ ਤੇ ਉਹ ਇਸ ਤੋੜ ਨੂੰ ਕੰਡਾ ਖਾ ਕੇ ਤੋੜਨ ਦੀ ਕੋਸ਼ਿਸ ਕਰਦਾ। ਇਸ ਘਟਨਾ ਤੋਂ ਬਾਅਦ ਗੱਜੂ ਦਾ ਨੰਦ ਬੰਗਾਲੀ ਕੋਲ ਉਠਣ ਬਹਿਣ ਹੋ ਗਿਆ ਤੇ ਗੱਜੂ ਨੇ ਮੁੱਲ ਦੀ ਤੀਮੀਂ ਲਿਆਉਣ ਦਾ ਫੈਸਲਾ ਕਰ ਕੇ ਆਪਣੇ ਛੋਟੇ ਭਾਈ ਨੂੰ ਸੌ ਦੀ ਇਕ ਸੁਣਾਈ, ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ।

ਜਦੋਂ ਕੋਈ ਵੀ ਹੀਲਾ ਲੋਟ ਨਾ ਆਇਆ ਤਾਂ ਅਖੀਰ ਸੱਜਣ ਨੇ ਹਥਿਆਰ ਸੁੱਟ ਦਿੱਤੇ, ਚੰਗਾ ਭਰਾਵਾ, ਜਿਮੇਂ ਤੇਰੀ ਮਰਜ਼ੀ ਐ ਕਰ ਲੈ। ਜਮੀਨ ਵਿਚ ਤੇਰਾ ਅੱਧ ਐ, ਪਰਸੋਂ ਵੰਡ ਲਾਂਗੇ। ਪੰਚੈਤ ਕਾਹਨੂੰ ਪਾਉਣੀ ਐ ਵਿਚਾਲੇ। ਐਮੇਂ ਕੋਈ ਕੁਸ਼ ਆਖੂ, ਕੋਈ ਕੁਸ਼। ਮੈਂ ਅੱਜ ਜਾ ਕੇ ਕੱਲ੍ਹ ਨੂੰ ਮਾਮੇ ਨੂੰ ਲੈ ਆਉਨਾਂ। ਘਰ ਦੀ ਗੱਲ ਘਰ ਵਿਚ ਨਿਬੜ ਜੂ। ਸੱਜਣ ਤਾਂ ਐਨੀ ਕਹਿ ਕੇ ਨਾਨਕੀਂ ਮਾਮੇ ਨੂੰ ਲੈਣ ਚਲਿਆ ਗਿਆ, ਪਰ ਸੰਤੋ ਆਪਣੇ ਆਪ ਨਾਲ ਉਲਝੀ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਸੰਤੋ ਇਹ ਗੱਲ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦੀ ਕਿ ਗੱਜੂ ਤੀਮੀਂ ਸੱਚਮੁੱਚ ਹੀ ਲੈ ਆਵੇਗਾ।

(ਬਾਕੀ ਸਫ਼ਾ 31 'ਤੇ)

# ਦੋ ਯਾਤਰੀ ਮਾਈਆਂ

## ਪਰਗਟ ਸਿੰਘ ਸਤੌਜ

ਮੈਂ ਪਹਿਲਾਂ ਆਪਣੇ ਮੋਟਰ ਸਾਈਕਲ ਨੂੰ 'ਹਰ ਕਿਸੇ ਦੇ ਮਾਮੇ ਦਾ ਠੇਲਾ' ਬਣਾਈ ਰੱਖਿਆ। ਵੇਲੇ ਕੁਵੇਲੇ ਜਿਹੜਾ ਵੀ ਰਾਹ ਜਾਂਦਾ ਹੱਥ ਦੇ ਦਿੰਦਾ, ਮੈਂ ਹਰ ਇੱਕ ਨੂੰ ਬਿਠਾ ਲੈਂਦਾ। ਘਰ ਦੇ ਵੀ ਮੈਨੂੰ ਅਜਿਹਾ ਕਰਨ ਤੋਂ ਰੋਕਦੇ, ਪਰ ਮੇਰਾ ਮਨ ਅਜਿਹੀ ਗਲਤੀ ਫਿਰ ਕਰ ਜਾਂਦਾ। ਹੁਣ ਗੱਡੀ ਲੈ ਲਈ ਹੈ ਤਾਂ ਵੀ ਮੇਰੀ ਆਦਤ ਉਹੀ ਹੈ। ਦੂਜਾ ਇਸ ਮਾਮਲੇ ਵਿੱਚ 'ਸੌ ਕੋਹ ਤੋਂ ਵਲ ਪਾ ਕੇ ਲੰਡੇ ਨੂੰ ਖੁੰਡਾ ਟੱਕਰਨ' ਵਾਲੀ ਗੱਲ ਵਾਂਗ ਮੇਰੇ ਘਰ ਵਾਲੀ ਵੀ ਅਜਿਹੀ ਟੱਕਰੀ ਹੋਈ ਹੈ। ਕੁਝ ਦਿਨ ਹੋਏ ਮੈਂ ਤੇ ਮੇਰੀ ਪਤਨੀ ਦਵਾਈ ਲੈਣ ਬਰਨਾਲੇ ਇੱਕ ਡਾਕਟਰ ਕੋਲ ਚਲੇ ਗਏ। ਸ਼ਾਮ ਦਾ ਸਮਾਂ ਹੋਣ ਤੇ ਦੂਜਾ ਮੀਂਹ ਦਾ ਮੌਸਮ ਹੋਣ ਕਰਕੇ ਅਸੀਂ ਗੱਡੀ ਲੈ ਗਏ। ਗੱਡੀ ਡਾਕਟਰ ਦੀ ਕੋਠੀ ਅੱਗੇ ਜਾ ਰੋਕੀ। ਸਾਹਮਣੇ ਦਰਖ਼ਤ ਥੱਲੇ ਬੈਠਣ ਲਈ ਰੱਖੇ ਖੰਭੇ 'ਤੇ ਇਕ ਬਜ਼ੁਰਗ ਮਾਈ ਬੈਠੀ ਆਪਣੇ ਝੋਲੇ ਵਿੱਚੋਂ ਕੱਢ ਕੱਢ ਗੰਢਾਂ ਤੇ ਲਿਫਾਫੇ ਫਰੋਲ ਰਹੀ ਸੀ। ਅਸੀਂ ਗੱਡੀ ਬੈਕ ਲਾਉਣ ਲੱਗੇ ਤਾਂ ਉਹ ਕੁਝ ਬੋਲਣ ਲੱਗ ਪਈ। ਪਹਿਲਾਂ ਮੈਂ ਸੋਚਿਆ; ਕਿਤੇ ਸਾਡੇ ਤੋਂ ਕੋਈ ਗਲਤੀ ਨਾ ਹੋ ਗਈ ਹੋਵੇ, ਇਸ ਕਰਕੇ ਮੈਨੂੰ ਸਲੋਕ ਸੁਣਾ ਰਹੀ ਹੋਵੇ। ਜਦੋਂ ਅਸੀਂ ਗੱਡੀ ਤੋਂ ਉਤਰ ਕੇ ਉਸ ਕੋਲੋਂ ਲੰਘਣ ਲੱਗੇ ਤਾਂ ਉਹ ਫਿਰ ਬੋਲਣ ਲੱਗ ਪਈ, 'ਪੁੱਤ ਗਰਮੀ ਬਹੁਤ ਐ। ਮੁੰਡੇ ਨੂੰ ਸੰਭਾਲ ਕੇ ਰੱਖਿਓ! ਸੁੱਖ ਨਾਲ ਹੁਣ ਹੋਜੂ ਤੇਰਾ ਭਾਰ ਵੰਡਾਉਣ ਆਲਾ। ਕੋਈ ਨਾ ਪੁੱਤ। ਕੋਈ ਨਾ ਜਿਉਂਦਾ ਰਹਿ! ਮੈਂ ਮਾਈ ਦੀ ਆਵਾਜ਼ ਸੁਣ ਕੇ ਰੁਕ ਗਿਆ, 'ਬੇਬੇ ਕਿਹੜਾ ਪਿੰਡ ਐ? ਮੈਂ ਸੋਚਿਆ ਸੀ ਕਿ ਜੇ ਮੇਰੇ ਰਸਤੇ ਵੱਲ ਦਾ ਕੋਈ ਪਿੰਡ ਹੋਇਆ ਤਾਂ ਜਾਂਦਾ ਹੋਇਆ ਉਸ ਨੂੰ ਲਾਹ ਜਾਵਾਂਗਾ, ਬੇਬੇ ਕਿੱਥੇ ਬੱਸਾਂ 'ਚ ਧੱਕੇ ਖਾਂਦੀ ਫਿਰੇਗੀ। 'ਭਾਈ ਆਹੀ ਐ ਬਰਨਾਲਾ। ਮੈਂ ਹੋਰ ਸਵਾਲ ਕੀਤਾ, 'ਦਵਾਈ ਲੈਣ ਆਏ ਸੀ? ਉਸ ਨੇ ਮੇਰੀ ਪਤਨੀ ਦੀ ਗੋਦੀ ਚੁੱਕੀ ਸਾਡੀ ਕੁੜੀ ਵੱਲ ਮੋਹ ਭਿੱਜਿਆ ਇਸ਼ਾਰਾ ਕਰਦਿਆਂ ਕਿਹਾ, 'ਨਾ ਪੁੱਤ, ਮੈਂ ਤਾਂ ਸਹਿਣੇ ਜਾਣੈ। ਗਰਮੀ ਬਹੁਤ ਐ। ਦਮ ਲੈਣ ਰੁਕ ਗਈ ਸੀ। ਮੁੰਡੇ ਨੂੰ ਵੀ ਗਰਮੀ ਤੋਂ ਬਚਾ ਕੇ ਰੱਖਿਓ।' ਮੈਂ ਕਿਹਾ, 'ਬੇਬੇ ਇਹ ਤਾਂ ਸਾਡੀ ਕੁੜੀ ਹੈ, ਮੁੰਡਾ ਨਹੀਂ।' ਉਸ ਨੇ ਕਿਹਾ, 'ਚਲੋ ਕੋਈ ਨਾ। ਜਿਉਂਦੀ ਰਹੇ ਪੁੱਤ। ਜਿਉਂਦੀ ਰਹੇ!'

ਅਸੀਂ ਬੇਬੇ ਨਾਲ ਗੱਲਾਂ ਕਰ ਕੇ ਅੰਦਰ ਚਲੇ ਗਏ। ਡਾਕਟਰ ਮੇਰੀ ਹਾਜ਼ਰੀ ਚਾਹ ਨਾਲ ਕੁਝ ਖਵਾਏ ਬਿਨਾਂ ਮੰਨਦਾ ਨਹੀਂ ਸੀ। ਅਸੀਂ ਚਾਹ ਪੀਣ ਤੋਂ ਬਾਅਦ ਦਵਾਈ ਲੈ ਲਈ। ਇਸ ਸਾਰੇ ਸਮੇਂ ਦੌਰਾਨ ਮੇਰੇ ਦਿਮਾਗ ਵਿੱਚ ਉਹ ਮਾਤਾ ਘੁੰਮਦੀ ਰਹੀ। ਮੈਂ ਉਸ ਸਬੰਧੀ ਕਿੰਨੀਆਂ ਹੀ ਕਹਾਣੀਆਂ ਮਨ ਵਿੱਚ ਘੜ ਲਈਆਂ। ਜਦੋਂ ਅਸੀਂ ਦਵਾਈ ਲੈ ਕੇ ਬਾਹਰ ਆਏ ਤਾਂ ਵੇਖਿਆ, ਉਹ ਚੌਂਕੜੀ ਖਾਲੀ ਸੀ, ਜਿਥੇ ਪਹਿਲਾਂ ਮਾਈ ਨੇ ਡੇਰਾ ਲਾਇਆ ਹੋਇਆ ਸੀ। ਮੈਂ ਥੋੜ੍ਹਾ ਉਦਾਸ ਹੋ ਗਿਆ। ਇੰਜ ਲੱਗਿਆ ਜਿਵੇਂ ਕਿਸੇ ਚੀਜ਼ ਤੋਂ ਵਾਂਝਾ ਰਹਿ ਗਿਆ ਹੋਵਾਂ।

ਵਾਪਸੀ 'ਤੇ ਢੈਪਈ ਤੋਂ ਬੀਰ ਵੱਲ ਆਉਂਦਿਆਂ ਸਾਨੂੰ ਅਜਿਹੀ ਇੱਕ ਮਾਈ ਹੋਰ ਟੱਕਰ ਗਈ। ਪੁਰਾਣੇ ਕੱਪੜੇ, ਹੱਥ ਵਿੱਚ ਮੈਲਾ ਜਿਹਾ ਝੋਲਾ, ਧੂੜ ਨਾਲ ਅੱਟੇ ਪੈਰਾਂ ਵਿੱਚ ਘਸੀਆਂ ਹੋਈਆਂ ਚੱਪਲਾਂ। 'ਵਿਚਾਰੀ ਬੇਬੇ ਕਿੱਥੇ ਤੁਰ ਕੇ ਜਾਊ! ਆਪਾਂ ਬਿਠਾ ਲੈਨੇ ਆਂ।', ਮੇਰੀ ਪਤਨੀ ਤੁਰੀ ਜਾਂਦੀ ਬੇਬੇ ਨੂੰ ਵੇਖ ਕੇ ਪਸੀਜ ਗਈ।

ਮੈਂ ਬੇਬੇ ਦੇ ਬਰਾਬਰ ਜਾ ਕੇ ਗੱਡੀ ਰੋਕ ਲਈ ਤੇ ਮੇਰੀ ਪਤਨੀ ਨੇ ਕਿਹਾ, 'ਆ ਜਾ ਬੇਬੇ ਬੈਠ ਜਾ। ਉਸ ਨੇ ਰੁਕ ਕੇ ਸਾਡੇ ਵੱਲ ਪਿਆਰ ਨਾਲ ਵੇਖਿਆ ਤੇ ਕਹਿਣ ਲੱਗੀ, 'ਭਾਈ ਮੈਂ ਤਾਂ ਸਿਆਣਿਆ ਨੀ, ਤੂੰ ਕੀਹਦਾ ਮੁੰਡੈ? 'ਮੈਂ ਬੇਬੇ ਤੇਰਾ ਗੁਆਂਢੀ ਆਂ ਸਤੌਜ ਤੋਂ। ਮੈਂ ਬੜੇ ਮਾਣ ਨਾਲ ਕਿਹਾ, ਕਿਉਂਕਿ ਇਨ੍ਹਾਂ ਪਿੰਡਾਂ ਵਿੱਚ ਮੇਰੇ ਪਾਠਕ ਤੇ ਦੋਸਤ ਬਹੁਤ ਹਨ, ਜਿਨ੍ਹਾਂ ਦੇ ਮੈਂ ਘਰਾਂ ਵਿੱਚ ਜਾ ਕੇ ਚਾਹਾਂ ਪੀਤੀਆਂ ਅਤੇ ਰੋਟੀਆਂ ਖਾਧੀਆਂ ਹਨ। ਇਸ ਤਰ੍ਹਾਂ ਇਹ ਪਿੰਡ ਮੈਨੂੰ ਆਪਣੇ ਹੀ ਲੱਗਦੇ ਹਨ। ਉਸ ਮਾਈ ਦੇ ਹਾਵ ਭਾਵ ਇਕਦਮ ਬਦਲ ਗਏ। ਉਹ ਗੱਡੀ ਤੋਂ ਇਸ ਤਰ੍ਹਾਂ ਪਿੱਛੇ ਹਟ ਗਈ ਜਿਵੇਂ ਕਰੰਟ ਲੱਗ ਗਿਆ ਹੋਵੇ। ਫਿਰ ਉਹ ਇੱਕ ਕਦਮ ਆਪਣੀ ਮੰਜ਼ਲ ਵੱਲ ਪੁੱਟਦੀ ਬੋਲੀ, 'ਨਾ ਵੇ ਭਾਈ, ਮੈਂ ਨ੍ਹੀਂ ਬਹਿੰਦੀ। ਉਸ ਨੇ ਇਨਕਾਰ ਕਰਦਾ ਖਾਲੀ ਹੱਥ ਹਵਾ ਵਿੱਚ ਛੰਡਿਆ। ਉਸ ਦੀ ਇਹ ਅਦਾ ਮੈਨੂੰ ਇੰਜ ਲੱਗੀ ਜਿਵੇਂ ਤਕੜਾ ਭਲਵਾਨ ਮਾੜੇ ਨੂੰ ਪਹਿਲੇ ਦਾਅ ਨਾਲ ਹੀ ਚਿੱਤ ਕਰ ਗਿਆ ਹੋਵੇ ਅਸੀਂ ਮੀਆਂ ਬੀਵੀ ਇਕ ਦੂਜੇ ਦੇ ਮੂੰਹ ਵੱਲ ਵੇਖਦੇ ਬੇਸ਼ਰਮ ਜਿਹੇ ਹੋ ਗਏ। ਇਸ ਗੱਲ 'ਤੇ ਮੇਰੀ ਪਤਨੀ ਕਹਿੰਦੀ, 'ਲੈ ਬੇਬੇ ਤੇਰੀਆਂ ਕਿਹੜਾ ਅਸੀਂ ਬਾਲੀਆਂ ਲਾਹ ਲੈਂਦੇ। ਪਤਨੀ ਦੀ ਗੱਲ 'ਤੇ ਅਸੀਂ ਦੋਵੇਂ ਹੱਸ ਪਏ। ਤਾਜ਼ੀ-ਤਾਜ਼ੀ ਸਾਡੇ ਨਾਲ ਹੋਈ ਇਹ 'ਆਪਬੀਤੀ' ਅਸੀਂ ਹਾਸੇ ਵਿੱਚ ਹੀ ਉਡਾ ਦਿੱਤਾ ਤਾਂ ਕਿ ਕਿਸੇ ਹੋਰ ਨੂੰ ਬਿਠਾਉਣ ਲਈ ਦਿਮਾਗ ਦੀ ਜਗ੍ਹਾ ਫਿਰ ਖਾਲੀ ਹੋ ਜਾਵੇ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ



## ਜੀ ਕਰਦੈ ਮੈਂ ਪੱਧਰੇ ਹੋਵਾਂ ਬਾਰਿਸ਼ ਵਿੱਚ

ਉਲਫ਼ਤ ਬਾਜਵਾ



ਜੀ ਕਰਦੈ ਮੈਂ ਪੱਧਰੇ ਹੋਵਾਂ ਬਾਰਿਸ਼ ਵਿੱਚ
ਮਨ ਅਪਣੇ ਦੀ ਕਾਲਮ ਧੋਵਾਂ ਬਾਰਿਸ਼ ਵਿੱਚ

ਤੇਰੇ ਕੋਲ ਕਦੇ ਜੇ ਹੋਵਾਂ ਬਾਰਿਸ਼ ਵਿੱਚ
ਬੱਦਲ ਵਾਂਗੂੰ ਛਮ-ਛਮ ਰੋਵਾਂ ਬਾਰਿਸ਼ ਵਿੱਚ

ਅੰਦਰ ਬਾਹਰ ਹੰਝੂਆਂ ਦਾ ਮੀਂਹ ਪੈਂਦਾ ਹੈ
ਕਿੱਥੇ ਅਪਣਾ-ਆਪ ਲਕੋਵਾਂ ਬਾਰਿਸ਼ ਵਿੱਚ

ਕੱਚ ਕੋਠੇ ਵਾਂਗੂੰ ਕਿਉਂ ਦਿਲ ਢਾਵ੍ਹਾਂ ਮੈਂ
ਕਿਉਂ ਨਾ ਪਰਬਤ ਵਾਂਗ ਖਲੋਵਾਂ ਬਾਰਿਸ਼ ਵਿੱਚ

ਅੰਦਰ ਦੀ ਅੱਗ ਅੰਦਰ ਬਹਿਣ ਨਹੀਂ ਦਿੰਦੀ
ਦਿਲ ਸੜਦੈ ਜੇ ਬਾਹਰ ਹੋਵਾਂ ਬਾਰਿਸ਼ ਵਿੱਚ

ਮੋਰ - ਪਪੀਹੇ ਗੀਤ ਖ਼ੁਸ਼ੀ ਦੇ ਗਾਉਂਦੇ ਨੇ
ਮੈਂ ਕਿਉਂ ਗ਼ਮ ਦੀ ਚੱਕੀ ਝੋਵਾਂ ਬਾਰਿਸ਼ ਵਿੱਚ

ਜਾਮ ਖ਼ੁਸ਼ੀ ਦੇ ਭਰ ਕੇ ਘੱਲੇ ਕੁਦਰਤ ਨੇ
ਮੈਂ ਕਿਉਂ ਅੱਖਾਂ ਭਰ ਕੇ ਰੋਵਾਂ ਬਾਰਿਸ਼ ਵਿੱਚ

'ਗੜ੍ਹਦੀ ਵਾਲੇ' ਜਾਵਾਂਗੇ 'ਦੀਦਾਰ' ਲਈ
ਰਸਤੇ ਬੇਸ਼ਕ ਰੋਕੇ ਚੋਵਾਂ ਬਾਰਿਸ਼ ਵਿੱਚ

ਪੌਣ ਸੁਨੇਹਾ ਲੈ ਕੇ ਤੇਰਾ ਆਈ ਹੈ
ਮੈਂ ਕਿਉਂ ਦਿਲ ਦਾ ਬੂਹਾ ਢੋਵਾਂ ਬਾਰਿਸ਼ ਵਿੱਚ

ਵੇਖੋ 'ਉਲਫ਼ਤ' ਮਲਬੇ ਹੇਠ ਕਦੋਂ ਦਬਦੈ
ਉਠ ਉਠ ਲੈਣ ਗੁਆਂਢੀ ਸੋਵਾਂ ਬਾਰਿਸ਼ ਵਿੱਚ

## ਲੋਰੀ

(ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੀ ਨਜ਼ਰ)

ਸੁੰਞੀਆਂ ਰਾਹਾਂ ਉੱਤੇ ਤੁਰਦੇ ਤੁਰਦੇ
ਮੈਨੂੰ ਗੀਤਾਂ ਦੀ ਇੱਕ ਮਾਲਾ ਲੱਭੀ
ਮੁੜ ਸੁੰਞੀਆਂ ਰਾਹਾਂ
ਸੁੰਞੀਆਂ ਨਾ ਰਹੀਆਂ
ਮੁੜ ਅੱਖਾਂ ਦੇ ਮੋਤੀ
ਚਾਨਣ ਦੇ ਫੁੱਲ ਬਣ ਗਏ
ਮੁੜ ਇੱਕ ਨਾਰ ਦੀ ਸੂਹੀ ਚੁੰਨੀ
ਹੰਝੂਆਂ ਦੇ ਸਾਗਰ ਵਿੱਚ ਤਰਦੀ ਤਰਦੀ
ਜਦ ਕੰਢੇ 'ਤੇ ਆਈ
ਆਪਣੇ ਹੱਕ ਲਈ
ਉੱਠੀਆਂ ਬਾਹਾਂ ਸੰਗ ਲਹਿਰਾਈ ।
ਗੀਤਾਂ ਦੀ ਇਹ ਸੁੰਦਰ ਮਾਲਾ
ਮੇਰੇ ਸਾਰੇ ਦੁੱਖੜੇ ਵੰਡੇ
ਵੇਖ ਨਾ ਸਕੇ
ਮੇਰੇ ਪੈਰੀਂ ਕੰਡੇ
ਜਿਉਂ ਮਾਂ ਦੀ ਲੋਰੀ
ਆਪਣੇ ਹੱਕ ਵਿੱਚ ਉੱਠੀਆਂ ਬਾਹਾਂ
ਹੋਰ ਵੀ ਉੱਚੀਆਂ ਹੋ ਗਈਆਂ ਨੇ ।

## ਪੱਥਰ ਨੂੰ ਜਦ ਪੱਥਰ ਲੱਗੇ

ਸਲੀਮ ਕਾਸ਼ਰ

ਪੱਥਰ ਨੂੰ ਜਦ ਪੱਥਰ ਲੱਗੇ ਸ਼ੋਅਲੇ ਰੋਂਦਾ ਡਿੱਠਾ ਏ ।
ਸੂਲਾਂ ਸਾਮ੍ਹਣੇ ਸੀਨਾ ਤਾਣ ਕੇ ਫੁੱਲ ਖਲੋਂਦਾ ਡਿੱਠਾ ਏ ।
ਕਰਨੀ ਭਰਨੀ ਪੈ ਜਾਂਦੀ ਏ ਇਹ ਗੱਲ ਬੜੀ ਪੁਰਾਣੀ ਏ,
ਉਹੋ ਫੁੱਲ ਸਮੇਟੇ ਜਿਹੜਾ ਕੰਡੇ ਬੋਂਦਾ ਡਿੱਠਾ ਏ ।
ਦਿਨ ਚੜ੍ਹਿਆ ਤੇ ਉਥੇ ਜ਼ਰਾ ਵੀ ਗਹਿਮਾ-ਗਹਿਮੀ ਕੋਈ ਨਾ ਸੀ,
ਰਾਤੀਂ ਜੀਹਨਾਂ ਸੜਕਾਂ ਉੱਤੇ ਕੀ ਕੀ ਹੁੰਦਾ ਡਿੱਠਾ ਏ ।
ਨਵੇਂ ਸਾਲ ਨੂੰ ਉਸ ਨੇ ਹੋਰ ਇੱਕ ਬਿਲਡਿੰਗ ਨਵੀਂ ਉਸਾਰੀ ਏ,
ਹਵਸ-ਪ੍ਰਸਤਾਂ ਅੱਗੇ ਜਿਹੜਾ ਢੋਏ ਢੋਂਦਾ ਡਿੱਠਾ ਏ ।
ਵੰਨ-ਸਵੰਨੇ ਸਾਬਣ ਮਲ ਮਲ ਜਿਸਮ ਨਿਖਾਰੇ ਜਾਂਦੇ ਨੇ,
ਆਪਣੀ ਗੰਦੀ ਰੂਹ ਨੂੰ ਏਥੇ ਕੋਈ ਨਾ ਧੋਂਦਾ ਡਿੱਠਾ ਏ ।
ਪਿਆਰ ਦਾ ਜਜ਼ਬਾ ਅਕਲਾਂ ਦੇ ਮਰ ਜਾਵਣ ਤੇ ਵੀ ਮਰਦਾ ਨਹੀਂ,
ਅੱਜ ਇੱਕ ਪਾਗਲ ਤਾਈਂ 'ਕਾਸ਼ਰ' ਹਾਰ ਪਰੋਂਦਾ ਡਿੱਠਾ ਏ ।

## ਹੜ੍ਹ ਦੇ ਮੌਸਮ

ਇਕਰਾਮ ਮਜੀਦ

ਹੜ੍ਹ ਦੇ ਮੌਸਮ, ਵਿੱਚ ਦਰਿਆਵਾਂ, ਵੇਖਿਆਂ ਮੁੱਦਤ ਹੋਈ ਏ ।
ਪਾਣੀ ਚੁੱਕੀ ਫਿਰਦੀਆਂ 'ਵਾਵਾਂ', ਵੇਖਿਆਂ ਮੁੱਦਤ ਹੋਈ ਏ ।

ਆਵਣ ਵਾਲਾ ਹਰ ਮੌਸਮ ਈ, ਰੂਪ ਬਦਲ ਕੇ ਆਉਂਦਾ ਏ,
ਅਸਲੀ ਧੁੱਪਾਂ, ਅਸਲੀ ਛਾਵਾਂ, ਵੇਖਿਆਂ ਮੁੱਦਤ ਹੋਈ ਏ ।

ਹਾਸੇ ਅੰਦਰ ਸੁੱਚਲ ਖ਼ੁਸ਼ੀਆਂ, ਦਾ ਰੰਗ ਨਜ਼ਰੀਂ ਆਉਂਦਾ ਨਹੀਂ,
ਮੁੱਖੜੇ ਖਿੜਦੇ ਵਾਂਗ ਕਪਾਹਵਾਂ, ਵੇਖਿਆਂ ਮੁੱਦਤ ਹੋਈ ਏ ।

ਡਿਉੜੀ ਦੇ ਵਿੱਚ, ਤਾਂਘਾਂ ਵਾਲਾ, ਦੀਵਾ ਬਾਲ ਕੇ ਪੁੱਤਰਾਂ ਲਈ,
ਰਾਤਾਂ ਜਾਗਣ ਵਾਲੀਆਂ ਮਾਵਾਂ, ਵੇਖਿਆਂ ਮੁੱਦਤ ਹੋਈ ਏ ।

ਲਗਦੈ ਉਹਦੇ ਲਹੂ ਦੀ ਗਰਮੀ, ਛੱਡ ਦਿੱਤਾ ਏ ਉਹਦਾ ਸਾਥ,
ਉਹਨੂੰ ਫਿਰਦੇ ਨਾਲ ਬਲਾਵਾਂ, ਵੇਖਿਆਂ ਮੁੱਦਤ ਹੋਈ ਏ ।

ਵਰ੍ਹਿਆਂ ਤੋਂ ਏ, ਸ਼ਹਿਰਾਂ ਉਪਰ, ਰਾਜ ਸੁਲਘਦੇ ਸੂਰਜ ਦਾ,
ਭੋਰਾ ਜਿੰਨ੍ਹਾਂ ਵੀ ਪਰਛਾਵਾਂ, ਵੇਖਿਆਂ ਮੁੱਦਤ ਹੋਈ ਏ ।

ਕੀ ਹੋਇਆ ਜੇ, ਉਹਦਾ ਸਾਲਾਂ, ਪਿੱਛੋਂ ਵੀ ਖ਼ਤ ਆਇਆ ਨਹੀਂ,
ਸਾਨੂੰ ਵੀ ਤੇ, ਉਹਦੀਆਂ ਰਾਹਵਾਂ, ਵੇਖਿਆਂ ਮੁੱਦਤ ਹੋਈ ਏ ।

ਹਾਲੇ ਤੀਕ ਵੀ ਸਾਡੇ ਜੁੱਸੇ, ਓਸ ਤਰ੍ਹਾਂ ਈ ਠਰਦੇ ਨੇ,
ਉਂਜ 'ਤੇ ਸਾਨੂੰ ਠੰਢੀਆਂ ਥਾਂਵਾਂ, ਵੇਖਿਆਂ ਮੁੱਦਤ ਹੋਈ ਏ ।

## ਕਿੰਨੇ ਵਰਕੇ

ਹਰਜੀਤ ਸਿੰਘ ਗਹੂਣੀਆ

ਕਿੰਨੇ ਵਰਕੇ ਫੋਲੇ ਨੇ, ਮੈਂ ਇੱਕੋ ਹੀ ਜਵਾਬ ਪਿੱਛੇ
ਕਿਵੇਂ ਮੇਚ ਆਇਆ ਸੀ, ਚਿਹਰਾ ਇਸ ਨਕਾਬ ਪਿੱਛੇ

ਕਿੰਨੇ ਸੂਰਜ ਡੁੱਬੇ ਨੇ, ਸ਼ਾਮਾਂ ਦੀ ਖ਼ੂਬਸੂਰਤੀ ਲਈ
ਹਨੇਰਿਆਂ ਦੀ ਜਿੱਦ ਅੱਗੇ, ਰਾਤਾਂ ਦੇ ਖ਼ਵਾਬ ਪਿੱਛੇ

ਅੱਖਾਂ ਭਰੀਆਂ ਭਰੀਆਂ ਸੀ, ਆਖਰੀ ਮੁਲਾਕਾਤ ਵੇਲੇ
ਕੋਈ ਮਜਬੂਰੀ ਹੋਵੇਗੀ, ਜਾਂਦੀ ਵਾਰੀ ਦੇ ਆਦਾਬ ਪਿੱਛੇ

ਇੱਕ ਨਾਮ ਜ਼ਰੂਰ ਉੱਠੇਗਾ, ਜਦ-ਜਦ ਵੀ ਮਹਿਫ਼ਲ ਜਮੇਗੀ
ਕਾਰਨ ਮੁਹੱਬਤ ਹੋਵੇਗਾ, ਮਹਿਫ਼ਲ ਦੀ ਸ਼ਰਾਬ ਪਿੱਛੇ

ਕਿੰਨਾਂ ਕੁੱਝ ਗਵਾਚਿਆ ਹੈ, ਧਰਤੀ ਲਈ ਅੰਬਰਾਂ ਨੇ
ਬੱਦਲ-ਬੱਦਲ ਨਿਚੋੜ ਦਿੱਤਾ, ਬਗੀਚੇ ਦੇ ਗੁਲਾਬ ਪਿੱਛੇ

ਹਰ ਪੰਨਾ ਸਲ੍ਹਾਬਿਆ ਹੈ, ਇੱਕ-ਇੱਕ ਅੱਖਰ ਗਿੱਲਾ ਹੈ
ਕੋਈ ਆਸ਼ਿਕ ਜ਼ਰੂਰ ਰੋਇਆ ਹੈ, ਪੜ੍ਹਦੇ-ਪੜ੍ਹਦੇ ਕਿਤਾਬ ਪਿੱਛੇ

## ਆ ਨੀਂ ਜਿੰਦੇ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਆ ਨੀਂ ਜਿੰਦੇ, ਧੁਰ ਅੰਦਰੋਂ ਕੁੜ੍ਹੀਏ,
ਅਣਦੇਖੀ ਸੁਣੀਏ, ਅਨਹੋਣੀ ਕਰੀਏ।
ਕੋਝੇ ਸਮਿਆਂ ਦੇ, ਤੋਹਫ਼ਿਆਂ ਵਰਗੇ,
ਅੱਲੇ ਜ਼ਖ਼ਮਾਂ ਤੇ, ਮਿਰਚਾਂ ਧਰੀਏ।
ਮਾਰ ਦੁਹੱਥੜ, ਰੱਜ ਕੇ ਹੱਸੀਏ,
ਖਿੜਖਿੜਾ ਕੇ, ਭੁੱਬੀਂ ਰੋਈਏ।
ਸੂਰਜ ਨੂੰ ਚੱਲ, ਠੰਢਾ ਕਰੀਏ,
ਚੰਦਰਮਾ ਦੀ, ਅੱਗ ਨੂੰ ਫੜੀਏ।
ਅੰਬਰ 'ਤੇ ਹਲ਼, ਡੂੰਘਾ ਵਾਹੀਏ,
ਧਰਤੀ ਨੂੰ ਚੱਲ, ਬੰਜਰ ਕਰੀਏ।
ਸੱਚ ਨੂੰ ਚੱਲ ਨਿੱਤ, ਫਾਹੇ ਟੰਗੀਏ,
ਝੂਠ ਦੀ ਨਿੱਠ ਕੇ, ਰਾਖੀ ਕਰੀਏ।
ਬਾਂਝ ਇਰਾਦੇ, ਗਰਭੀਂ ਪਨਪਣ,
ਬੋਟਾਂ ਦੇ ਗਲ, ਗੂਠਾ ਧਰੀਏ।
ਰੋਕੀਏ ਰਸਤੇ, ਰਾਹਬਰਾਂ ਦੇ,
ਰਾਹਜ਼ਨਾਂ ਦੀਆਂ, ਸਿਫਤਾਂ ਕਰੀਏ।
ਤੋੜ ਦੇਈਏ, ਖ਼ੁਸ਼ੀਆਂ ਦੇ ਰਿਸ਼ਤੇ,
ਹਿਰਖਾਂ ਦੇ ਘੁੱਟ, ਚੀਂਡੀਂ ਭਰੀਏ।
ਆ ਨੀਂ ਜਿੰਦੇ, ਧੁਰ ਅੰਦਰੋਂ ਕੁੜ੍ਹੀਏ,
ਅਣਦੇਖੀ ਸੁਣੀਏ, ਅਨਹੋਣੀ ਕਰੀਏ।

## ਪੱਥਰ ਦੇ ਇਨਸਾਨਾਂ ਦੇ ਵਿੱਚ ਰਹਿਣੇ ਆਂ

ਹਮਾਯੂੰ ਪ੍ਰਵੇਜ਼ ਸ਼ਾਹਿਦ

ਪੱਥਰ ਦੇ ਇਨਸਾਨਾਂ ਦੇ ਵਿੱਚ ਰਹਿਣੇ ਆਂ ।
ਯਾ ਫਿਰ ਬੰਦ ਮਕਾਨਾਂ ਦੇ ਵਿੱਚ ਰਹਿਣੇ ਆਂ ।

ਚੁੱਪਾਂ ਦੀ ਆਵਾਜ਼ ਸੁਣਾਈ ਦੇਵੇ ਸਾਫ਼,
ਖ਼ਵਰੇ ਕਬਰਸਤਾਨਾਂ ਦੇ ਵਿੱਚ ਰਹਿਣੇ ਆਂ ।

ਸੋਨੇ ਚਾਂਦੀ ਨਾਲ ਜੋ ਤੋਲਣ ਕਦਰਾਂ ਨੂੰ,
ਅਸੀਂ ਉਨ੍ਹਾਂ ਨਾਦਾਨਾਂ ਦੇ ਵਿੱਚ ਰਹਿਣੇ ਆਂ ।

ਅੱਜ ਵੀ ਸੱਸੀਆਂ ਵਿੱਚ ਥਲਾਂ ਦੇ ਸੜਦੀਆਂ ਨੇ,
ਅੱਜ ਵੀ ਰੇਗਿਸਤਾਨਾਂ ਦੇ ਵਿੱਚ ਰਹਿਣੇ ਆਂ ।

ਸੁਣੀਏ ਕਿਸਰਾਂ ਦੁਖੜੇ ਧਰਤੀ ਵਾਲਿਆਂ ਦੇ,
ਅਸੀਂ ਤੇ ਆਪ ਅਸਮਾਨਾਂ ਦੇ ਵਿੱਚ ਰਹਿਣੇ ਆਂ ।

'ਸ਼ਾਹਿਦ' ਸਾਨੂੰ ਵੇਲਾ ਕਿਸਰਾਂ ਭੁੱਲੇਗਾ,
ਇਹਦੀਆਂ ਸਭ ਸ਼ਰਿਆਨਾਂ ਦੇ ਵਿਚ ਰਹਿਣੇ ਆਂ।

## ਬਰਖਾ

ਕਰਤਾਰ ਸਿੰਘ ਬਲੱਗਣ

ਉੱਘੜ ਗਈ ਮੇਰੀ ਯਾਦਾਂ ਦੀ ਨੀਂਦਰ,
ਆਉਂਦੀ ਬਰਖਾ ਤੱਕ ਕੇ ।
ਸੁਰਮੇ ਰੰਗੀਆਂ ਵੇਖ ਘਟਾਵਾਂ ।
ਬੀਤੀ ਦੇ ਭਿੱਤ ਖੋਲ੍ਹੇ ਹਾਵਾਂ ।
ਕਿਣ ਮਿਣ ਵਿੱਚ ਕੋਈ ਜੀਵਨ ਘਟਨਾ,
ਵੇਖਾਂ ਹੰਝੂ ਡੱਕ ਕੇ ।
ਉੱਘੜ ਗਈ ਮੇਰੀ ਯਾਦਾਂ ਦੀ ਨੀਂਦਰ,
ਆਉਂਦੀ ਬਰਖਾ ਤੱਕ ਕੇ ।
ਇਸ ਬਰਖਾ ਦੀਆਂ ਆਵਾ ਜਾਈਆਂ ।
ਵਿੱਸਰੀਆਂ ਗੱਲਾਂ ਯਾਦ ਕਰਾਈਆਂ ।
ਮਨ ਦਾ ਉਹ ਇਤਿਹਾਸ ਪੁਰਾਣਾ,
ਫੋਲਾਂ ਪਈ ਝੱਕ ਝੱਕ ਕੇ ।
ਉੱਘੜ ਗਈ ਮੇਰੀ ਯਾਦਾਂ ਦੀ ਨੀਂਦਰ,
ਆਉਂਦੀ ਬਰਖਾ ਤੱਕ ਕੇ ।
ਸੁਣ ਕਣੀਆਂ ਦਾ ਜ਼ੋਰ ਵਧੇਰਾ ।
ਜਾਗ ਪਿਆ ਕੋਈ ਸੁਫ਼ਨਾ ਮੇਰਾ ।
ਦਿਲ ਦੇ ਜ਼ਖ਼ਮ ਹਰੇ ਹੋ ਚੱਲੇ,
ਸੁੱਕ ਗਏ ਸੀ ਜੋ ਪੱਕ ਕੇ ।
ਉੱਘੜ ਗਈ ਮੇਰੀ ਯਾਦਾਂ ਦੀ ਨੀਂਦਰ,
ਆਉਂਦੀ ਬਰਖਾ ਤੱਕ ਕੇ ।
ਤਕ ਰੁੱਖਾਂ ਤੋਂ ਮੋਤੀ ਕਿਰਦੇ ।
ਅੱਖਾਂ ਵਿੱਚ ਉਹ ਦਿਨ ਪਏ ਫਿਰਦੇ ।
ਤ੍ਰਿਪ ਤ੍ਰਿਪ ਵਿੱਚ ਜਦ ਝੰਗੀ ਥੱਲੇ,
ਬਹਿ ਜਾਂਦੇ ਸਾਂ ਥੱਕ ਕੇ ।
ਉੱਘੜ ਗਈ ਮੇਰੀ ਯਾਦਾਂ ਦੀ ਨੀਂਦਰ,
ਆਉਂਦੀ ਬਰਖਾ ਤੱਕ ਕੇ ।
ਇਸ ਬਦਲੀ ਨ ਇਕੋ ਵੇਰੀ ।
ਬਦਲ ਦਿੱਤੀ ਏ ਦੁਨੀਆਂ ਮੇਰੀ ।
ਵਰਤਮਾਨ 'ਚੋਂ ਭੂਤ ਸਮੇਂ ਵਿੱਚ,
ਲੈ ਗਈ ਮੈਨੂੰ ਚੱਕ ਕੇ ।
ਉੱਘੜ ਗਈ ਮੇਰੀ ਯਾਦਾਂ ਦੀ ਨੀਂਦਰ,
ਆਉਂਦੀ ਬਰਖਾ ਤੱਕ ਕੇ ।

# ਪੰਜਾਬੀਆਂ ਨੂੰ ਦੇਸ਼ ਭਗਤੀ ਦਾ ਸਬੂਤ ਦੇਣ ਦੀ ਲੋੜ ਨਹੀਂ : ਗਾਇਕ ਸ਼ੁਭ



ਪੰਜਾਬ ਅਤੇ ਜੰਮੂ-ਕਸ਼ਮੀਰ ਨੂੰ ਭਾਰਤ ਦੇ ਨਕਸ਼ੇ ਤੋਂ ਹਟਾਉਣ ਦੀ ਪੋਸਟ ਤੋਂ ਬਾਅਦ ਵਿਵਾਦਾਂ ਵਿੱਚ ਆਏ ਕੈਨੇਡੀਅਨ ਗਾਇਕ ਸ਼ੁਬਨੀਤ ਸਿੰਘ ਉਰਫ਼ ਸ਼ੁਭ ਨੇ ਪੂਰੀ ਘਟਨਾ ਤੋਂ ਬਾਅਦ ਇਹ ਪ੍ਰਤੀਕਿਰਿਆ ਉਦੋਂ ਆਈ ਹੈ ਜਦੋਂ ਵੋਟ-ਸਪੀਕਰ ਕੰਪਨੀ ਮੁੰਬਈ ਨੇ ਸਪਾਂਸਰਸ਼ਿਪ ਵਾਪਸ ਲੈ ਲਈ ਸੀ ਅਤੇ 23 ਸਤੰਬਰ ਤੋਂ 25 ਸਤੰਬਰ ਤੱਕ ਸ਼ੋਅ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਦੌਰਾਨ ਕਈ ਭਗਵੇਂਵਾਦੀ ਸੋਸ਼ਲ ਮੀਡੀਆ ਉੱਪਰ ਉਸ ਖ਼ਿਲਾਫ਼ ਪੋਸਟਾਂ ਸ਼ੇਅਰ ਕਰ ਨਫ਼ਰਤ ਫੈਲਾ ਰਹੇ ਹਨ। ਗਾਇਕ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਉੱਤੇ ਇੱਕ ਪੋਸਟ ਪਾ ਕੇ ਆਪਣਾ ਪੱਖ ਰੱਖਿਆ ਹੈ ਅਤੇ ਆਪਣੇ ਇੰਡੀਆ ਟੂਰ ਰੱਦ ਹੋਣ ਉੱਤੇ ਦੁੱਖ ਵੀ ਜਤਾਇਆ ਹੈ। ਸ਼ੁਭ ਨੇ ਕਿਹਾ- ਪੰਜਾਬ, ਭਾਰਤ ਤੋਂ ਆਉਣ ਵਾਲੇ ਇੱਕ ਨੌਜਵਾਨ ਰੈਪਰ-ਗਾਇਕ ਵਜੋਂ, ਆਪਣੇ ਸੰਗੀਤ ਨੂੰ ਅੰਤਰਰਾਸ਼ਟਰੀ ਮੰਚ 'ਤੇ ਲਿਆਉਣਾ ਮੇਰੀ ਜ਼ਿੰਦਗੀ ਦਾ ਸੁਪਨਾ ਸੀ, ਪਰ ਹਾਲੀਆ ਘਟਨਾਵਾਂ ਨੇ ਮੇਰੀ ਮਿਹਨਤ ਅਤੇ ਤਰੱਕੀ ਨੂੰ ਪ੍ਰਭਾਵਿਤ ਕੀਤਾ ਹੈ।

ਸ਼ੁਭ ਨੇ ਕਿਹਾ ਕਿ ਮੈਂ ਭਾਰਤ ਵਿੱਚ ਆਪਣੇ ਦੌਰੇ ਦੇ ਰੱਦ ਹੋਣ ਤੋਂ ਬਹੁਤ ਨਿਰਾਸ਼ ਹਾਂ। ਮੈਂ ਆਪਣੇ ਦੇਸ਼ ਵਿੱਚ, ਆਪਣੇ ਹੀ ਲੋਕਾਂ ਦੇ ਸਾਹਮਣੇ ਪ੍ਰਦਰਸ਼ਨ ਕਰਨ ਲਈ ਬਹੁਤ ਉਤਸ਼ਾਹਿਤ ਸੀ। ਤਿਆਰੀਆਂ ਜ਼ੋਰਾਂ 'ਤੇ ਸਨ ਅਤੇ ਮੈਂ ਪਿਛਲੇ ਦੋ ਮਹੀਨਿਆਂ ਤੋਂ ਪੂਰੇ ਦਿਲ ਅਤੇ ਰੂਹ ਨਾਲ ਅਭਿਆਸ ਕਰ ਰਿਹਾ ਸੀ। ਮੈਂ ਪ੍ਰਦਰਸ਼ਨ ਕਰਨ ਲਈ ਤਿਆਰ ਸੀ, ਪਰ ਮੈਨੂੰ ਲੱਗਦਾ ਹੈ ਕਿ ਕਿਸਮਤ ਨੂੰ ਕੁਝ ਹੋਰ ਮਨਜ਼ੂਰ ਸੀ।

ਸ਼ੁਭ ਨੇ ਕਿਹਾ ਕਿ ਭਾਰਤ ਮੇਰਾ ਵੀ ਦੇਸ਼ ਹੈ। ਮੈਂ ਇੱਥੇ ਪੈਦਾ ਹੋਇਆ ਸੀ। ਇਹ ਮੇਰੇ ਗੁਰੂਆਂ ਅਤੇ ਮੇਰੇ ਪੁਰਖਿਆਂ ਦੀ ਧਰਤੀ ਹੈ, ਪੰਜਾਬ ਮੇਰੀ ਰੂਹ ਹੈ, ਪੰਜਾਬ ਮੇਰੇ ਖ਼ੂਨ ਵਿੱਚ ਹੈ। ਮੈਂ ਅੱਜ ਜੋ ਵੀ ਹਾਂ, ਪੰਜਾਬੀ ਹੋਣ ਕਰਕੇ ਹਾਂ। ਪੰਜਾਬੀਆਂ ਨੂੰ ਦੇਸ਼ ਭਗਤੀ ਦਾ ਸਬੂਤ ਦੇਣ ਦੀ ਲੋੜ ਨਹੀਂ। ਉਨ੍ਹਾਂ ਨੇ ਅੱਗੇ ਕਿਹਾ 'ਮੇਰੀ ਬੇਨਤੀ ਹੈ ਕਿ ਪੰਜਾਬੀਆਂ ਨੂੰ ਦੇਸ਼ ਵਿਰੋਧੀ ਨਾ ਕਿਹਾ ਜਾਵੇ੩ਮੇਰੇ ਵੱਲੋਂ ਸ਼ੇਅਰ ਕੀਤੀ ਗਈ ਪੋਸਟ ਦਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਹੈ'।



ਸ਼ੁਭ ਨੇ ਆਪਣੀ ਪੁਰਾਣੀ ਪੋਸਟ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਉਸ ਨੇ ਕਿਸੇ ਗ਼ਲਤ ਇਰਾਦੇ ਦੇ ਨਾਲ ਉਹ ਤਸਵੀਰ ਸਾਂਝੀ ਨਹੀਂ ਸੀ ਕੀਤੀ। ਇਹ ਸਿਰਫ਼ ਰਾਜ ਵਿੱਚ ਬਿਜਲੀ ਅਤੇ ਇੰਟਰਨੈੱਟ ਸੇਵਾਵਾਂ ਬੰਦ ਹੋਣ ਦੀਆਂ ਰਿਪੋਰਟਾਂ ਤੋਂ ਬਾਅਦ ਸਿਰਫ਼ ਪੰਜਾਬ ਲਈ ਪ੍ਰਾਰਥਨਾ ਕਰਨ ਲਈ ਨਕਸ਼ਾ ਸਾਂਝਾ ਕੀਤਾ ਸੀ।

ਗਾਇਕ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ- ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਪਰ ਮੈਨੂੰ ਗੁਰਾਂ ਨੇ ਸਿਖਾਇਆ ਹੈ ਕਿ ਨਾ ਡਰਨਾ ਹੈ ਤੇ ਨਾ ਹੀ ਕਿਸੇ ਦੇ ਡਰਾਵੇ ਵਿੱਚ ਆਉਣਾ ਹੈ, ਜੋ ਪੰਜਾਬੀਅਤ ਸਿਖਾਉਂਦੀਹੈ। ਮੈਂ ਸਖ਼ਤ ਮਿਹਨਤ ਕਰਦਾ ਰਹਾਂਗਾ। ਮੈਂ ਤੇ ਮੇਰੀ ਟੀਮ ਛੇਤੀ ਹੀ ਤਕੜੇ ਤੇ ਮਜ਼ਬੂਤ ਹੋ ਕੇ ਆਵਾਂਗੇ। ਸ਼ੁਬਨੀਤ ਉਰਫ਼ ਸ਼ੁਭ ਉਦੋਂ ਵਿਵਾਦਾਂ ਵਿੱਚ ਆ ਗਿਆ ਜਦੋਂ ਉਸ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਇੱਕ ਨਕਸ਼ਾ ਪੋਸਟ ਕੀਤਾ। ਉਸ ਨੇ ਪੰਜਾਬ ਅਤੇ ਜੰਮੂ ਕਸ਼ਮੀਰ ਨੂੰ ਭਾਰਤ ਦੇ ਨਕਸ਼ੇ ਤੋਂ ਹਟਾ ਦਿੱਤਾ ਸੀ। ਇਸ ਤੋਂ ਬਾਅਦ ਉਸ ਦਾ ਨਾਂ ਖ਼ਾਲਿਸਤਾਨੀਆਂ(**ਬਾਕੀ ਸਫ਼ਾ 30 'ਤੇ**)




# ਸਲਮਾਨ ਖ਼ਾਨ ਨੇ ਰਿਲੀਜ਼ ਕੀਤਾ ਮੌਜਾਂ ਹੀ ਮੌਜਾਂ ਦਾ ਟਰੇਲਰ

## ਗਿੱਪੀ, ਬਿਨੂੰ ਤੇ ਕਰਮਜੀਤ ਦੀ ਤਿਕੜੀ ਨੇ ਪਾਏ ਰੱਜ ਕੇ ਹਾਸੇ

ਪੰਜਾਬੀ ਫ਼ਿਲਮ ਇੰਡਸਟਰੀ ਦੇ ਦੇਸੀ ਰੌਕਸਟਾਰ ਗਿੱਪੀ ਗਰੇਵਾਲ ਦੀ ਪੰਜਾਬੀ ਫ਼ਿਲਮ 'ਮੌਜਾਂ ਹੀ ਮੌਜਾਂ' ਦੇ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋ ਗਿਆ ਹੈ, ਜਿਸ ਨੂੰ ਲੋਕਾਂ ਵੱਲੋਂ ਕਾਫ਼ੀ ਪਿਆਰ ਮਿਲ ਰਿਹਾ ਹੈ। ਇਸ ਟਰੇਲਰ ਦੀ ਇੱਕ ਖ਼ਾਸ ਗੱਲ ਇਹ ਹੈ ਕਿ ਇਸ ਨੂੰ ਬਾਲੀਵੁੱਡ ਦਬੰਗ ਸਲਮਾਨ ਖ਼ਾਨ ਵੱਲੋਂ ਰਿਲੀਜ਼ ਕੀਤਾ ਗਿਆ। ਅਜਿਹਾ ਪਹਿਲੀ ਵਾਰ ਹੋਇਆ ਕਿ ਬਾਲੀਵੁੱਡ ਅਦਾਕਾਰ ਸਲਮਾਨ ਨੇ ਕਿਸੇ ਪੰਜਾਬੀ ਫ਼ਿਲਮ ਦਾ ਟਰੇਲਰ ਲਾਂਚ ਕੀਤਾ ਹੈ। ਫ਼ਿਲਮ ਮੌਜਾਂ ਹੀ ਮੌਜਾਂ 'ਚ ਗਿੱਪੀ ਗਰੇਵਾਲ ਨਾਲ ਬਿਨੂੰ ਢਿੱਲੋਂ ਤੇ ਕਰਮਜੀਤ ਅਨਮੋਲ ਵੀ ਨਜ਼ਰ ਆਉਣਗੇ। ਕਾਮੇਡੀ ਦੀ ਇਹ ਤਿਕੜੀ ਮੁੜ ਇੱਕ ਵਾਰ ਫਿਰ ਤੋਂ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਤਿਆਰ ਹੈ।

ਦੱਸ ਦਈਏ ਕਿ ਸਲਮਾਨ ਖ਼ਾਨ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਫ਼ਿਲਮ ਦਾ ਟਰੇਲਰ ਵੀ ਸ਼ੇਅਰ ਕੀਤਾ ਹੈ। ਇਸ ਟਰੇਲਰ ਨੂੰ ਸਾਂਝਾ ਕਰਦਿਆਂ ਦਬੰਗ ਖ਼ਾਨ ਨੇ ਕੈਪਸ਼ਨ 'ਚ ਲਿਖਿਆ ਕਿ ਮੌਜਾਂ ਹੀ ਮੌਜਾਂ ਫ਼ਿਲਮ ਲਈ ਸ਼ੁਭਕਾਮਨਾਵਾਂ। ਇਸ ਪੋਸਟ ਨੂੰ ਸਲਮਾਨ ਨੇ ਗਿੱਪੀ ਗਰੇਵਾਲ, ਬਿਨੂੰ ਢਿੱਲੋਂ ਅਤੇ ਅਮਰਦੀਪ ਸਿੰਘ ਗਰੇਵਾਲ ਨੂੰ ਵੀ ਟੈਗ ਕੀਤਾ ਹੈ। ਦੱਸਣਯੋਗ ਹੈ ਕਿ ਫ਼ਿਲਮ ਮੌਜਾਂ ਹੀ ਮੌਜਾਂ ਆਪਣੇ ਕਾਮੇਡੀ ਡਾਇਲੌਗ ਨਾਲ ਹੱਸਣ ਨੂੰ ਮਜ਼ਬੂਰ ਕਰ ਦੇਵੇਗੀ। ਮੌਜਾਂ ਹੀ ਮੌਜਾਂ 'ਚ ਪੰਜਾਬੀ ਸਿਨੇਮਾ ਦੇ ਮਸ਼ਹੂਰ ਅਦਾਕਾਰ ਗਿੱਪੀ ਗਰੇਵਾਲ, ਬਿੰਨੂ ਢਿੱਲੋਂ, ਕਰਮਜੀਤ ਅਨਮੋਲ, ਤਨੂ ਗਰੇਵਾਲ, ਜਿੰਮੀ ਸ਼ਰਮਾ ਅਤੇ ਹਸ਼ਨੀਨ ਚੌਹਾਨ ਦੇਖਣ ਨੂੰ ਮਿਲਣਗੇ। ਈਸਟ ਸਨਸ਼ਾਈਨ ਪ੍ਰੋਡਕਸ਼ਨ ਦੁਆਰਾ ਪੇਸ਼ ਕੀਤਾ ਗਿਆ, ਓਮਜੀ ਗਰੁੱਪ ਵਰਲਡ ਦੁਆਰਾ ਪੂਰੇ ਵਿਸ਼ਵ 'ਚ ਰਿਲੀਜ਼ ਕੀਤੀ ਜਾਵੇਗੀ। ਇਹ ਫ਼ਿਲਮ ਮਸ਼ਹੂਰ ਸਮੀਪ ਕੰਗ ਦੁਆਰਾ ਨਿਰਦੇਸ਼ਤ ਅਤੇ ਦੂਰਅੰਦੇਸ਼ੀ ਅਮਰਦੀਪ ਗਰੇਵਾਲ ਦੁਆਰਾ ਨਿਰਮਿਤ ਹੈ। ਮੌਜਾਂ ਹੀ ਮੌਜਾਂ ਇੱਕ ਸਿਨੇਮੈਟਿਕ ਮਾਸਟਰਪੀਸ ਬਣਨ ਲਈ ਤਿਆਰ ਹੈ, ਜੋ ਪੰਜਾਬੀ ਸਿਨੇਮਾ ਦੀ ਜੀਵੰਤਤਾ ਦਾ ਜਸ਼ਨ ਮਨਾਉਂਦੀ ਹੈ।

# ਗਿਆਨ ਅਤੇ ਸਿੱਖਿਆ ਦਾ ਸਾਧਨ ਬਣ ਸਕਦੀਆਂ ਹਨ ਫ਼ਿਲਮਾਂ

## ਕਿਉਂ ਨਹੀਂ ਬਣਦੀਆਂ ਸਮਾਜ ਨੂੰ ਸੇਧ ਦੇਣ ਵਾਲੀਆਂ ਫ਼ਿਲਮਾਂ ?

ਭਾਰਤ ਵਿੱਚ ਫ਼ਿਲਮੀ ਦੁਨੀਆਂ ਦੀ ਚਕਾਚੌਂਧ ਬਹੁਤ ਹੈ, ਹਰ ਸਾਲ ਵੱਡੀ ਗਿਣਤੀ ਫ਼ਿਲਮਾਂ ਬਣਦੀਆਂ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਫ਼ਿਲਮਾਂ ਵਿੱਚ ਮਾਰ ਧਾੜ, ਲੜਾਈ ਆਦਿ ਦੇ ਦ੍ਰਿਸ਼ ਦਿਖਾਏ ਜਾਂਦੇ ਹਨ। ਆਧੁਨਿਕ ਸਮੇਂ ਵਿੱਚ ਲੜਾਈ ਅਤੇ ਡਕੈਤੀਆਂ ਦੇ ਦ੍ਰਿਸ਼ ਵੀ ਆਧੁਨਿਕ ਤਰੀਕਿਆਂ ਨਾਲ ਦਿਖਾਏ ਜਾਂਦੇ ਹਨ। ਅਜਿਹੇ ਦ੍ਰਿਸ਼ ਦਰਸ਼ਕਾਂ ਵੱਲੋਂ ਪਸੰਦ ਵੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਭਾਰਤ ਵਿੱਚ ਬਣਦੀਆਂ ਫ਼ਿਲਮਾਂ ਵਿੱਚ ਹਾਲੀਵੁੱਡ ਫ਼ਿਲਮਾਂ ਦੀ ਨਕਲ 'ਤੇ ਵੀ ਕਈ ਦ੍ਰਿਸ਼ ਦਿਖਾਏ ਜਾਂਦੇ ਹਨ। ਕਈ ਫ਼ਿਲਮਾਂ ਵਿੱਚ ਤਾਂ ਚੰਗੇ ਦ੍ਰਿਸ਼ ਹੁੰਦੇ ਹਨ ਪਰ ਜ਼ਿਆਦਾਤਰ ਫ਼ਿਲਮਾਂ ਵਿੱਚ ਅਸ਼ਲੀਲ ਅਤੇ ਦੋਹਰੇ ਅਰਥਾਂ ਵਾਲੇ ਦ੍ਰਿਸ਼ ਅਤੇ ਸੰਵਾਦ ਹੁੰਦੇ ਹਨ। ਕਈ ਫ਼ਿਲਮਾਂ ਦੀ ਕਹਾਣੀ ਹੀ ਘਟੀਆ ਹੁੰਦੀ ਹੈ ਅਤੇ ਸਾਰੀ ਫ਼ਿਲਮ ਦੇਖ ਕੇ ਪਤਾ ਹੀ ਨਹੀਂ ਚਲਦਾ ਕਿ ਫ਼ਿਲਮ ਬਣਾਉਣ ਵਾਲੇ ਕਹਿਣਾ ਕੀ ਚਾਹੁੰਦੇ ਹਨ। ਇਸੇ ਕਾਰਨ ਅਨੇਕਾਂ ਫ਼ਿਲਮਾਂ ਦਰਸ਼ਕਾਂ ਵੱਲੋਂ ਨਾਪਸੰਦ ਕਰ ਦਿੱਤੀਆਂ ਜਾਂਦੀਆਂ ਹਨ।

ਹੈਰਾਨੀ ਤਾਂ ਇਸ ਗਲ ਦੀ ਹੈ ਕਿ ਇੱਕ ਪਾਸੇ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤ ਵਿੱਚ ਫ਼ਿਲਮਾਂ ਬਣਦੀਆਂ ਹਨ, ਦੂਜੇ ਪਾਸੇ ਕੋਈ ਵੀ ਫ਼ਿਲਮ ਸਮਾਜ ਨੂੰ ਚੰਗਾ ਸੰਦੇਸ਼ ਦੇਣ ਵਿੱਚ ਕਾਮਯਾਬ ਨਹੀਂ ਹੁੰਦੀ।

ਜੇ ਕੋਸ਼ਿਸ਼ ਕੀਤੀ ਜਾਵੇ ਤਾਂ ਫ਼ਿਲਮਾਂ ਨੂੰ ਵੀ ਚੰਗੀ ਸਿੱਖਿਆ ਦੇਣ ਦਾ ਸਾਧਨ ਬਣਾਇਆ ਜਾ ਸਕਦਾ ਹੈ। ਜਦੋਂ ਵੀ ਫ਼ਿਲਮੀ ਨਿਰਮਾਤਾ ਅਤੇ ਨਿਰਦੇਸ਼ਕ ਨੂੰ ਸਵਾਲ ਪੁੱਛਿਆ ਜਾਂਦਾ ਹੈ ਕਿ ਸਮਾਜ ਨੂੰ ਚੰਗੀ ਸੇਧ ਦੇਣ ਵਾਲੀਆਂ ਫ਼ਿਲਮਾਂ ਦੀ ਥਾਂ ਉਹ ਮਾਰਵਾੜ ਵਾਲੀਆਂ ਫ਼ਿਲਮਾਂ ਹੀ ਕਿਉਂ ਬਣਾਉਂਦੇ ਹਨ ਤਾਂ ਉਹਨਾਂ ਦਾ ਕਹਿਣਾ ਹੁੰਦਾ ਹੈ ਕਿ ਦਰਸ਼ਕ ਮਾਰਵਾੜ ਵਾਲੀਆਂ ਫ਼ਿਲਮਾਂ ਹੀ ਦੇਖਣਾ ਚਾਹੁੰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਚੰਗੀਆਂ ਫ਼ਿਲਮਾਂ ਨੂੰ ਦਰਸ਼ਕ ਪਸੰਦ ਨਹੀਂ ਕਰਦੇ, ਜਿਸ ਕਾਰਨ ਉਹਨਾਂ ਨੂੰ ਘਾਟਾ ਪੈ ਜਾਂਦਾ ਹੈ।

ਇਹ ਵੀ ਅਸਲੀਅਤ ਹੈ ਕਿ ਇਹ ਸਭ ਕੁਝ ਹੋਣ ਦੇ ਬਾਵਜੂਦ ਕੁਝ ਫ਼ਿਲਮ ਅਜਿਹੀਆਂ ਵੀ ਬਣਦੀਆਂ ਹਨ, ਜੋ ਕਿ ਚੰਗੀਆਂ ਕਹੀਆਂ ਜਾਂਦੀਆਂ ਹਨ, ਇਸ ਕਰਕੇ ਅਜਿਹੀਆਂ ਫ਼ਿਲਮਾਂ ਨੂੰ ਵੀ ਦਰਸ਼ਕਾਂ ਵੱਲੋਂ ਪਸੰਦ ਕੀਤਾ ਜਾਂਦਾ ਹੈ। ਪਰੰਤੂ ਇਹ ਫ਼ਿਲਮਾਂ ਮੋਟੀ ਕਮਾਈ ਕਰਨ ਵਿੱਚ ਅਸਫ਼ਲ ਰਹਿੰਦੀਆਂ ਹਨ, ਜਿਸ ਕਰਕੇ ਅਜਿਹੀਆਂ ਫ਼ਿਲਮਾਂ ਬਣਾਉਣ ਦੀ ਗਿਣਤੀ ਘੱਟ ਹੈ।




ਇੱਕ ਫ਼ਿਲਮ ਬਣਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਹਰ ਫ਼ਿਲਮ ਬਣਾਉਣ ਲਈ ਨਿਰਮਾਤਾ ਨੂੰ ਬਹੁਤ ਖ਼ਰਚਾ ਕਰਨਾ ਪੈਂਦਾ ਹੈ। ਕਈ ਵਾਰ ਕੁਝ ਵਿਅਕਤੀ ਮਿਲ ਕੇ ਫ਼ਿਲਮ ਬਣਾਉਂਦੇ ਹਨ ਅਤੇ ਕੁਝ ਫ਼ਿਲਮਾਂ ਨੂੰ ਵਿੱਤੀ ਕੰਪਨੀਆਂ ਵੱਲੋਂ ਫਾਇਨਾਂਸ ਕੀਤਾ ਜਾਂਦਾ ਹੈ। ਇਸ ਤਰਾਂ ਕਈ ਵਾਰ ਇੱਕ ਫ਼ਿਲਮ ਬਣਾਉਣ ਵਿੱਚ ਕਈ ਵਿਅਕਤੀਆਂ ਦਾ ਯੋਗਦਾਨ ਪੈ ਜਾਂਦਾ ਹੈ। ਅਕਸਰ ਪ੍ਰਸਿੱਧ ਕਲਾਕਾਰਾਂ ਨਾਲ ਬਣੀਆਂ ਫ਼ਿਲਮਾਂ ਸਫ਼ਲ ਹੋ ਜਾਂਦੀਆਂ ਹਨ ਪਰ ਪ੍ਰਸਿੱਧ ਕਲਾਕਾਰ ਫ਼ਿਲਮ ਵਿੱਚ ਕੰਮ ਕਰਨ ਲਈ ਨਿਰਮਾਤਾ ਤੋਂ ਬਹੁਤ ਪੈਸੇ ਲੈਂਦੇ ਹਨ। ਇਸ ਤਰਾਂ ਇਕ ਨਿਰਮਾਤਾ ਦੀ ਪੂੰਜੀ ਫ਼ਿਲਮ ਬਣਾਉਣ ਰਾਹੀਂ ਸੜਕ 'ਤੇ ਹੁੰਦੀ ਹੈ ਅਤੇ ਹਰ ਨਿਰਮਾਤਾ ਨੂੰ ਆਸ ਹੁੰਦੀ ਹੈ ਕਿ ਉਸਦੀ ਫ਼ਿਲਮ ਸਫ਼ਲ ਰਹੇਗੀ, ਇਸ ਲਈ ਹਰ ਫ਼ਿਲਮ ਨੂੰ ਸਫ਼ਲ ਕਰਨ ਲਈ ਹਰ ਤਰਾਂ ਦਾ ਮਸਾਲਾ ਫ਼ਿਲਮ ਵਿੱਚ ਪਾਇਆ ਜਾਂਦਾ ਹੈ। ਅੱਜ ਕੱਲ੍ਹ ਜ਼ਿਆਦਾਤਰ ਫ਼ਿਲਮਾਂ ਅਜਿਹੀਆਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਹਰ ਉਮਰ ਵਰਗ ਦੇ ਲੋਕਾਂ ਲਈ ਕੁਝ ਨਾ ਕੁਝ ਹੁੰਦਾ ਹੈ। ਇਸੇ ਕਾਰਨ ਇਹ ਫ਼ਿਲਮਾਂ ਸਫ਼ਲ ਹੋ ਜਾਂਦੀਆਂ ਹਨ ਅਤੇ ਚੰਗੀ ਕਮਾਈ ਕਰਦੀਆਂ ਹਨ। ਫ਼ਿਲਮਾਂ ਦੇ ਹਿੱਟ ਹੋਣ ਨਾਲ ਨਿਰਮਾਤਾ ਨੂੰ ਵੀ ਫਾਇਦਾ ਹੁੰਦਾ ਹੈ ਅਤੇ ਕਲਾਕਾਰਾਂ ਦੇ ਨਾਮ ਨਾਲ ਇੱਕ ਹੋਰ ਹਿੱਟ ਫ਼ਿਲਮ ਜੁੜ ਜਾਂਦੀ ਹੈ।

ਕਈ ਵਾਰ ਵੱਖ ਵੱਖ ਫ਼ਿਲਮਾਂ ਵਿੱਚ ਅਜਿਹੇ ਦ੍ਰਿਸ਼ ਅਤੇ ਸੰਵਾਦ ਹੁੰਦੇ ਹਨ, ਜਿਸ ਕਾਰਨ ਵਿਵਾਦ ਪੈਦਾ ਹੋ ਜਾਂਦਾ ਹੈ। ਕੁਝ ਵਿਦਵਾਨ ਕਹਿੰਦੇ ਹਨ ਕਿ ਕੁਝ ਫ਼ਿਲਮਾਂ ਵਿੱਚ ਜਾਣ ਬੁੱਝ ਕੇ ਅਜਿਹੇ ਦ੍ਰਿਸ਼ ਪਾਏ ਜਾਂਦੇ ਹਨ, ਜਿਨ੍ਹਾਂ ਕਾਰਨ ਵਿਵਾਦ ਹੋਏ। ਨਿਰਮਾਤਾ ਦੀ ਸੋਚ ਇਹ ਹੁੰਦੀ ਹੈ ਕਿ ਵਿਵਾਦ ਪੈਦਾ ਹੋਣ ਨਾਲ ਫ਼ਿਲਮ ਹਿੱਟ ਹੋ ਜਾਵੇਗੀ ਅਤੇ ਕਈ ਵਾਰ ਨਿਰਮਾਤਾ ਵੱਲੋਂ ਆਪਣੇ ਬੰਦਿਆਂ ਰਾਹੀਂ ਹੀ ਕੋਈ ਨਾ ਕੋਈ ਵਿਵਾਦ ਖੜ੍ਹਾ ਕਰ ਦਿੱਤਾ ਜਾਂਦਾ ਹੈ ਤਾਂ ਕਿ ਫ਼ਿਲਮ ਦਾ ਮੁਫ਼ਤ ਵਿੱਚ ਪ੍ਰਚਾਰ ਹੋ ਸਕੇ। ਕਈ ਨਿਰਮਾਤਾਵਾਂ ਦੀ ਇਹ ਸੋਚ ਸਫ਼ਲ ਹੋ ਜਾਂਦੀ ਹੈ ਅਤੇ ਉਹਨਾਂ ਦੀ ਫ਼ਿਲਮ ਚਰਚਾ ਵਿੱਚ ਆ ਜਾਂਦੀ ਹੈ। ਵਿਵਾਦ ਪੈਦਾ ਹੋਣ ਕਾਰਨ ਕੁਝ (**ਬਾਕੀ ਸਫ਼ਾ 30 'ਤੇ**)

# ਕੀ ਭਾਰਤੀ ਹਾਕੀ ਟੀਮ ਪੈਰਿਸ ਉਲੰਪਿਕ ਲਈ ਸਿੱਧਾ ਕੁਆਲੀ.ਫਾਈ ਕਰ ਸਕੇਗੀ ?






ਪ੍ਰੋ. ਪਰਮਜੀਤ ਸਿੰਘ

ਭਾਰਤ ਦੀ ਝੋਲੀ 'ਚ ਏਸ਼ੀਅਨ ਟਰਾਫੀ ਦੀ ਸ਼ਾਨਦਾਰ ਪ੍ਰਾਪਤੀ ਤੋਂ ਬਾਅਦ ਹੁਣ ਏਸ਼ੀਅਨ ਖੇਡਾਂ (ਗੇਮਜ਼) ਚੀਨ ਦੀ ਚੁਣੌਤੀ ਸਾਡੀ ਕੌਮੀ ਟੀਮ ਦੇ ਰੂਬਰੂ ਹੈ। ਪੈਰਿਸ ਉਲੰਪਿਕ ਲਈ ਕੁਆਲੀਫਾਈ ਸਿੱਧੇ ਤੌਰ 'ਤੇ ਕਰਨ ਦਾ ਸੁਨਹਿਰੀ ਮੌਕਾ ਅਤੇ 1966, 1988 ਅਤੇ 2014 ਤੋਂ ਬਾਅਦ ਫਿਰ ਇੱਕ ਵਾਰ ਏਸ਼ੀਅਨ ਗੇਮਜ਼ 'ਚ ਸੋਨਾ ਜਿੱਤਣ ਦਾ ਖ਼ੂਬਸੂਰਤ ਮੌਕਾ ਹੈ।

ਏਸ਼ੀਅਨ ਖੇਡਾਂ ਵਿੱਚ ਸਾਡੀ ਹਾਕੀ ਟੀਮ ਪੂਲ 'ਏ' ਵਿੱਚ 24 ਸਤੰਬਰ ਨੂੰ ਉਜ਼ਬੇਕਿਸਤਾਨ ਵਿਰੁੱਧ ਮੈਦਾਨ 'ਚ ਉੱਤਰੇਗੀ। ਸਿੰਗਾਪੁਰ ਨਾਲ ਮੈਚ 26 ਸਤੰਬਰ ਨੂੰ ਖੇਡਿਆ ਜਾਵੇਗਾ। ਜਾਪਾਨ ਵਿਰੁੱਧ ਚੁਣੌਤੀ ਦਾ ਮੁਕਾਬਲਾ ਸਾਡੀ ਟੀਮ 28 ਸਤੰਬਰ ਨੂੰ ਕਰੇਗੀ, ਬਹੁਤ ਹੀ ਦਿਲਚਸਪ ਅਤੇ ਸਨਸਨੀਖੇਜ਼ ਮੁਕਾਬਲਾ ਪਾਕਿਸਤਾਨ ਵਿਰੁੱਧ 30 ਸਤੰਬਰ ਨੂੰ ਹੋਵੇਗਾ। ਦੋ ਅਕਤੂਬਰ ਨੂੰ ਬੰਗਲਾਦੇਸ਼ ਵਿਰੁੱਧ ਮੈਚ ਖੇਡਿਆ ਜਾਣਾ ਹੈ।

4 ਅਕਤੂਬਰ ਨੂੰ ਵਰਗੀਕਰਨ ਮੈਚ ਖੇਡੇ ਜਾਣੇ ਹਨ ਅਤੇ ਅਕਤੂਬਰ 6 ਨੂੰ ਬਾਕੀ ਸਥਾਨਾਂ ਲਈ ਮੈਚ ਅਤੇ ਫਾਈਨਲ ਮੁਕਾਬਲਾ ਹੋਵੇਗਾ। ਦੱਸਦੇ ਜਾਈਏ ਕਿ ਪੂਲ 'ਬੀ' 'ਚ ਕੋਰੀਆ, ਮਲੇਸ਼ੀਆ, ਚੀਨ, ਓਮਾਨ, ਥਾਈਲੈਂਡ, ਇੰਡੋਨੇਸ਼ੀਆ ਦੀਆਂ ਟੀਮਾਂ ਹਨ। ਯਾਦ ਰਹੇ ਕਿ ਏਸ਼ੀਅਨ ਚੈਂਪੀਅਨ ਟਰਾਫ਼ੀ ਜਿੱਤਣ ਵਾਲੀ ਟੀਮ ਦੇ ਅਕਾਸ਼ਦੀਪ ਇਸ ਟੀਮ 'ਚ ਨਹੀਂ ਹਨ। ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ। ਵੈਟਰਨ ਸਟ੍ਰਾਈਕਰ ਦਾ ਟੀਮ ਵਿੱਚ ਹੋਣਾ ਜ਼ਰੂਰੀ ਸੀ। ਜੁਗਰਾਜ ਅਤੇ ਕਾਰਥੀ ਵੀ ਇਸ ਟੀਮ 'ਚ ਨਹੀਂ ਹਨ। ਲਲਿਤ ਉਪਾਧਿਆਏ ਨੂੰ ਇਸ ਟੀਮ 'ਚ ਸ਼ਾਮਿਲ ਕੀਤਾ ਗਿਆ ਹੈ। ਡਰੈਗ ਫਲਿਕਰ ਹਰਮਨਪ੍ਰੀਤ ਅਤੇ ਮਿਡ-ਫੀਲਡਰ ਹਾਰਦਿਕ ਸਿੰਘ ਕਪਤਾਨ ਅਤੇ ਉਪ-ਕਪਤਾਨ ਬਣੇ ਰਹਿਣਗੇ। ਜਿਥੋਂ ਤੱਕ ਏਸ਼ੀਅਨ ਖੇਡਾਂ 'ਚ ਭਾਰਤੀ ਪੁਰਸ਼ ਵਰਗ ਦੀ ਟੀਮ ਦੀ ਕਾਰਗੁਜ਼ਾਰੀ ਦਾ ਸਵਾਲ ਹੈ, 1958 ਤੋਂ ਲੈ ਕੇ ਲਗਾਤਾਰ ਪਾਕਿਸਤਾਨ ਦੀ ਟੀਮ ਦਾ ਇਸ ਟੂਰਨਾਮੈਂਟ 'ਚ ਦਬਦਬਾ ਬਣਿਆ ਰਿਹਾ ਹੈ। ਭਾਰਤੀ ਟੀਮ ਚਾਂਦੀ ਦਾ ਤਗਮਾ ਜਿੱਤਦੀ ਰਹੀ ਹੈ। 1966 ਤੇ 1998 ਨੂੰ ਬੈਂਕਾਕ (ਥਾਈਲੈਂਡ ਦੀ ਰਾਜਧਾਨੀ) ਦੀ ਧਰਤੀ ਹੀ ਭਾਰਤੀ ਟੀਮ ਲਈ ਖੁਸ਼ਕਿਸਮਤ ਰਹੀ, ਜਦ ਉਹ ਚੈਂਪੀਅਨ ਬਣਿਆ। 2014 'ਚ ਦੱਖਣੀ ਕੋਰੀਆ 'ਚ ਭਾਰਤ ਚੈਂਪੀਅਨ ਬਣਿਆ। ਹੁਣ ਵਾਰੀ ਹੈ ਚੀਨ ਦੇ ਸ਼ਹਿਰ ਹਾਂਗਜੂ ਦੀ। ਇਹ ਨਹੀਂ ਭੁੱਲਣਾ ਚਾਹੀਦਾ ਕਿ ਪਾਕਿਸਤਾਨ ਦਾ ਇਸ ਟੂਰਨਾਮੈਂਟ 'ਚ ਸਭ ਤੋਂ ਬਿਹਤਰੀਨ ਇਤਿਹਾਸ ਰਿਹਾ ਹੈ ਅਤੇ ਮਲੇਸ਼ੀਅਨ ਏਸ਼ੀਅਨ ਚੈਂਪੀਅਨ ਟਰਾਫੀ 'ਚ ਭਾਰਤ ਨੂੰ ਇਕ ਵੇਲੇ ਬਹੁਤ ਬੁਰੀ ਤਰ੍ਹਾਂ ਸਤਾਇਆ ਵੀ ਸੀ, ਇਸ ਲਈ ਉਲੰਪਿਕ ਲਈ ਸਿੱਧੀ ਟਿਕਟ ਲੈਣ ਦੇ ਸੰਘਰਸ਼ 'ਚ ਕੋਈ ਵੱਡਾ ਉਲਟ ਫੇਰ ਵੀ ਹੋ ਸਕਦਾ ਹੈ। ਬਹੁਤ ਹੀ ਦਿਲਚਸਪ ਅੰਕੜਾ ਇਹ ਵੀ ਹੈ ਕਿ ਇੰਡੋਨੇਸ਼ੀਆ (ਕਾਰਤਾ) ਵਾਲੇ 2018 ਵਾਲੇ ਟੂਰਨਾਮੈਂਟ 'ਚ ਜਾਪਾਨ ਚੈਂਪੀਅਨ ਸੀ, ਮਲੇਸ਼ੀਆ ਉਪ-ਜੇਤੂ ਅਤੇ ਭਾਰਤ ਤੀਜੇ ਨੰਬਰ 'ਤੇ ਰਹਿ ਗਿਆ ਸੀ ਅਤੇ ਪਾਕਿਸਤਾਨ ਚੌਥੇ ਨੰਬਰ 'ਤੇ ਸੀ। ਕੁੱਲ ਮਿਲਾ ਕੇ ਆਖਿਆ ਜਾ ਸਕਦਾ ਹੈ ਕਿ ਚੀਨ ਵਾਲੀਆਂ ਇਹ ਏਸ਼ੀਅਨ ਖੇਡਾਂ 'ਚ ਸਾਡੀ ਟੀਮ ਨੂੰ ਫ਼ਤਿਹਯਾਬ ਹੋਣ ਲਈ ਮਾਨਸਿਕ ਤੌਰ 'ਤੇ ਬਹੁਤ ਹੀ ਤਕੜਾ ਤੇ ਸਖ਼ਤ ਹੋ ਕੇ ਖੇਡਣ ਦੀ ਜ਼ਰੂਰਤ ਹੈ। ਪੈਰਿਸ ਉਲੰਪਿਕ 'ਚ ਸਿੱਧਾ ਪ੍ਰਵੇਸ਼ ਲਈ ਇੱਕ ਮਨੋਵਿਗਿਆਨਕ ਦਬਾਅ ਵੀ ਹੋਵੇਗਾ ਅਤੇ ਏਸ਼ੀਅਨ ਚੈਂਪੀਅਨ ਟਰਾਫੀ ਦੀ ਜਿੱਤ ਦੇ ਵੱਕਾਰ ਨੂੰ ਬਰਕਰਾਰ ਕਰਨਾ ਇਕ ਚੁਣੌਤੀ ਵੀ। ਅਕਾਸ਼ਦੀਪ ਵਰਗੇ ਧੜੱਲੇਦਾਰ ਸਟ੍ਰਾਈਕਰ ਨੂੰ ਬਾਹਰ ਕਰਕੇ ਟੀਮ ਨੂੰ ਕੀ ਫ਼ਰਕ ਪੈਂਦਾ ਹੈ, ਇਹ ਵੀ ਵਕਤ ਹੀ ਦੱਸੇਗਾ।

# ਚੀਨ ਨੇ ਅਰੁਣਾਚਲ ਪ੍ਰਦੇਸ਼ ਦੇ ਖਿਡਾਰੀਆਂ ਦੀ ਐਂਟਰੀ ਰੋਕੀ, ਭਾਰਤ ਨੇ ਪ੍ਰਗਟਾਇਆ ਵਿਰੋਧ



ਨਵੀਂ ਦਿੱਲੀ/ਏ.ਟੀ.ਨਿਊਜ਼: ਚੀਨ ਨੇ ਅਰੁਣਾਚਲ ਪ੍ਰਦੇਸ਼ ਦੇ 3 ਵੁਸ਼ੂ ਖਿਡਾਰੀਆਂ ਦੇ 19ਵੀਆਂ ਏਸ਼ੀਆਈ ਖੇਡਾਂ 'ਚ ਹਿੱਸਾ ਲੈਣ ਲਈ ਦੇਸ਼ 'ਚ ਦਾਖ਼ਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਭਾਰਤ ਨੇ ਚੀਨ ਦੇ ਇਸ ਕਦਮ ਦਾ ਵਿਰੋਧ ਕੀਤਾ ਹੈ। ਚੀਨ ਦੇ ਇਸ ਕਦਮ ਦੇ ਵਿਰੋਧ 'ਚ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਏਸ਼ੀਆਈ ਖੇਡਾਂ 'ਚ ਹਿੱਸਾ ਲੈਣ ਲਈ ਚੀਨ ਦਾ ਦੌਰਾ ਰੱਦ ਕਰ ਦਿੱਤਾ ਹੈ। ਅਰੁਣਾਚਲ ਪ੍ਰਦੇਸ਼ ਦੇ ਇਨ੍ਹਾਂ ਤਿੰਨਾਂ ਖਿਡਾਰੀਆਂ ਨੂੰ ਚੀਨ ਦੇ ਹਾਂਗਝੋਊ ਸ਼ਹਿਰ ਵਿੱਚ 19ਵੀਆਂ ਏਸ਼ੀਅਨ ਖੇਡਾਂ ਵਿੱਚ 24 ਸਤੰਬਰ ਨੂੰ ਹੋਣ ਵਾਲੀਆਂ ਵੁਸ਼ੂ ਗੇਮਜ਼ ਵਿੱਚ ਹਿੱਸਾ ਲੈਣਾ ਸੀ। ਤਿੰਨੇ ਖਿਡਾਰੀਆਂ ਦੇ ਨਾਂ ਨਯੇਮਾਨ ਵਾਂਗਸੂ, ਓਨਿਲੁ ਤੇਗਾ ਤੇ ਮੇਪੁੰਗ ਲਾਮਗੁ ਹਨ। ਏਸ਼ੀਅਨ ਖੇਡਾਂ 2023 ਦੀ ਸਮਾਗਮ ਕਮੇਟੀ ਨੇ ਖੇਡਾਂ ਵਿੱਚ ਭਾਗ ਲੈਣ ਲਈ ਮਨਜ਼ੂਰੀ ਦੇ ਦਿੱਤੀ ਸੀ। 2 ਐਥਲੀਟ ਆਪਣੇ ਏਕ੍ਰੀਡੇਸ਼ਨ ਕਾਰਡ ਡਾਊਨਲੋਡ ਨਹੀਂ ਕਰ ਸਕੇ ਜੋ ਚੀਨ ਵਿਚ ਐਂਟਰੀ ਲਈ ਵੀਜ਼ੇ ਦੇ ਰੂਪ ਵਿਚ ਕੰਮ ਕਰਦਾ ਹੈ। ਤੀਜੇ ਐਥਲੀਟ ਨੂੰ ਏਕ੍ਰੀਡੇਸ਼ਨ ਕਾਰਡ ਮਿਲ ਗਿਆ ਸੀ।

ਬਾਅਦ ਵਿੱਚ ਚੀਨ ਵੱਲੋਂ ਦੱਸਿਆ ਗਿਆ ਕਿ ਉਸ ਨੂੰ ਹਾਂਗਕਾਂਗ ਤੋਂ ਅੱਗੇ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੈ। ਤਿੰਨੇ ਖਿਡਾਰੀਆਂ ਨੂੰ 24 ਸਤੰਬਰ ਤੱਕ ਹਾਂਗਝੋਊ ਵਿੱਚ ਰਹਿਣਾ ਸੀ ਪਰ ਵੀਜ਼ਾ ਵਿੱਚ ਦੇਰੀ ਹੋਣ ਨਾਲ ਉਨ੍ਹਾਂ ਨੂੰ ਏਸ਼ੀਅਨ ਖੇਡਾਂ 'ਚੋਂ ਬਾਹਰ ਹੋਣਾ ਪਿਆ। ਵੁਸ਼ੂ ਟੀਮ ਦੇ ਬਾਕੀ ਖਿਡਾਰੀ ਚੀਨ ਲਈ ਰਵਾਨਾ ਹੋ ਗਏ।ਚੀਨ ਕਈ ਸਾਲਾਂ ਤੋਂ ਅਰੁਣਾਚਲ ਪ੍ਰਦੇਸ਼ 'ਤੇ ਆਪਣਾ ਦਾਅਵਾ ਕਰਦਾ ਰਿਹਾ ਹੈ। ਭਾਰਤ ਦੇ ਇਸ ਹਿੱਸੇ ਨੂੰ ਚੀਨ 'ਦੱਖਣੀ ਤਿੱਬਤ' ਕਹਿੰਦਾ ਹੈ। ਸਤੰਬਰ, 2023 ਵਿੱਚ ਚੀਨ ਨੇ ਦੇਸ਼ ਦਾ ਨਵਾਂ ਨਕਸ਼ਾ ਜਾਰੀ ਕੀਤਾ ਸੀ ਜਿਸ ਵਿੱਚ ਪੂਰਬ ਉੱਤਰ ਸੂਬੇ ਅਰੁਣਾਚਲ ਅਤੇ ਪੂਰਬੀ ਲਦਾਖ ਵਿੱਚ ਆਕਸਾਈਚਿਨ ਖੇਤਰ ਨੂੰ ਆਪਣੀ ਇਲਾਕੇ ਵਿੱਚ ਦਿਖਾਇਆ ਸੀ। ਉਧਰ, ਭਾਰਤੀ ਵਿਦੇਸ਼ ਮੰਤਰਾਲਾ ਨੇ ਕਿਹਾ ਕਿ ਭਾਰਤੀ ਨਾਗਰਿਕਾਂ ਪ੍ਰਤੀ ਚੀਨ ਦੇ ਭੇਦਭਾਵ ਪੂਰਨ ਵਿਵਹਾਰ ਨੂੰ ਅਸੀਂ ਖ਼ਾਰਜ ਕਰਦੇ ਹਾਂ। ਚੀਨ ਦੀ ਕਾਰਵਾਈ ਏਸ਼ੀਅਨ ਖੇਡਾਂ ਦੀ ਭਾਵਨਾ ਅਤੇ ਸਮਾਗਮ ਦੇ ਨਿਯਮਾਂ ਦੀ ਉਲੰਘਣਾ ਹੈ।

**ਚੀਨ ਦੇ ਇਸ ਕਦਮ ਨਾਲ ਅਰੁਣਾਚਲ ਦੀ ਸਥਿਤੀ ਨਹੀਂ ਬਦਲੇਗੀ : ਰਿਜਿਜੂ**

ਕੇਂਦਰੀ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਕਿ ਮੈਂ ਚੀਨ ਦੇ ਇਸ ਫੈਸਲੇ ਦੀ ਨਿੰਦਾ ਕਰਦਾ ਹਾਂ। ਅਰੁਣਾਚਲ ਪ੍ਰਦੇਸ਼ ਵਿਵਾਦਪੂਰਨ ਖੇਤਰ ਨਹੀਂ ਹੈ ਸਗੋਂ ਭਾਰਤ ਦਾ ਅਨਿਖੜਵਾਂ ਅੱਗ ਹੈ। ਚੀਨ ਦੇ ਇਸ ਕਦਮ ਨਾਲ ਸੂਬੇ ਦੀ ਸਥਿਤੀ ਵਿੱਚ ਕੋਈ ਬਦਲਾਅ ਨਹੀਂ ਆਏਗਾ। ਚੀਨ ਦੇ ਇਸ ਕਦਮ 'ਤੇ ਇੰਟਰਨੈਸ਼ਨਲ ਉਲੰਪਿਕ ਕਮੇਟੀ ਨੂੰ ਰੋਕ ਲਗਾਉਣੀ ਚਾਹੀਦੀ ਹੈ।ਉਲੰਪਿਕ ਕੌਂਸਲ ਆਫ਼ ਏਸ਼ੀਆ (ਓ. ਸੀ. ਏ.) ਦੇ ਅੰਤਰਿਮ ਪ੍ਰਧਾਨ ਰਣਧੀਰ ਸਿੰਘ ਨੇ ਕਿਹਾ ਕਿ ਅਸੀਂ ਵਰ ਕਿੰਗ ਕਮੇਟੀ ਨਾਲ ਮੀਟਿੰਗ ਕੀਤੀ ਸੀ ਅਤੇ ਸਰਕਾਰ ਕੋਲ ਵੀ ਇਹ ਮੁੱਦਾ ਉਠਾਇਆ।ਜਦਕਿ ਓ. ਸੀ. ਏ ਚੀਨ ਦੇ ਉਪ ਪ੍ਰਧਾਨ ਵੇਈਂ ਜਿਜਹੋਂਗ ਨੇ ਦਾਅਵਾ ਕੀਤਾ ਕਿ ਚੀਨ ਨੇ ਪਹਿਲਾਂ ਹੀ ਭਾਰਤੀ ਖਿਡਾਰੀਆਂ ਲਈ ਵੀਜ਼ਾ ਜਾਰੀ ਕਰ ਦਿੱਤਾ ਸੀ, ਜਿਸ ਨੂੰ ਖਿਡਾਰੀਆਂ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਲੰਪਿਕ ਕੌਂਸਲ ਆਫ਼ ਏਸ਼ੀਆ (ਓ. ਸੀ. ਏ.) ਦੇ

# ਟੈਨਿਸ ਦਾ ਚੰਗਾ ਖਿਡਾਰੀ ਬਣਨ ਦੇ ਨੁਕਤੇ

## ਸਖ਼ਤ ਮਿਹਨਤ ਨਾਲ ਬਣ ਸਕਦੇ ਹੋ ਚੰਗਾ ਟੈਨਿਸ ਖਿਡਾਰੀ



ਭਾਰਤ ਵਿੱਚ ਲੱਖਾਂ ਟੈਨਿਸ ਪ੍ਰੇਮੀ ਇਹ ਜਾਣਨਾ ਚਾਹੁੰਦੇ ਹਨ ਕਿ ਇੱਕ ਪੇਸ਼ੇਵਰ ਦੀ ਤਰ੍ਹਾਂ ਟੈਨਿਸ ਕਿਵੇਂ ਖੇਡਣਾ ਹੈ। ਹਾਲਾਂ ਕਿ, ਉਨ੍ਹਾਂ ਵਿੱਚੋਂ ਕੁਝ ਹੀ ਅਸਲ ਵਿੱਚ ਅਜਿਹਾ ਕਰਨ ਦੀ ਸਰੀਰਕ, ਭਾਵਨਾਤਮਕ ਅਤੇ ਮਾਨਸਿਕ ਸਮਰੱਥਾ ਰੱਖਦੇ ਹਨ।

ਇੱਕ ਪੇਸ਼ੇਵਰ ਵਾਂਗ ਟੈਨਿਸ ਖੇਡਣਾ ਸਿੱਖਣ ਵਿੱਚ, ਨੌਜਵਾਨ ਇਹ ਮੰਨਣ ਦੀ ਗਲਤੀ ਕਰਦੇ ਹਨ ਕਿ ਇਹ ਰਾਤੋ-ਰਾਤ ਇੱਕ ਪ੍ਰਕਿਰਿਆ ਹੈ ਪਰ ਉਨ੍ਹਾਂ ਨੂੰ ਜਲਦੀ ਹੀ ਪਤਾ ਲੱਗ ਜਾਂਦਾ ਹੈ ਕਿ ਟੈਨਿਸ ਸਿੱਖਣ ਦੀ ਪ੍ਰਕਿਰਿਆ ਉਨ੍ਹਾਂ ਦੀ ਸੋਚ ਨਾਲੋਂ ਬਹੁਤ ਲੰਬੀ ਹੈ। ਦੁਨੀਆਂ ਭਰ ਦੇ ਸਿਰਫ਼ ਮੁੱਠੀ ਭਰ ਟੈਨਿਸ ਖਿਡਾਰੀ ਅਤੇ ਕੁਲੀਨ ਜੂਨੀਅਰ ਖਿਡਾਰੀ ਹੀ ਇੱਕ ਪੇਸ਼ੇਵਰ ਵਾਂਗ ਟੈਨਿਸ ਖੇਡਣ ਪਿੱਛੇ ਅਸਲ ਫ਼ਾਰਮੂਲਾ ਜਾਣਦੇ ਹਨ।

ਜਿਹੜਾ ਖਿਡਾਰੀ ਟੈਨਿਸ ਖੇਡਣਾ ਪਸੰਦ ਕਰਦਾ ਹੈ ਉਹ ਵੀ ਚਾਹੁੰਦਾ ਹੈ ਕਿ ਉਹ ਆਪਣੇ ਪਸੰਦੀਦਾ ਟੈਨਿਸ ਖਿਡਾਰੀ ਵਾਂਗ ਖੇਡ ਸਕੇ। ਹਰ ਕਿਸੇ ਦੀ ਆਪਣੀ ਸਮਰੱਥਾ ਹੁੰਦੀ ਹੈ। ਉਹ



ਕੱਪੜੇ, ਜੁੱਤੀਆਂ ਅਤੇ ਸਹਾਇਕ ਉਪਕਰਣ ਖ਼ਰੀਦਦੇ ਹਨ, ਜੋ ਉਹਨਾਂ ਦੇ ਆਈਡਲ ਖਿਡਾਰੀ ਪਹਿਨਦੇ ਹਨ। ਉਹ ਉਸੇ ਰੈਕੇਟ ਦੀ ਵਰਤੋਂ ਕਰਦੇ ਹਨ ਜੋ ਪ੍ਰਸਿੱਧ ਖਿਡਾਰੀ ਵਰਤਦੇ ਹਨ ।

ਟੈਨਿਸ ਖਿਡਾਰੀ ਕਿਵੇਂ ਬਣਨਾ ਹੈ:

1 ਇੱਕ ਪੇਸ਼ੇਵਰ ਟੈਨਿਸ ਖਿਡਾਰੀ ਵਜੋਂ ਸ਼ੁਰੂਆਤ ਕਰਨਾ

2 ਇੱਕ ਪੇਸ਼ੇਵਰ ਟੈਨਿਸ ਖਿਡਾਰੀ ਬਣਨ ਲਈ ਇੱਕ ਚੰਗਾ ਸਲਾਹਕਾਰ ਲੱਭੋ

3 ਇੱਕ ਪੇਸ਼ੇਵਰ ਟੈਨਿਸ ਖਿਡਾਰੀ ਵਾਂਗ ਟੂਰਨਾਮੈਂਟ ਖੇਡੋ

4 ਫੈਸਲਾ ਕਰੋ

5 ਖ਼ਰਚਿਆਂ ਦਾ ਵਿਸ਼ਲੇਸ਼ਣ ਕਰੋ ਅਤੇ ਸਪਾਂਸਰਾਂ ਦੀ ਭਾਲ ਕਰੋ

6 ਅਭਿਆਸ ਇੱਕ ਪੇਸ਼ੇਵਰ ਟੈਨਿਸ ਖਿਡਾਰੀ ਨੂੰ ਸੰਪੂਰਨ ਬਣਾਉਂਦਾ ਹੈ

ਸਭ ਤੋਂ ਸਫਲ ਪੇਸ਼ੇਵਰ ਟੈਨਿਸ ਖਿਡਾਰੀ ਬਹੁਤ ਛੋਟੀ ਉਮਰ ਵਿੱਚ ਸ਼ੁਰੂ ਹੁੰਦੇ ਹਨ। ਇੱਕ ਵੱਡੇ ਪੱਧਰ ਤੱਕ ਪਹੁੰਚਣ ਲਈ ਕਈ ਸਾਲਾਂ ਦੇ ਅਭਿਆਸ ਅਤੇ ਜਿੱਤ ਦੀ ਲੋੜ ਹੁੰਦੀ ਹੈ। ਜਵਾਨੀ ਦੀ ਸ਼ੁਰੂਆਤ ਮਹੱਤਵਪੂਰਨ ਹੈ। ਜ਼ਿਆਦਾਤਰ ਖਿਡਾਰੀ ਆਪਣੇ ਸਕੂਲ ਜਾਂ ਯੂਨੀਵਰਸਿਟੀ ਲਈ ਖੇਡ ਕੇ ਸ਼ੁਰੂਆਤ ਕਰਦੇ ਹਨ ਅਤੇ ਹੌਲੀ-ਹੌਲੀ ਆਪਣੇ ਤਰੀਕੇ ਨਾਲ ਕੰਮ ਕਰਦੇ ਹਨ। ਇਸ ਦੇ ਨਾਲ ਹੀ ਆਪਣੀ ਫਿਟਨੈੱਸ ਰੁਟੀਨ, ਅਨੁਸ਼ਾਸਨ ਅਤੇ ਖਾਣ-ਪੀਣ ਦੀਆਂ ਆਦਤਾਂ 'ਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਤੁਹਾਡੇ ਕੋਲ ਬੁਨਿਆਦੀ ਟੈਨਿਸ ਸਾਜ਼ੋ-ਸਾਮਾਨ ਜਿਵੇਂ ਕਿ ਚੰਗੀ ਕੁਆਲਿਟੀ ਦੇ ਰੈਕੇਟ ਅਤੇ ਜੁੱਤੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸੁਰੱਖਿਆ ਗੇਅਰ 'ਤੇ ਢਿੱਲ ਨਹੀਂ ਪਾਉਣੀ ਚਾਹੀਦੀ। ਕਿਸੇ ਟੈਨਿਸ ਅਕੈਡਮੀ ਵਿੱਚ ਸ਼ਾਮਲ ਹੋਵੋ ਜੇਕਰ ਇਹ ਤੁਹਾਡੇ ਲਈ ਸੰਭਵ ਹੋਵੇ ਜਾਂ ਇੱਕ ਕੋਚ ਨੂੰ ਨਿਯੁਕਤ ਕਰੋ। ਜਦੋਂ ਤੁਸੀਂ ਸ਼ੁਰੂ ਕਰਦੇ ਹੋ ਤਾਂ ਤੁਹਾਨੂੰ ਇਸ ਬਾਰੇ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਤੁਹਾਡਾ ਟੀਚਾ ਕੀ ਹੈ ਅਤੇ ਤੁਹਾਡੇ ਟੀਚੇ ਨੂੰ ਪ੍ਰਾਪਤ ਕਰਨ ਲਈ ਤੁਹਾਡੀ ਯੋਜਨਾ ਕੀ ਹੈ।

ਇੱਕ ਸਲਾਹਕਾਰ ਇੱਕ ਪੇਸ਼ੇਵਰ ਟੈਨਿਸ ਖਿਡਾਰੀ ਬਣਨ ਦੇ ਤੁਹਾਡੇ ਸੁਪਨੇ ਨੂੰ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਵਿੱਚ ਇੱਕ ਲੰਮਾ ਸਫ਼ਰ ਤੈਅ ਕਰ ਸਕਦਾ ਹੈ। ਇੱਕ ਤਜਰਬੇਕਾਰ ਸਲਾਹਕਾਰ ਲੱਭੋ ਜੋ ਤੁਹਾਨੂੰ ਧੀਰਜ ਨਾਲ ਸਿਖਾਉਣ ਲਈ ਤਿਆਰ ਹੈ। ਇੱਕ ਚੰਗਾ ਸਲਾਹਕਾਰ ਉਹ ਹੁੰਦਾ ਹੈ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ ਅਤੇ ਜੋ ਤੁਹਾਡੇ ਫਾਰਮ ਅਤੇ ਤਕਨੀਕ ਨੂੰ ਵਧੀਆ ਬਣਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਹ ਕੋਈ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਖੇਡ ਨੂੰ ਅੰਦਰ ਅਤੇ ਬਾਹਰ ਜਾਣਦਾ ਹੋਵੇ।

## ਮਹਿਲਾ ਰਾਖਵਾਂਕਰਨ ਬਿੱਲ

ਆਉਣ ਦੇ ਲਈ ਨਹੀਂ ਸਿਰਫ਼ ਇਹ ਦੱਸਣ ਲਈ ਸਪੈਸ਼ਲ ਇਜਲਾਸ ਬੁਲਾਇਆ ਗਿਆ ਕਿ ਅਸੀਂ ਕਾਫ਼ੀ ਦੇਰ ਤੱਕ ਇਹ ਕਾਨੂੰਨ ਨਹੀਂ ਲਿਆਵਾਂਗੇ। ਕਹਿੰਦੇ ਨੇ ਕਿ 2029 ਤਕ ਵੀ ਆ ਸਕਦਾ ਹੈ, 2034 ਤਕ ਵੀ ਆ ਸਕਦਾ ਹੈ।ਆਏ ਜਾਂ ਨਾ ਆਏ ਫ਼ਾਇਦੇ ਦੀ ਮਸ਼ੀਨ ਤਾਂ ਬਣ ਗਿਆ ਨਾ।ਇਹ ਛੇੜਾ ਛੇੜਿਆ ਵੀ ਇਸ ਕਰਕੇ ਗਿਆ ਕਿ ਅਗਲੇ ਦਸ ਪੰਦਰਾਂ ਸਾਲਾਂ ਤਕ ਕੁਝ ਨਹੀਂ।

ਕੀ ਲਗਦਾ ਹੈ ਕਿ ਕੋਈ ਫ਼ਰਕ ਪਵੇਗਾ ? ਪੰਚਾਇਤੀ ਖੇਤਰ ਦੇ ਵਿੱਚ ਔਰਤਾਂ ਸਰਪੰਚ ਬਣ ਕੇ ਵੀ ਬੰਦਿਆਂ ਦੇ ਵਿੱਚ ਦਸਤਖ਼ਤ ਕਰਨ ਨਹੀਂ ਆ ਸਕਦੀਆਂ।ਤੁਹਾਨੂੰ ਯਾਦ ਹੋਣਾ ਕਿ ਉੱਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਵਿੱਚ ਜਦੋਂ ਦੰਗੇ ਹੋ ਰਹੇ ਸਨ ਤਾਂ ਉਹਨਾਂ ਦੀ ਅਸੈਂਬਲੀ ਦੇ ਵਿੱਚ 70 ਮਹਿਲਾ ਐਮ.ਐਲ.ਏ. ਸਨ, ਕੋਈ ਫ਼ਰਕ ਪਿਆ ਸੀ ? ਜਦੋਂ ਵੀ ਕੋਈ ਕਾਨੂੰਨ ਲਿਆਉਣਾ ਹੁੰਦਾ ਹੈ ਤਾਂ ਉਸ 'ਤੇ ਬਹਿਸ ਹੁੰਦੀ ਹੈ ਪਰ ਇੱਥੇ ਤਾਂ ਬਹਿਸਾਂ ਦਾ ਕਤਲ ਕਰਕੇ ਕਾਨੂੰਨ ਪਾਸ ਕਰ ਦਿੱਤਾ।ਏਨਾ ਮਹੱਤਵਪੂਰਨ ਕਾਨੂੰਨ ਹੋਵੇ ਤੇ ਕਿਹਾ ਜਾਵੇ ਕਿ 'ਕੁਝ ਚੀਜ਼ਾਂ' ਕਾਨੂੰਨ ਹੋਣ ਤੋਂ ਬਾਅਦ ਵਿਚਾਰੀਆਂ ਜਾਣਗੀਆਂ, ਇਹ ਗੱਲਾਂ ਹੀ 'ਤੇ ਰਾਜਨੀਤਿਕ ਇੱਛਾ ਦਰਸਾਉਂਦੀਆਂ ਨੇ।ਇੱਕ ਪਾਸੇ ਸਮੇਂ ਦੀ ਸਰਕਾਰ ਦਮਗਜੇ ਮਾਰਦੀ ਹੈ ਕਿ ਸਾਡੀ ਸਭਿਅਤਾ ਦੇ ਵਿੱਚ ਸਦੀਆਂ ਤੋਂ ਔਰਤ ਨੂੰ ਦੇਵੀ ਦੀ ਤਰਾਂ ਪੂਜਿਆ ਜਾਂਦਾ ਹੈ, ਅਸੀਂ ਉਸ ਨੂੰ ਬਰਾਬਰਤਾ ਦਾ ਹੱਕ ਦਿੰਦੇ ਹਾਂ।ਦੂਜੇ ਪਾਸੇ ਅਸੀਂ ਇਹ ਕਾਨੂੰਨ ਲਿਆ ਕੇ ਸਵੀਕਾਰਦੇ ਹਾਂ ਕਿ ਅਸੀਂ ਔਰਤ ਨੂੰ ਬਰਾਬਰ ਨਹੀਂ ਰਖਿਆ।ਹੈ ਨਾ ਦੁਚਿੱਤੀ ਵਿੱਚ ਪੈਣ ਵਾਲੀ ਗੱਲ। ਮੁੱਕਦੀ ਗਲ ਇਹ ਲੋਕ ਪਾਰਲੀਮੈਂਟ ਨੂੰ ਬਹਿਸ ਦੀ ਥਾਂ ਸਮਝਦੇ ਹੀ ਨਹੀਂ।ਇੱਥੇ ਤਾਂ ਹੁਕਮ ਕੀਤੇ ਜਾਂਦੇ ਹਨ। ਸ਼ੁਕਰ ਕਰੋ ਰੱਬ ਦਾ ਕਿਤੇ ਇਹਨਾਂ ਨੇ ਇਹ ਕਾਨੂੰਨ ਬਰਿਜ਼ ਭੂਸ਼ਨ ਦੇ ਮੂੰਹੋਂ ਨਹੀਂ ਕਹਾ ਦਿੱਤਾ।ਜੇ ਇਮਾਨਦਾਰੀ ਨੀਅਤ ਦੇ ਨਾਲ ਇਹ ਕਾਨੂੰਨ ਲਿਆਂਦਾ ਗਿਆ ਤਾਂ ਭਲਾ ਜ਼ਰੂਰ ਹੋਵੇਗਾ ਕਿਉਂਕਿ ਹਾਜ਼ਰੀ ਮਹੱਤਵਪੂਰਨ ਹੁੰਦੀ ਹੈ ਤੇ ਉਹ ਹੋਲੀ ਹੋਲੀ ਸਾਨੂੰ ਤਰੱਕੀ ਵੱਲ ਲੈ ਕੇ ਜਾਂਦੀ ਹੈ।

***

## ਹੱਕ ਵਿੱਚ ਕਿੰਨੀਆਂ

ਰਾਜ ਸਭਾ 'ਚ ਬਿੱਲ ਪਾਸ ਹੁੰਦੇ ਹੀ ਸੰਸਦ ਦਾ ਵਿਸ਼ੇਸ਼ ਸੈਸ਼ਨ ਵੀ ਖਤਮ ਹੋ ਗਿਆ। ਬਿੱਲ ਵਿੱਚ ਕਿਹਾ ਗਿਆ ਹੈ ਕਿ ਲੋਕ ਸਭਾ, ਵਿਧਾਨ ਸਭਾਵਾਂ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਧਾਨ ਸਭਾ ਵਿੱਚ ਇੱਕ ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਇਸ ਦਾ ਮਤਲਬ ਹੈ ਕਿ ਲੋਕ ਸਭਾ ਦੀਆਂ 543 ਸੀਟਾਂ ਵਿੱਚੋਂ 181 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ।

ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਸੀਟਾਂ ਰਾਖਵੀਆਂ ਹਨ।ਇਨ੍ਹਾਂ ਰਾਖਵੀਆਂ ਸੀਟਾਂ ਵਿੱਚੋਂ ਇੱਕ ਤਿਹਾਈ ਸੀਟਾਂ ਹੁਣ ਔਰਤਾਂ ਲਈ ਰਾਖਵੀਆਂ ਹੋਣਗੀਆਂ।ਇਸ ਦਾ ਮਤਲਬ ਹੈ ਕਿ ਔਰਤਾਂ ਲਈ ਰਾਖਵੀਆਂ 181 ਸੀਟਾਂ 'ਚੋਂ 138 ਅਜਿਹੀਆਂ ਹੋਣਗੀਆਂ ਜਿਨ੍ਹਾਂ 'ਤੇ ਕਿਸੇ ਵੀ ਜਾਤੀ ਦੀਆਂ ਔਰਤਾਂ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ, ਯਾਨੀ ਇਨ੍ਹਾਂ ਸੀਟਾਂ 'ਤੇ ਪੁਰਸ਼ ਉਮੀਦਵਾਰ ਨਹੀਂ ਹੋ ਸਕਦੇ।

ਆਧੁਨਿਕ ਭਾਰਤੀ ਰਾਜਨੀਤੀ ਵਿੱਚ ਬਹੁਤ ਸਾਰੀਆਂ ਅਜਿਹੀਆਂ ਔਰਤਾਂ ਹੋਈਆਂ ਹਨ, ਜਿਨ੍ਹਾਂ ਦੀ ਇਤਿਹਾਸਕ ਭੂਮਿਕਾ ਤੋਂ ਅਸੀਂ ਚੰਗੀ ਤਰ੍ਹਾਂ ਜਾਣੂ ਹਾਂ। ਆਜ਼ਾਦ ਭਾਰਤ ਵਿੱਚ ਸਰਕਾਰ ਚਲਾਉਣ ਤੱਕ ਆਜ਼ਾਦੀ ਅੰਦੋਲਨਾਂ ਦੌਰਾਨ ਔਰਤਾਂ ਦੀ ਸਿਆਸੀ ਭੂਮਿਕਾ ਅਤੇ ਪਹਿਲਕਦਮੀਆਂ ਮਹੱਤਵਪੂਰਨ ਰਹੀਆਂ ਹਨ।

ਫਿਰ ਵੀ ਜਦੋਂ ਰਾਜਨੀਤੀ ਵਿੱਚ ਔਰਤਾਂ ਦੀ ਹਿੱਸੇਦਾਰੀ ਦੀ ਗੱਲ ਆਉਂਦੀ ਹੈ, ਤਾਂ ਅੰਕੜੇ ਇੱਕ ਬਹੁਤ ਹੀ ਨਿਰਾਸ਼ਾਜਨਕ ਤਸਵੀਰ ਪੇਸ਼ ਕਰਦੇ ਹਨ।ਜੇਕਰ ਮਹਿਲਾ ਵੋਟਰਾਂ ਦੀ ਗੱਲ ਕਰੀਏ ਤਾਂ ਸਥਿਤੀ ਪਹਿਲਾਂ ਨਾਲੋਂ ਕੁਝ ਬਿਹਤਰ ਹੋ ਗਈ ਹੈ। 1980 ਤੋਂ 2014 ਦਰਮਿਆਨ ਮਹਿਲਾ ਵੋਟਰਾਂ ਦੀ ਗਿਣਤੀ ਵਿੱਚ 15 ਫੀਸਦੀ ਦਾ ਵਾਧਾ ਹੋਇਆ ਹੈ।

ਵਿਸ਼ਵ ਪੱਧਰ 'ਤੇ ਜੇਕਰ ਭਾਰਤ ਦੀ ਸਰਗਰਮ ਰਾਜਨੀਤੀ 'ਚ ਔਰਤਾਂ ਦੀ ਸਥਿਤੀ ਦੀ ਗੱਲ ਕਰੀਏ ਤਾਂ ਭਾਰਤ 193 ਦੇਸ਼ਾਂ 'ਚੋਂ 141ਵੇਂ ਨੰਬਰ 'ਤੇ ਹੈ।ਵਿਸ਼ਵ ਪੱਧਰ 'ਤੇ ਸੰਸਦ ਵਿੱਚ 22.6 ਫੀਸਦੀ ਔਰਤਾਂ ਦੀ ਹਿੱਸੇਦਾਰੀ ਹੈ। ਜਿਸ ਵਿੱਚ ਭਾਰਤ ਦੀ ਔਸਤ ਸਿਰਫ਼ 12 ਫੀਸਦੀ ਹੈ। ਜਦੋਂ ਕਿ ਰਵਾਂਡਾ ਵਿੱਚ 63.8% ਮਹਿਲਾ ਸੰਸਦ ਮੈਂਬਰ, ਨੇਪਾਲ ਵਿੱਚ 29.5%, ਅਫ਼ਗਾਨਿਸਤਾਨ ਵਿੱਚ 27.7%, ਚੀਨ ਵਿੱਚ 23.6% ਹਨ।

ਭਾਰਤ ਵਿੱਚ ਆਜ਼ਾਦੀ ਤੋਂ ਬਾਅਦ, ਪਹਿਲੀ ਕੇਂਦਰੀ ਸਰਕਾਰ (ਜਵਾਹਰ ਲਾਲ ਨਹਿਰੂ ਦੀ ਸਰਕਾਰ) ਦੇ 20 ਮੰਤਰੀ ਮੰਡਲ ਵਿੱਚ ਸਿਰਫ਼ ਇੱਕ ਔਰਤ (ਰਾਜਕੁਮਾਰੀ ਅੰਮ੍ਰਿਤ ਕੌਰ) ਸੀ, ਜਿਸ ਨੂੰ ਸਿਹਤ ਮੰਤਰਾਲੇ ਦਾ ਚਾਰਜ ਦਿੱਤਾ ਗਿਆ ਸੀ। ਲਾਲ ਬਹਾਦਰ ਸ਼ਾਸਤਰੀ ਦੀ ਸਰਕਾਰ ਵਿੱਚ ਇੱਕ ਵੀ ਔਰਤ ਨੂੰ ਥਾਂ ਨਹੀਂ ਦਿੱਤੀ ਗਈ।ਇੱਥੋਂ ਤੱਕ ਕਿ ਇੰਦਰਾ ਗਾਂਧੀ ਦੀ 5ਵੀਂ, 6ਵੀਂ, 9ਵੀਂ ਕੈਬਨਿਟ ਵਿੱਚ ਇੱਕ ਵੀ ਮਹਿਲਾ ਕੇਂਦਰੀ ਮੰਤਰੀ ਨਹੀਂ ਸੀ। ਰਾਜੀਵ ਗਾਂਧੀ ਦੇ ਮੰਤਰੀ ਮੰਡਲ ਵਿੱਚ ਸਿਰਫ਼ ਇੱਕ ਔਰਤ (ਮੋਹਸੀਨਾ ਕਿਦਵਈ) ਨੂੰ ਸ਼ਾਮਲ ਕੀਤਾ ਗਿਆ ਸੀ।

***

## ਸਿਆਸਤ 'ਚ ਅਹਿਮ

ਔਰਤ ਵੋਟਰਾਂ ਨੇ ਆਪਣੀ ਵੋਟ ਪਾਈ ਸੀ। ਕਿੰਨੀ ਵੱਡੀ ਗੱਲ ਹੈ ਕਿ 1971 ਦੀਆਂ ਚੋਣਾਂ ਤੋਂ ਬਾਅਦ ਮਹਿਲਾ ਵੋਟਰਾਂ ਵਿੱਚ 235.72% ਦਾ ਵਾਧਾ ਹੋਇਆ ਹੈ।ਪਹਿਲੀਆਂ ਆਮ ਚੋਣਾਂ ਵਿੱਚ ਸੰਸਦ ਲਈ ਚੁਣੀਆਂ ਗਈਆਂ ਔਰਤਾਂ ਦੀ ਗਿਣਤੀ ਵੀ 24 ਤੋਂ ਵਧ ਕੇ 2019 ਵਿੱਚ 78 ਹੋ ਗਈ।ਇਸ ਵਿੱਚ ਹੋਰ ਸੁਧਾਰ ਦੀ ਲੋੜ ਹੈ ਕਿਉਂਕਿ ਪਹਿਲੀਆਂ ਚੋਣਾਂ ਵਿੱਚ ਕੁੱਲ ਮਤਦਾਨ 44.8 ਫੀਸਦੀ ਤੋਂ ਵਧ ਕੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਰਿਕਾਰਡ 67.4 ਫੀਸਦੀ ਹੋ ਗਿਆ ਹੈ।

ਹਰ ਤਰਾਂ ਦੀਆਂ ਚੋਣਾਂ ਦੌਰਾਨ ਮਹਿਲਾ ਵੋਟਰ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਨ ਦੇ ਸਮਰੱਥ ਵੀ ਮਹਿਲਾ ਵੋਟਰ ਹੁੰਦੀਆਂ ਹਨ। ਅੱਜ ਸਥਿਤੀ ਇਹ ਹੈ ਕਿ ਹਰ ਸਿਆਸੀ ਪਾਰਟੀ ਔਰਤਾਂ ਨੂੰ ਵੱਡਾ ਵੋਟ ਬੈਂਕ ਸਮਝਣ ਲੱਗ ਪਈ ਹੈ। ਇਸੇ ਕਾਰਨ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਔਰਤਾਂ ਲਈ ਵਿਸ਼ੇਸ਼ ਐਲਾਨ ਕੀਤੇ ਜਾਂਦੇ ਹਨ।ਭਾਰਤ ਦੀ ਸਿਆਸਤ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਜਿਨ੍ਹਾਂ ਉਮੀਦਵਾਰਾਂ ਨੂੰ ਮਹਿਲਾ ਵੋਟਰਾਂ ਦਾ ਸਮਰਥਨ ਮਿਲ ਜਾਂਦਾ ਹੈ, ਉਹਨਾਂ ਉਮੀਦਵਾਰਾਂ ਦੀ ਜਿੱਤ ਯਕੀਨੀ ਹੋ ਜਾਂਦੀ ਹੈ।ਇਸ ਕਾਰਨ ਹਰ ਸਿਆਸੀ ਪਾਰਟੀ ਮਹਿਲਾ ਵੋਟਰਾਂ ਦਾ ਸਮਰਥਨ ਲੈਣ ਲਈ ਪੂਰੇ ਯਤਨ ਕਰਦੀ ਹੈ। ਭਾਵੇਂ ਕਿ ਅਜਿਹਾ ਵੀ ਹੁੰਦਾ ਹੈ ਕਿ ਚੋਣਾਂ ਮੌਕੇ ਸਿਆਸੀ ਪਾਰਟੀਆਂ ਮਹਿਲਾਵਾਂ ਦੀ ਭਲਾਈ ਲਈ ਜਿਹੜੇ ਐਲਾਨ, ਵਾਅਦੇ ਅਤੇ ਦਾਅਵੇ ਕਰਦੀਆਂ ਹਨ, ਉਹ ਚੋਣਾਂ ਜਿੱਤਣ ਤੋਂ ਬਾਅਦ ਹਵਾ ਹਵਾਈ ਹੀ ਹੋ ਜਾਂਦੇ ਹਨ।ਹੁਣ ਮਹਿਲਾ ਰਾਖਵਾਂਕਰਨ ਬਿਲ ਭਾਰਤ ਦੀ ਸੰਸਦ ਵਿੱਚ ਪਾਸ ਹੋਣ ਨਾਲ ਭਾਰਤ ਦੀ ਸਿਆਸਤ 'ਚ ਮਹਿਲਾਵਾਂ ਨੂੰ ਕਿੰਨੀ ਕੁ ਢੁਕਵੀਂ ਨੁਮਾਇੰਦਗੀ ਮਿਲੇਗੀ, ਇਹ ਵੇਖਣ ਵਾਲੀ ਗਲ ਹੋਵੇਗੀ।

.ਸਿਆਸਤ ਵਿੱਚ ਭਾਈ-ਭਤੀਜਾਵਾਦ ਅਤੇ ਔਰਤਾਂ : ਕਈ ਔਰਤਾਂ ਚੋਣਾਂ ਜਿੱਤਣ ਤੋਂ ਬਾਅਦ ਸਿਆਸਤ ਵਿੱਚ ਆਉਂਦੀਆਂ ਹਨ, ਪਰ ਉਨ੍ਹਾਂ ਨੇ ਕਿੱਥੇ, ਕੀ ਅਤੇ ਕਿਵੇਂ ਫੈਸਲਾ ਕਰਨਾ ਹੈ, ਇਹ ਸਭ ਉਨ੍ਹਾਂ ਦੇ ਘਰ ਦੇ ਮਰਦ ਹੀ ਤੈਅ ਕਰਦੇ ਹਨ।ਹਾਲਾਂ ਕਿ ਪੰਚਾਇਤੀ ਚੋਣਾਂ ਵਿੱਚ ਇਹ ਸਥਿਤੀ ਜ਼ਿਆਦਾ ਦੇਖਣ ਨੂੰ ਮਿਲਦੀ ਹੈ।ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਦੇ ਮਾਮਲੇ ਵਿੱਚ ਤਸਵੀਰ ਥੋੜ੍ਹੀ ਵੱਖਰੀ ਹੈ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਮੁੱਖ ਪੱਧਰ 'ਤੇ ਭਾਈ-ਭਤੀਜਾਵਾਦ ਦੀ ਸਮੱਸਿਆ ਹੈ, ਕਿਉਂਕਿ ਪੇਂਡੂ ਖੇਤਰਾਂ ਵਿੱਚ ਔਰਤਾਂ ਜ਼ਿਆਦਾ ਨਹੀਂ ਆਉਂਦੀਆਂ, ਪਰ ਤੁਹਾਨੂੰ ਕੁਝ ਪ੍ਰਤੀਸ਼ਤ ਮਹਿਲਾ ਉਮੀਦਵਾਰਾਂ ਨੂੰ ਲਿਆਉਣਾ ਪੈਂਦਾ ਹੈ। ਇਸ ਤਰ੍ਹਾਂ ਜਿਹੜੇ ਮਰਦ ਆਪਣੀ ਹੋਂਦ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਉਹ ਆਪਣੀਆਂ ਪਤਨੀਆਂ ਨੂੰ ਖੜ੍ਹਾ ਕਰਨਾ ਚਾਹੁੰਦੇ ਹਨ।ਇਸ ਹਾਲਤ ਵਿੱਚ ਔਰਤ ਨੂੰ ਖੜ੍ਹਾ ਕਰਨਾ ਵੀ ਉਨ੍ਹਾਂ ਦੀ ਮਜਬੂਰੀ ਹੈ।

***

## ਭਾਰਤ ਵਿੱਚ ਮਹਿਲਾ ਵੋਟਰਾਂ ਦੀ ਸਥਿਤੀ

ਮਾੜੀ ਹਾਲਤ ਲਈ ਸਿਰਫ਼ ਸਿਆਸੀ ਪਾਰਟੀਆਂ ਹੀ ਜ਼ਿੰਮੇਵਾਰ ਨਹੀਂ ਹਨ, ਸਗੋਂ ਸਾਡਾ ਸਮਾਜ ਵੀ, ਜੋ ਔਰਤਾਂ ਨੂੰ ਸਿਆਸਤ ਵਿੱਚ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ।

## ਅਨੇਕਾਂ ਟਿੱਪਣੀਆਂ

ਟਿੱਪਣੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਦੀ ਕਿਸੇ ਵੀ ਅਸਫਲਤਾ 'ਤੇ ਉਸ ਦੇ ਔਰਤ ਹੋਣ ਦਾ ਕੋਣ ਸਾਹਮਣੇ ਲਿਆਂਦਾ ਜਾਂਦਾ ਹੈ, ਜਦੋਂ ਕਿ ਅਸਫਲਤਾ ਦਾ ਸਾਹਮਣਾ ਇੱਕ ਮਰਦ ਸਿਆਸਤਦਾਨ ਨੂੰ ਵੀ ਕਰਨਾ ਪੈਂਦਾ ਹੈ।ਸਮੱਸਿਆ ਇਹ ਹੈ ਕਿ ਔਰਤਾਂ ਸਮਰੱਥ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਮੌਕਾ ਨਹੀਂ ਮਿਲਦਾ।ਔਰਤਾਂ ਨੂੰ ਅਕਸਰ ਮਰਦਾਂ ਨਾਲੋਂ ਬਿਹਤਰ ਲੀਡਰਸ਼ਿਪ ਗੁਣਵੱਤਾ ਦੇਖੀ ਜਾਂਦੀ ਹੈ, ਫਿਰ ਵੀ ਉਨ੍ਹਾਂ ਨੂੰ ਘੱਟ ਹੀ ਘੱਟ ਸਮਝਿਆ ਜਾਂਦਾ ਹੈ।

## ਭਾਈ ਨਿੱਝਰ ਕਾਂਡ ਤੋਂ ਬਾਅਦ ਐਫ.ਬੀ.ਆਈ.

ਅਸੀਂ ਬਿਡੇਨ ਪ੍ਰਸ਼ਾਸਨ ਤੋਂ ਤੁਰੰਤ ਸਹਾਇਤਾ ਦੀ ਉਮੀਦ ਕਰਦੇ ਹਾਂ, ਪਰ ਬਾਅਦ ਵਿੱਚ ਅਸੀਂ ਕੋਈ ਹਮਦਰਦੀ ਅਤੇ ਦੁਆਵਾਂ ਨਹੀਂ ਚਾਹੁੰਦੇ।

ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਦੇ ਬੁਲਾਰੇ ਮਨਿੰਦਰ ਸਿੰਘ ਦਾ ਕਹਿਣਾ ਹੈ ਕਿ ਜੂਨ ਵਿੱਚ ਭਾਈ ਨਿੱਝਰ ਦੇ ਮਾਰੇ ਜਾਣ ਤੋਂ ਪਹਿਲਾਂ ਕੈਨੇਡੀਅਨ ਖ਼ੁਫ਼ੀਆ ਅਧਿਕਾਰੀਆਂ ਨੇ ਉਸ ਨੂੰ ਅਤੇ ਪੰਜ ਹੋਰ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ ਪਰ ਉਸਨੇ ਕਦੇ ਵੀ ਸਪੱਸ਼ਟ ਤੌਰ 'ਤੇ ਇਹ ਨਹੀਂ ਕਿਹਾ ਕਿ ਧਮਕੀ ਭਾਰਤੀ ਖ਼ੁਫ਼ੀਆ ਏਜੰਸੀਆਂ ਤੋਂ ਸੀ, ਜਦ ਕਿ ਇਹ ਸੁਚੇਤ ਕਰਨ ਦੀ ਲੋੜ ਸੀ।

ਮਨਿੰਦਰ ਸਿੰਘ ਨੇ ਇਹ ਵੀ ਕਿਹਾ ਕਿ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਪ੍ਰਤੀਨਿਧੀਆਂ ਨੇ ਆਪਣੀ ਮੀਟਿੰਗ ਵਿੱਚ ਭਾਈ ਨਿੱਝਰ ਨੂੰ ਖਾਸ ਖ਼ਤਰੇ ਵਿੱਚ ਦੱਸਿਆ ਸੀ ਕਿਉਂਕਿ ਉਹ ਭਾਰਤ ਤੋਂ ਸਿੱਖਾਂ ਨੂੰ ਆਜ਼ਾਦ ਕਰਵਾਉਣ ਦੀ ਮੁਹਿੰਮ ਦੀ ਵਕਾਲਤ ਕਰਨ ਵਿੱਚ ਇੱਕ ਮੋਹਰੀ ਸ਼ਖਸੀਅਤ ਸੀ।2020 ਵਿੱਚ, ਭਾਰਤੀ ਰਾਸ਼ਟਰੀ ਜਾਂਚ ਏਜੰਸੀ ਨੇ ਉਸ ਦੀਆਂ ਸਿਆਸੀ ਕਾਰਵਾਈਆਂ ਨੂੰ ਸਿੱਖਾਂ ਨੂੰ ਭਾਰਤ ਤੋਂ ਵੱਖ ਹੋਣ ਲਈ ਵੋਟ ਪਾਉਣ, ਭਾਰਤ ਸਰਕਾਰ ਵਿਰੁੱਧ ਹਿੰਸਕ ਅੰਦੋਲਨ ਕਰਨ ਅਤੇ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਉਕਸਾਉਣ ਦੀਆਂ ਕੋਸ਼ਿਸ਼ਾਂ ਵਜੋਂ ਦੋਸ਼ੀ ਠਹਿਰਾਇਆ ਸੀ।

ਨਿੱਝਰ ਦੇ ਲੰਬੇ ਸਮੇਂ ਦੇ ਦੋਸਤ ਮਨਿੰਦਰ ਸਿੰਘ ਨੇ ਕਿਹਾ ਕਿ ਮੈਂ ਕੈਨੇਡੀਅਨ ਏਜੰਸੀਆਂ ਦੀ ਭਾਈ ਨਿੱਝਰ ਨਾਲ ਹਰ ਮੁਲਾਕਾਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਉਸ ਨਾਲ ਗੱਲ ਕਰਦਾ ਸੀ। ਫ਼ਾਦਰਜ਼ ਡੇ ਤੋਂ ਬਾਅਦ ਸੋਮਵਾਰ ਦੀ ਸਵੇਰ ਨੂੰ ਮੈਂ ਉਸ ਨੂੰ ਦੁਬਾਰਾ ਮਿਲਣਾ ਸੀ, ਪਰ ਇੱਕ ਰਾਤ ਪਹਿਲਾਂ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ।

ਜਦੋਂ ਕਿ ਭਾਈ ਨਿੱਝਰ ਨੂੰ ਕੈਨੇਡੀਅਨ ਸਿੱਖ ਭਾਈਚਾਰੇ ਦੇ ਕੁਝ ਹਿੱਸਿਆਂ ਵਿੱਚ ਇੱਕ ਨੇਤਾ ਵਜੋਂ ਦੇਖਿਆ ਜਾਂਦਾ ਹੈ ਪਰ ਭਾਰਤ ਸਰਕਾਰ ਉਸ ਨੂੰ ਇੱਕ ਅੱਤਵਾਦੀ ਵਜੋਂ ਠਹਿਰਾ ਰਹੀ ਹੈ ਤੇ ਦੋਸ਼ ਲਗਾਇਆ ਹੈ ਕਿ ਉਹ ਬ੍ਰਿਟਿਸ਼ ਕੋਲੰਬੀਆ ਤੋਂ ਭਾਰਤ ਵਿੱਚ ਕਈ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਸੀ। ਕੈਨੇਡਾ ਇੱਕ ਵੱਡੀ ਸਿਆਸੀ ਤੌਰ 'ਤੇ ਸਰਗਰਮ ਸਿੱਖ ਆਬਾਦੀ ਦਾ ਘਰ ਹੈ, ਜਿਨ੍ਹਾਂ ਦੀ ਸੰਘੀ ਸਰਕਾਰ ਵਿੱਚ ਇੱਕ ਛੋਟੀ ਪਰ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਹੈ। ਕੁਝ ਕੈਨੇਡੀਅਨ ਸਿੱਖ ਭਾਰਤੀ ਪੰਜਾਬ ਵਿੱਚ ਖ਼ਾਲਿਸਤਾਨ ਨਾਮਕ ਇੱਕ ਵੱਖਰਾ ਰਾਜ ਸਥਾਪਤ ਕਰਨ ਦੀ ਲਹਿਰ ਦਾ ਸਮਰਥਨ ਕਰਦੇ ਹਨ।

1980 ਅਤੇ 1990 ਦੇ ਦਹਾਕੇ ਵਿੱਚ, ਭਾਰਤ ਸਰਕਾਰ ਨੇ ਉੱਥੇ ਖਾੜਕੂ ਸਿੱਖ ਬਗਾਵਤ ਨੂੰ ਬੇਰਹਿਮੀ ਨਾਲ ਦਬਾ ਦਿੱਤਾ ਸੀ, ਜਿਸ ਵਿੱਚ ਹਜ਼ਾਰਾਂ ਸਿੱਖ ਵੱਖ-ਵੱਖ ਢੰਗਾਂ ਨਾਲ ਮਾਰੇ ਗਏ, ਤਸੀਹੇ ਦਿੱਤੇ ਗਏ ਜਾਂ ਗਾਇਬ ਕੀਤੇ ਗਏ।ਜਿਸ ਤੋਂ ਬਾਅਦ ਅੰਦੋਲਨ ਦਾ ਸਮਰਥਨ ਕਰਨ ਵਾਲੇ ਬਹੁਤ ਸਾਰੇ ਸਿੱਖਾਂ ਨੇ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਵਿੱਚ ਪਨਾਹ ਲਈ, ਜਿੱਥੇ ਉਹ ਵੱਡੇ ਭਾਰਤੀ ਡਾਇਸਪੋਰਾ ਦਾ ਹਿੱਸਾ ਬਣ ਗਏ।

ਕੁਝ ਸਮੇਂ ਤੋਂ ਸਿੱਖ ਕਾਰਕੁਨਾਂ ਨੇ ਪੱਛਮੀ ਮੁਲਕਾਂ ਵਿੱਚ ਰਹਿੰਦਿਆਂ ਭਾਰਤੀ ਦੂਤਾਵਾਸਾਂ ਵਿੱਚ ਲਗਾਤਾਰ ਰੋਸ ਮੁਜ਼ਾਹਰੇ ਕੀਤੇ ਹਨ, ਕਈ ਵਾਰ ਭਾਰਤ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਹੈ ।

ਭਾਰਤ ਨੇ ਸਿੱਖ ਵੱਖਵਾਦੀਆਂ 'ਤੇ ਭਾਰਤ ਵਿੱਚ ਖਾੜਕੂਵਾਦ ਨੂੰ ਉਤਸ਼ਾਹਿਤ ਕਰਨ, ਉਸ ਦੇ ਡਿਪਲੋਮੈਟਾਂ ਨੂੰ ਧਮਕੀਆਂ ਦੇਣ ਅਤੇ ਇਸ ਦੇ ਦੂਤਾਵਾਸਾਂ ਅਤੇ ਵਿਦੇਸ਼ੀ ਦਫ਼ਤਰਾਂ ਨੂੰ ਖ਼ਤਰੇ ਵਿੱਚ ਪਾਉਣ ਦਾ ਦੋਸ਼ ਲਗਾਇਆ ਸੀ। ਕੈਨੇਡਾ ਵਿੱਚ, ਖ਼ਾਲਿਸਤਾਨ ਬਾਰੇ ਸਰਗਰਮੀਆਂ 'ਤੇ ਸ਼ਿਕੰਜਾ ਕੱਸਣ ਲਈ ਕੈਨੇਡੀਅਨ ਸਰਕਾਰ ਨੇ ਭਾਰਤ ਸਰਕਾਰ ਦੀਆਂ ਮੰਗਾਂ ਨੂੰ ਵੱਡੇ ਪੱਧਰ 'ਤੇ ਰੱਦ ਕਰ ਦਿੱਤਾ ਗਿਆ ਸੀ।

ਮਨੁੱਖੀ ਅਧਿਕਾਰਾਂ ਦੇ ਵਕੀਲ ਅਤੇ ਜਾਰਜਟਾਊਨ ਯੂਨੀਵਰਸਿਟੀ ਵਿੱਚ ਕਾਨੂੰਨ ਦੇ ਪ੍ਰੋਫੈਸਰ ਅਰਜੁਨ ਸੇਠੀ ਨੇ ਕਿਹਾ ਕਿ ਖ਼ਾਲਿਸਤਾਨ ਲਹਿਰ ਨੂੰ ਅੱਜ ਪੰਜਾਬ ਵਿੱਚ ਬਹੁਤ ਘੱਟ ਸਮਰਥਨ ਪ੍ਰਾਪਤ ਹੈ। ਫਿਰ ਵੀ ਭਾਰਤ ਸਰਕਾਰ ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕਰਨ, ਆਪਣੀਆਂ ਘਰੇਲੂ ਅਸਫਲਤਾਵਾਂ ਤੋਂ ਧਿਆਨ ਹਟਾਉਣ ਅਤੇ ਆਪਣੇ ਰਾਸ਼ਟਰੀ ਸੁਰੱਖਿਆ ਏਜੰਡੇ ਨੂੰ ਅੱਗੇ ਵਧਾਉਣ ਲਈ ਇਸ ਦੀ ਮਹੱਤਤਾ ਨੂੰ ਵਧਾ-ਚੜ੍ਹਾ ਕੇ ਦੱਸ ਰਹੀ ਹੈ।

ਮਨਿੰਦਰ ਸਿੰਘ ਨੇ ਭਾਈ ਨਿੱਝਰ ਨੂੰ ਭਾਰਤੀ ਪ੍ਰੈਸ ਅਤੇ ਸੋਸ਼ਲ ਮੀਡੀਆ ਵਿੱਚ ਇੱਕ ਅੱਤਵਾਦੀ ਦੇ ਰੂਪ ਵਿੱਚ ਪੇਸ਼ ਕੀਤੇ ਜਾਣ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਭਾਈ ਨਿੱਝਰ ਭਾਰਤ ਵਿੱਚ ਸਿੱਖ ਘੱਟ ਗਿਣਤੀ ਦੇ ਅਧਿਕਾਰਾਂ ਦੀ ਰਾਖੀ ਲਈ ਅਤੇ ਉਹਨਾਂ ਦੇ ਰਾਜਨੀਤਿਕ ਸਵੈ-ਨਿਰਣੇ ਲਈ ਲੜਨ ਲਈ ਵਚਨਬੱਧ ਸਨ।ਹਾਲ ਹੀ ਦੇ ਸਾਲਾਂ ਵਿੱਚ, ਖ਼ਾਲਿਸਤਾਨ ਲਹਿਰ ਨਾਲ ਜੁੜੇ ਸਿੱਖ ਮੈਂਬਰਾਂ ਦੀ ਮੌਤ ਅਜਿਹੇ ਹਾਲਾਤਾਂ ਵਿੱਚ ਹੋਈ ਹੈ ਜਿਸ ਨੂੰ ਕੁਝ ਨੇ ਸ਼ੱਕੀ ਮੰਨਿਆ ਹੈ।ਇਨ੍ਹਾਂ ਵਿੱਚ ਬਰਤਾਨੀਆ ਵਿੱਚ ਇੱਕ ਸਿੱਖ ਕਾਰਕੁਨ ਅਵਤਾਰ ਸਿੰਘ ਖੰਡਾ ਵੀ ਸ਼ਾਮਲ ਹੈ, ਜਿਸ ਦੇ ਪਰਿਵਾਰਕ ਮੈਂਬਰਾਂ ਦਾ ਦੋਸ਼ ਹੈ ਕਿ ਉਹ ਇਸ ਸਾਲ ਦੇ ਸ਼ੁਰੂ ਵਿੱਚ ਜ਼ਹਿਰ ਦਾ ਸ਼ਿਕਾਰ ਹੋਇਆ ਸੀ। 2022 ਵਿੱਚ, ਇੱਕ 75 ਸਾਲਾ ਸਿੱਖ ਕੈਨੇਡੀਅਨ ਵਿਅਕਤੀ ਰਿਪੁਦਮਨ ਸਿੰਘ ਮਲਿਕ, ਜਿਸ ਨੂੰ ਏਅਰ ਇੰਡੀਆ ਬੰਬ ਧਮਾਕੇ ਵਿੱਚ ਸ਼ਾਮਲ ਹੋਣ ਤੋਂ ਬਰੀ ਕਰ ਦਿੱਤਾ ਗਿਆ ਸੀ, ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਉਸ ਦੇ ਦਫ਼ਤਰ ਦੇ ਸਾਹਮਣੇ ਗੋਲੀ ਮਾਰ ਦਿੱਤੀ ਗਈ ਸੀ।

ਭਾਰਤੀ ਸੁਰੱਖਿਆ ਅਦਾਰੇ ਨਾਲ ਜੁੜੀਆਂ ਪ੍ਰਸਿੱਧ ਮੀਡੀਆ ਸ਼ਖ਼ਸੀਅਤਾਂ ਨੇ ਵੀ ਹਾਲ ਹੀ ਦੇ ਦਿਨਾਂ ਦੌਰਾਨ ਕੈਨੇਡਾ ਵਿੱਚ ਰਹਿੰਦੇ ਹੋਰ ਲੋਕਾਂ ਨੂੰ ਆਪਣੀ ਨਿੱਜੀ ਜਾਣਕਾਰੀ ਅਤੇ ਪਤੇ ਆਨ ਲਾਈਨ ਪੋਸਟ ਕਰਕੇ ਅਸਿੱਧੇ ਤੌਰ 'ਤੇ ਧਮਕੀਆਂ ਦਿੱਤੀਆਂ ਹਨ।

ਇਨ੍ਹਾਂ ਦੋਸ਼ਾਂ ਦੀ ਕੋਈ ਪੁਸ਼ਟੀ ਨਹੀਂ ਹੋਈ ਹੈ ਕਿ ਭਾਰਤ ਸਰਕਾਰ ਸਿੱਖ ਪਰਵਾਸੀ ਕਾਰਕੁਨਾਂ ਦੀਆਂ ਹਾਲੀਆ ਮੌਤਾਂ ਜਾਂ ਉਨ੍ਹਾਂ ਵਿਰੁੱਧ ਧਮਕੀਆਂ ਵਿੱਚ ਸ਼ਾਮਲ ਸੀ, ਪਰ ਨਿੱਝਰ ਦੇ ਕਤਲ ਦੀ ਕੈਨੇਡੀਅਨ ਜਾਂਚ ਇੱਕ ਵੱਡੇ ਪੈਟਰਨ 'ਤੇ ਰੌਸ਼ਨੀ ਪਾ ਸਕਦੀ ਹੈ।

ਸੇਠੀ ਨੇ ਕਿਹਾ ਕਿ ਅਤੀਤ ਵਿੱਚ, ਸਿੱਖ ਡਾਇਸਪੋਰਾ ਦੇ ਮੈਂਬਰਾਂ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋਈ ਹੈ। ਇਸ ਕੇਸ ਨੂੰ ਇੰਨਾ ਵਿਲੱਖਣ ਬਣਾਉਣ ਵਾਲੀ ਗੱਲ ਇਹ ਹੈ ਕਿ ਕੈਨੇਡਾ ਦੋਸ਼ ਲਗਾ ਰਿਹਾ ਹੈ ਕਿ ਭਾਰਤ ਸਰਕਾਰ ਇਸ ਵਿੱਚ ਸ਼ਾਮਲ ਸੀ, ਅਤੇ ਇਹ ਖੋਜ ਉਹਨਾਂ ਦੇਸ਼ਾਂ ਦੁਆਰਾ ਇਕੱਠੀ ਕੀਤੀ ਗਈ ਖ਼ੁਫ਼ੀਆ ਜਾਣਕਾਰੀ 'ਤੇ ਆਧਾਰਿਤ ਸੀ ਜੋ ਫਾਈਵ ਆਈਜ਼ ਗਠਜੋੜ ਦਾ ਹਿੱਸਾ ਹਨ।

****

## ਨਿੱਝਰ ਦੀ ਹੱਤਿਆ 'ਚ ਭਾਰਤ 'ਤੇ ਕੈਨੇਡਾ

ਭਾਈ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਦਾ ਕਹਿਣਾ ਹੈ ਕਿ ਅਮਰੀਕਾ ਭਾਰਤ ਨੂੰ ਕੋਈ 'ਵਿਸ਼ੇਸ਼ ਛੋਟ' ਨਹੀਂ ਦੇਵੇਗਾ।ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਇਸ ਮਾਮਲੇ ਵਿੱਚ ਉੱਚ ਪੱਧਰ 'ਤੇ ਕੈਨੇਡਾ ਤੇ ਭਾਰਤੀ ਅਧਿਕਾਰੀਆਂ ਦੇ ਸੰਪਰਕ ਵਿੱਚ ਹੈ।ਉਨ੍ਹਾਂ ਕਿਹਾ ਕਿ ਅਸੀਂ ਭਾਰਤ 'ਤੇ ਇਹ ਦੋਸ਼ ਲਾਉਣ ਦੇ ਪਹਿਲੇ ਦਿਨ ਤੋਂ ਕੈਨੇਡਾ ਦੇ ਨਾਲ ਹਾਂ ਅਤੇ ਇਸ ਮਸਲੇ ਬਾਰੇ ਭਾਰਤ ਸਰਕਾਰ ਨਾਲ ਵੀ ਗੱਲ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਅਮਰੀਕਾ ਚਾਹੁੰਦਾ ਹੈ ਕਿ ਇਹ ਜਾਂਚ ਅੱਗੇ ਵਧੇ ਤੇ ਦੋਸ਼ੀਆਂ ਕਨੂੰਨ ਦੇ ਘੇਰੇ ਵਿੱਚ ਲਿਆਂਦਾ ਜਾਵੇ।

***

## ਸਿੱਖਾਂ ਦੇ ਕੌਮਾਂਤਰੀ ਉਭਾਰ

ਵਿਸ਼ਵ ਭਾਈਚਾਰਾ ਸਿੱਖ ਧਰਮ ਦੀ ਬਜਾਏ ਸਿੱਖਾਂ ਦੇ ਮਨੁੱਖੀ ਅਧਿਕਾਰ ਸੰਬੰਧੀ ਵਿਸ਼ੇ ਨੂੰ ਵਧੇਰੇ ਸੰਜੀਦਗੀ ਨਾਲ ਲੈਂਦਾ ਹੈ।ਇਹ ਗੱਲ ਅਮਰੀਕੀ ਸਿੱਖ ਭਾਈਚਾਰਾ ਵੀ ਸਮਝਦਾ ਹੈ, ਕਿਉਂਕਿ ਮਨੁੱਖੀ ਅਧਿਕਾਰ ਦੀ ਸੁਰੱਖਿਆ ਅਮਰੀਕਾ ਦੇ ਮੁੱਢਲੇ ਅਹਿਮੀਅਤ ਵਾਲੇ ਪੱਖਾਂ ਵਿੱਚ ਸ਼ਾਮਲ ਰਹੀ ਹੈ ਤੇ ਕੈਨੇਡਾ ਵੀ ਵਾਰ-ਵਾਰ ਸਿੱਖਾਂ ਦੀ ਬਜਾਏ ਆਪਣੇ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਗੱਲ ਹੀ ਕਰ ਰਿਹਾ ਹੈ।ਬੇਸ਼ੱਕ ਇਸ ਤਰ੍ਹਾਂ ਕਰਦਿਆਂ ਉਹ ਸਿੱਖਾਂ ਦੀ ਅਲਹਿਦਾ ਪਛਾਣ ਤੋਂ ਮੁਨਕਰ ਨਹੀਂ ਹੋ ਰਿਹਾ। ਇਸ ਲਈ ਅੰਦਰਖਾਤੇ ਇਹ ਕੋਸ਼ਿਸ਼ਾਂ ਜਾਰੀ ਹਨ ਕਿ ਸਿੱਖਾਂ ਨਾਲ ਹੁੰਦੇ ਭਾਰਤ ਵਿਚਲੇ ਮਨੁੱਖੀ ਅਧਿਕਾਰ ਹਨਣ ਕੇਸ ਵੱਧ ਤੋਂ ਵੱਧ ਅੰਤਰਰਾਸ਼ਟਰੀ ਪੱਧਰ ਤੇ ਜਾਰੀ ਕੀਤੇ ਜਾਣ।ਕੁਝ ਸੱਜਣ ਆਪਣੇ ਤੌਰ 'ਤੇ ਇਹ ਕੰਮ ਕਰ ਵੀ ਰਹੇ ਹਨ।

ਇਸ ਲਈ ਸਿੱਖਾਂ ਨੂੰ ਇਸ ਪਾਸੇ ਜ਼ਿਆਦਾ ਧਿਆਨ ਦੇਣ ਦੀ ਲੋੜ ਤੇ ਇਸ ਪਾਸੇ ਗੰਭੀਰਤਾ ਸਹਿਤ ਉੱਦਮ ਕਰਨ ਦੀ ਜ਼ਰੂਰਤ ਹੈ ਤਾਂ ਜੋ ਭਾਰਤ ਵਿੱਚ ਹੁੰਦੇ ਸਿੱਖ ਮੌਲਿਕ ਅਧਿਕਾਰਾਂ ਦੇ ਹਨਣ ਦੀ ਗੱਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਭਾਰਿਆ ਜਾਏ।ਕਿਉਂਕਿ ਪੱਛਮ, ਖਾਸ ਕਰ ਅਮਰੀਕਾ ਆਪਣੀਆਂ ਪਿਛਲੀਆਂ ਸਾਰੀਆਂ ਪ੍ਰਮੁੱਖ ਲੜਾਈਆਂ ਨੂੰ ਇਸੇ ਅਧਾਰ 'ਤੇ ਲੜਿਆ ਹੈ। ਵੈਸੇ ਵੀ ਵਰਤਮਾਨ ਸਮਿਆਂ ਵਿੱਚ ਇਹ ਇੱਕ ਅਹਿਮ ਪੈਂਤੜਾ ਸਾਬਤ ਹੋ ਸਕਦਾ ਹੈ।

***

## ਯੂ.ਕੇ. 'ਚ ਡੂੰਘਾ ਹੋਣ

ਪੱਧਰ 'ਤੇ ਮਿਲ ਰਹੇ ਅਰਥਵਿਵਸਥਾਵਾਂ ਦੇ ਸੰਕੇਤਾਂ ਤੋਂ ਬਾਅਦ ਹੀ ਵਿਆਜ ਦਰਾਂ 'ਚ ਵਾਧੇ 'ਤੇ ਰੋਕ ਲਾਉਣ ਦਾ ਫ਼ੈਸਲਾ ਕੀਤਾ ਸੀ।ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕਰਜ਼ੇ ਦੀ ਦਰ ਵਧਣ ਅਤੇ ਲੋਨ ਮਹਿੰਗਾ ਹੋਣ ਕਾਰਨ ਬੈਂਕ ਆਫ਼ ਇੰਗਲੈਂਡ ਨੇ ਇਹ ਫ਼ੈਸਲਾ ਲਿਆ।ਸਤੰਬਰ ਮਹੀਨੇ 'ਚ ਪੀ.ਐੱਮ. ਆਈ. ਦੇ ਸੰਕੇਤਾਂ ਤੋਂ ਪਤਾ ਲੱਗਾ ਹੈ ਕਿ ਇਸ ਸਾਲ ਦੀ ਦੂਜੀ ਛਿਮਾਹੀ 'ਚ ਵੀ ਯੂ.ਕੇ. ਦੀ ਅਰਥਵਿਵਸਥਾ ਕਾਫ਼ੀ ਕਮਜ਼ੋਰ ਲੱਗ ਰਹੀ ਹੈ।

ਰਿਟੇਲ ਸੈੱਲ ਦੇ ਆਏ ਅਗਸਤ ਮਹੀਨੇ ਦੇ ਅੰਕੜਿਆਂ ਨੂੰ ਦੇਖ ਕੇ ਕੁਝ ਰਾਹਤ ਦੀ ਆਸ ਨਜ਼ਰ ਆ ਰਹੀ ਹੈ ਪਰ ਜੇਕਰ ਸਤੰਬਰ 'ਚ ਇਸ 'ਚ ਬਹੁਤ ਵੱਧ ਤੇਜ਼ੀ ਨਹੀਂ ਆਉਂਦੀ ਹੈ ਤਾਂ ਇਸ ਦਾ ਅਸਰ ਤੀਜੀ ਤਿਮਾਹੀ ਦੇ ਜੀ. ਡੀ. ਪੀ. ਦੇ ਅੰਕੜਿਆਂ 'ਤੇ ਪਵੇਗਾ। ਐਸ. ਐਂਡ ਪੀ. ਨੇ ਆਪਣੀ ਰਿਪੋਰਟ 'ਚ ਇਹ ਵੀ ਕਿਹਾ ਹੈ ਕਿ ਅਕਤੂਬਰ, 2009 ਤੋਂ ਬਾਅਦ ਇੰਗਲੈਂਡ 'ਚ ਨੌਕਰੀਆਂ 'ਚ ਸਭ ਤੋਂ ਵੱਧ ਕਟੌਤੀ ਹੋ ਰਹੀ ਹੈ। ਦੱਸਣਯੋਗ ਹੈ ਕਿ ਯੂ. ਕੇ. 'ਚ ਜਨਵਰੀ, 2025 'ਚ ਚੋਣਾਂ ਹੋਣੀਆਂ ਹਨ ਅਤੇ ਚੋਣਾਂ ਤੋਂ ਲਗਭਗ ਸਵਾ ਸਾਲ ਪਹਿਲਾਂ ਅਰਥਵਿਵਸਥਾ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ।ਇਹ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਲਈ ਚਿੰਤਾ ਦੀ ਗੱਲ ਹੈ, ਕਿਉਂਕਿ ਉਹ ਹਾਲ ਹੀ 'ਚ ਆਏ ਯੂ. ਕੇ. ਦੇ ਸਿਆਸੀ ਸਰਵੇ 'ਚ ਪ੍ਰਧਾਨ ਮੰਤਰੀ ਦੀ ਦੌੜ 'ਚ ਪੱਛੜਦੇ ਜਾ ਰਹੇ ਹਨ।

ਹਾਲਾਂਕਿ ਇੰਗਲੈਂਡ ਦੀ ਸਰਕਾਰ ਨੂੰ ਆਸ ਹੈ ਕਿ ਵੋਟਰਾਂ ਦੀ ਪੋਲਿੰਗ 'ਚ ਜਾਣ ਤੋਂ ਪਹਿਲਾਂ ਅਰਥਵਿਵਸਥਾ ਦੇ ਸੰਕਟ ਦਾ ਹੱਲ ਮਿਲ ਜਾਵੇਗਾ। ਪੀ. ਐੱਮ. ਆਈ. ਦੇ ਅੰਕੜੇ ਤੋਂ ਲਗਾਤਾਰ ਦੂਜੇ ਮਹੀਨੇ ਜੀ. ਡੀ. ਪੀ. ਦੇ ਅੰਕੜਿਆਂ 'ਚ ਗਿਰਾਵਟ ਦੇ ਸੰਕੇਤ ਮਿਲ ਰਹੇ ਹਨ ਅਤੇ ਅਜਿਹਾ ਯੂ. ਕੇ. ਦੇ ਸਰਵਿਸ ਸੈਕਟਰ ਦੀ ਗ੍ਰੋਥ ਘੱਟ ਹੋਣ ਨਾਲ ਹੋ ਰਿਹਾ ਹੈ। ਸਰਵਿਸ ਸੈਕਟਰ ਯੂ. ਕੇ. ਦਾ ਸਭ ਤੋਂ ਵੱਡਾ ਸੈਕਟਰ ਹੈ ਅਤੇ ਇਸ ਦੇ ਪ੍ਰਦਰਸ਼ਨ ਦਾ ਅਰਥਵਿਵਸਥਾ 'ਤੇ ਵੱਡਾ ਅਸਰ ਪੈਂਦਾ ਹੈ। ਕੰਪਨੀਆਂ 'ਚ ਕੰਮ ਕਰਨ ਵਾਲੇ ਵਰਕਰਾਂ ਤੋਂ ਇਲਾਵਾ ਲੇਬਰ ਮਾਰਕੀਟ 'ਚ ਵੀ ਭਰੋਸੇ ਦੀ ਕਮੀ ਨਜ਼ਰ ਆ ਰਹੀ ਹੈ ਅਤੇ ਇਸੇ ਕਾਰਨ ਬੈਂਕ ਆਫ਼ ਇੰਗਲੈਂਡ ਨੂੰ ਵਧਦੀ ਮਹਿੰਗਾਈ ਅਤੇ ਅਰਥਵਿਵਸਥਾ ਦੇ ਸੰਕਟ ਨਾਲ ਨਜਿੱਠਣ 'ਚ ਪ੍ਰੇਸ਼ਾਨੀ ਹੋ ਰਹੀ ਹੈ।

***

## ਅਜੋਕੇ ਸਿੱਖ ਸੰਕਟ ਸਬੰਧੀ

ਇਸ ਮੌਕੇ ਬੋਲਦੇ ਹੋਏ ਐਡਵੋਕੇਟ ਪਰਮਿੰਦਰ ਸਿੰਘ ਨੇ ਕਿਹਾ ਕਿ ਅਸਲ ਵਿੱਚ ਗੁਰੂ ਗਰੰਥ ਸਾਹਿਬ ਜੀ ਦੀ ਵਿਚਾਰਧਾਰਾ ਮਨੂੰਵਾਦੀ ਵਿਚਾਰ ਨੂੰ ਮੁੱਢੋਂ ਖਾਰਜ ਕਰਦੀ ਹੈ ਜਿਸ ਕਾਰਨ ਮਨੂੰਵਾਦੀ ਤਾਕਤਾਂ ਲਗਾਤਾਰ ਸਿੱਖਾਂ ਦੀ ਨਸਲਕੁਸ਼ੀ ਦਾ ਰਾਹ ਅਖਤਿਆਰ ਕਰਦਿਆਂ ਹਨ। ਯੂਨਾਈਟਿਡ ਸਿੱਖ ਸਟੂਡੈਂਟ ਫੈਡਰੇਸ਼ਨ ਵੱਲੋਂ ਡਾ. ਅਮਰਿੰਦਰ ਸਿੰਘ, ਸਰਦਾਰ ਜਗਜੀਤ ਸਿੰਘ ਗਾਭਾ ਪ੍ਰਧਾਨ ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਪ੍ਰੋ ਬਲਵਿੰਦਰਪਾਲ ਸਿੰਘ, ਹਰਿਆਣੇ ਤੋਂ ਮਨੋਜ ਸਿੰਘ ਦੂਹਨ, ਤੇਜਵੀਰ ਸਿੰਘ, ਮਿਸਲ ਸਤਲੁਜ ਦਵਿੰਦਰ ਸਿੰਘ ਸੇਖੋਂ, ਰਮਨ ਮੰਡੇਰ, ਗੁਰਪ੍ਰੀਤ ਸਿੰਘ ਚੰਡੀਗੜ੍ਹ, ਪੱਤਰਕਾਰ ਗੁਰਸ਼ਮਸ਼ੀਰ ਸਿੰਘ, ਸੰਦੀਪ ਸਿੰਘ, ਕੁਲਦੀਪ ਸਿੰਘ ਵਿਰਕ, ਬੱਬੂ ਖੋਸਾ, ਸਰਦਾਰ ਪ੍ਰਦੀਪ ਸਿੰਘ ਵਲਟੋਹਾ, ਹਰਪ੍ਰੀਤ ਸਿੰਘ ਪੱਟੀ ਹਾਜਰ ਸਨ ਅੰਤ ਵਿੱਚ ਅਲਾਇੰਸ ਆਫ਼ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਭਾਈ ਸੁਖਦੇਵ ਸਿੰਘ ਫਗਵਾੜਾ ਨੇ ਆਏ ਵਿਦਵਾਨਾਂ ਦਾ ਧੰਨਵਾਦ ਕੀਤਾ।

***

## ਨਸ਼ਿਆਂ ਸਬੰਧੀ ਮਾਪੇ ਆਪਣੀ

ਬਾਹਰੋਂ ਉਲਾਂਭੇ ਆਉਣ ਦੀ ਸੂਰਤ ਵਿੱਚ ਕਿਸੇ ਮਾਹਰ ਮਨੋਵਿਗਿਆਨੀ ਦੀ ਸਲਾਹ ਲੈ ਕੇ ਉਸ 'ਤੇ ਅਮਲ ਕਰਨਾ ਅਤੇ ਬੱਚੇ ਤੋਂ ਕਰਵਾਉਣਾ ਅਤਿਅੰਤ ਜ਼ਰੂਰੀ ਹੈ।

ਅਕਸਰ ਧਿਆਨ ਵਿੱਚ ਆਉਂਦਾ ਹੈ ਕਿ ਬੱਚੇ ਦੇ ਝਿੜਕਣ 'ਤੇ ਮਾਪੇ ਸਮਾਜਕ ਨਮੋਸ਼ੀ ਦੇ ਡਰ ਕਾਰਨ ਉਸਦੀਆਂ ਕਮਜ਼ੋਰੀਆਂ ਉੱਤੇ ਪੜ੍ਹਦੇ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਈ ਵਾਰ ਉਲਾਂਭਾ ਦੇਣ ਵਾਲੇ ਦੇ ਗੱਲ ਪੈ ਕੇ ਆਪਣੇ ਬੱਚੇ ਦਾ ਬਚਾਉ ਕਰਦੇ ਹਨ। ਦਰਅਸਲ ਅਜਿਹੀ ਹਾਲਤ ਵਿੱਚ ਮਾਪੇ ਪਹਾੜ ਜਿੱਡੀ ਗਲਤੀ ਕਰਕੇ ਬੱਚੇ ਨੂੰ ਅਜਿਹੇ ਘਟੀਆ ਕਰਮ ਕਰਨ ਤੋਂ ਰੋਕਣ ਦੀ ਥਾਂ ਉਸ ਨੂੰ ਹੱਲਾਸ਼ੇਰੀ ਦਿੰਦੇ ਹਨ ਅਤੇ ਉਹ ਹੋਰ ਨਿਡਰ ਹੋ ਕੇ ਘਟੀਆ ਪੱਧਰ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਜਾਂਦਾ ਹੈ। ਇਸ ਸਬੰਧ ਵਿੱਚ ਮਾਪਿਆਂ ਨੂੰ ਗੰਭੀਰ ਹੋ ਕੇ ਪ੍ਰਾਪਤ ਉਲਾਂਭੇ ਦੀ ਤਹਿ ਤਕ ਜਾ ਕੇ ਬੱਚੇ ਦੀਆਂ ਵਿਗੜੀਆਂ ਆਦਤਾਂ ਉੱਤੇ ਕਾਬੂ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਗੱਲ ਮਾਪਿਆਂ ਨੂੰ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਮੌਕੇ 'ਤੇ ਲੱਗਿਆ ਇੱਕ ਟਾਂਕਾ ਨੌਂ ਟਾਂਕਿਆਂ ਦੀ ਬੱਚਤ ਕਰਦਾ ਹੈ। ਸਾਡੀ ਲਾਪ੍ਰਵਾਹੀ ਕਈ ਵਾਰ ਬੱਚੇ ਦੀ ਜ਼ਿੰਦਗੀ ਦੇ ਨਾਲ-ਨਾਲ ਸਾਡੇ ਭਵਿੱਖ ਨੂੰ ਵੀ ਧੁੰਦਲਾ ਕਰ ਦਿੰਦੀ ਹੈ।

ਸਮਾਜ ਵਿੱਚ ਨਸ਼ਿਆਂ ਦੀ ਹੋਮ ਡਿਲਿਵਰੀ ਨੇ ਜਿੱਥੇ ਕਈ ਘਰਾਂ ਵਿੱਚ ਸੱਥਰ ਵਿਛਾਏ ਹਨ, ਉੱਥੇ ਹੀ ਸਮਾਜ ਵਿੱਚ ਪਸਰੀ ਸੋਗੀ ਹਵਾ ਨੇ ਹਰ ਚੇਤਨ ਵਰਗ ਨੂੰ ਹਲੂਣਿਆ ਹੈ ਅਤੇ ਲੋਕ ਹੁਣ ਸਮਾਜਿਕ ਰੁਝੇਵਿਆਂ, ਮਤਭੇਦ ਅਤੇ ਉੱਚੇ-ਨੀਵੇਂ ਰੁਤਬੇ ਨੂੰ ਭੁੱਲ ਕੇ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ ਤੇ ਇਕੱਠੇ ਹੋ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਜੰਗਲ ਦੀ ਅੱਗ ਦੀ ਤਰ੍ਹਾਂ ਜੇਕਰ ਇਸ ਉੱਤੇ ਕਾਬੂ ਨਾ ਪਾਇਆ ਗਿਆ ਤਾਂ ਹਰ ਘਰ ਵਿੱਚ ਸੱਥਰ ਉਨ੍ਹਾਂ ਦਾ ਨਸੀਬ ਬਣ ਜਾਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੋ ਗਿਆ ਹੈ ਕਿ ਨਸ਼ਾ ਤਸਕਰ ਥੋੜ੍ਹੀ ਗਿਣਤੀ ਵਿੱਚ ਹੁੰਦਿਆਂ ਭਾਰੀ ਗਿਣਤੀ ਨੂੰ ਤਬਾਹ ਕਰਨ ਲਈ ਜ਼ਿੰਮੇਵਾਰ ਹਨ ਅਤੇ ਭਾਈਚਾਰਕ ਏਕਾ ਹੀ ਨਸ਼ਿਆਂ ਦੀ ਨਾਮੁਰਾਦ ਬਿਮਾਰੀ ਨੂੰ ਠੱਲ੍ਹ ਪਾਉਣ ਵਿੱਚ ਸਹਾਈ ਹੋਵੇਗਾ ਨਸ਼ਾ ਤਸਕਰਾਂ ਵਿਰੁੱਧ ਮਾਲਵਾ ਇਲਾਕੇ ਵਿੱਚੋਂ ਉੱਠੀ ਵਿਦਰੋਹੀ ਸੁਰ ਹੁਣ ਮਾਝੇ ਅਤੇ ਦੋਆਬੇ ਵਿੱਚ ਵੀ ਫੈਲ ਰਹੀ ਹੈ ਅਤੇ ਲੋਕ ਆਪ ਮੁਹਾਰੇ ਨਸ਼ਾ ਤਸਕਰਾਂ ਨੂੰ ਵੰਗਾਰਨ ਲਈ ਪਿੰਡਾਂ ਦੀਆਂ ਗਲੀਆਂ ਅਤੇ ਸੜਕਾਂ 'ਤੇ ਇਕੱਠੇ ਹੋਣ ਲੱਗ ਪਏ ਹਨ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਨਸ਼ਾ ਤਸਕਰਾਂ ਦੀਆਂ ਨਾ ਹੀ ਸ਼ੀਸ਼ੀਆਂ ਐਨੀਆਂ ਪੱਕੀਆਂ ਹਨ ਕਿ ਉਨ੍ਹਾਂ ਨੂੰ ਭੰਨਿਆ ਨਾ ਜਾ ਸਕੇ ਅਤੇ ਨਾ ਪੈਰ ਐਨੇ ਮਜ਼ਬੂਤ ਹਨ ਕਿ ਉਨ੍ਹਾਂ ਨੂੰ ਉਖੇੜਿਆ ਨਾ ਜਾ ਸਕੇ। ਪਿੰਡਾਂ ਵਿੱਚ ਔਰਤਾਂ, ਨੌਜਵਾਨਾਂ ਅਤੇ ਮਰਦਾਂ ਵੱਲੋਂ ਲਾਏ ਪਹਿਰੇ ਅਤੇ ਨਾਕਿਆਂ ਨੇ ਨਸ਼ਾ ਤਸਕਰਾਂ ਦੇ ਨਾਸੀਂ ਧੂੰਆਂ ਲਿਆ ਦਿੱਤਾ ਹੈ। ਲੋਕਾਂ ਨੇ ਇਕੱਠੇ ਹੋ ਕੇ ਤਸਕਰਾਂ ਨੂੰ ਨਸ਼ਾ ਨਾ ਵੇਚਣ ਦੀ ਦਿੱਤੀ ਵਾਰਨਿੰਗ ਨਾਲ ਉਨ੍ਹਾਂ ਦੇ ਭਾਵੇਂ ਸਾਹ ਸੂਤੇ ਗਏ ਹਨ ਪਰ ਜ਼ਹਿਰੀਲੇ ਸੱਪ ਦੇ ਜ਼ਹਿਰ ਘੋਲਣ ਵਾਂਗ ਕਈ ਥਾਂਵਾਂ 'ਤੇ ਉਨ੍ਹਾਂ ਨੇ ਨਸ਼ਾ ਵਿਰੋਧੀ ਕਮੇਟੀਆਂ ਦੇ ਮੈਂਬਰਾਂ 'ਤੇ ਕੀਤੇ ਜਾਨਲੇਵਾ ਹਮਲਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਅਜਿਹੇ ਕੌਮ ਵਿਰੋਧੀ ਲੋਕਾਂ ਨੇ ਸਾਡੀ ਪੀੜ੍ਹੀ ਨੂੰ ਬਰਬਾਦ ਕਰਨ ਲਈ ਦਰਿੰਦਗੀ ਦਾ ਰਾਹ ਵੀ ਚੁਣਿਆ ਹੋਇਆ ਹੈ। ਲੋਕਾਂ ਨੂੰ ਅਜਿਹੀਆਂ ਤਾਕਤਾਂ ਦੇ ਮੁਕਾਬਲੇ ਲਈ ਇੱਕ-ਮੁੱਠ ਹੋ ਕੇ ਜੋਸ਼ ਦੇ ਨਾਲ-ਨਾਲ ਹੋਸ਼ ਤੋਂ ਵੀ ਕੰਮ ਲੈਣਾ ਹੋਵੇਗਾ। ਅਜਿਹੀਆਂ ਗਿੱਦੜ ਧਮਕੀਆਂ ਔਰਤਾਂ, ਮਰਦਾਂ ਅਤੇ ਨੌਜਵਾਨਾਂ ਦੇ ਏਕੇ ਸਾਹਮਣੇ ਟਿੱਕ ਨਹੀਂ ਸਕਦੀਆਂ। ਲੋਕਾਂ ਦੇ ਲਾਏ ਨਾਕੇ ਅਤੇ ਪਹਿਰੇਦਾਰੀ ਭਵਿੱਖ ਲਈ ਸ਼ੁਭ ਸ਼ਗਨ ਹੈ। ਸਮਾਜਿਕ ਦਬਾਉ, ਸਮਾਜਿਕ ਪਹਿਰੇਦਾਰੀ ਅਤੇ ਸਮਾਜਿਕ ਨਾਮੋਸ਼ੀ ਅਜਿਹੇ ਵਿਗੜੇ ਤਸਕਰਾਂ ਨੂੰ ਸਹੀ ਰਾਹ 'ਤੇ ਲਿਆਉਣ ਵਿੱਚ ਜ਼ਰੂਰ ਕਾਮਯਾਬ ਹੋਵੇਗੀ। ਹਾਂ, ਲੋਕਾਂ ਦੇ ਲਾਏ ਨਾਕਿਆਂ ਅਤੇ ਬੁਲੰਦ ਨਾਅਰਿਆਂ ਵਿੱਚ ਹਿੰਸਾਤਮਕ ਕਾਰਵਾਈ ਨਹੀਂ ਜੁੜਨੀ ਚਾਹੀਦੀ। ਲੋਕ ਏਕਤਾ ਨੂੰ ਕਾਨੂੰਨ ਦੀ ਰੱਖਿਆ ਕਰਨ ਲਈ ਵੀ ਵਚਨਬੱਧ ਹੋਣਾ ਪਵੇਗਾ।

ਮਾਪੇ ਆਪਣੀ ਔਲਾਦ ਪ੍ਰਤੀ ਰੋਲ ਮਾਡਲ ਵਾਲਾ ਫਰਜ਼ ਨਿਭਾਉਣ, ਸਮਾਜ ਨਸ਼ਾ ਤਸਕਰਾਂ ਉੱਤੇ ਪਹਿਰੇਦਾਰੀ ਰੱਖੇ ਅਤੇ ਸਰਕਾਰ ਮਾਪਿਆਂ ਅਤੇ ਸਮਾਜ ਦੇ ਹਿਤਾਂ ਦੀ ਰਾਖੀ ਕਰਦਿਆਂ ਨਸ਼ਾ ਤਸਕਰੀ ਨੂੰ ਦੂਰ ਕਰਨ ਲਈ ਦ੍ਰਿੜ੍ਹ ਇੱਛਾ ਸ਼ਕਤੀ ਨੂੰ ਅਮਲੀਜਾਮਾ ਪਹਿਨਾਵੇ ਤਾਂ ਨਸ਼ੇ ਦੇ ਦੈਂਤ ਨੂੰ ਹਰ ਹਾਲਤ ਵਿੱਚ ਚਿੱਤ ਕਰ ਦਿੱਤਾ ਜਾਵੇਗਾ।

***

## ਝੂਠੀ ਸ਼ਾਨ ਦਿਖਾਉਂਦੇ

ਜੇਕਰ ਪਤੀ ਆਪਣੀ ਪਤਨੀ ਨੂੰ ਸਮਾਜ ਵਿੱਚ 'ਟਰਾਫੀ ਵਾਈਫ਼' ਵਜੋਂ ਪੇਸ਼ ਕਰਦਾ ਹੈ ਤਾਂ ਉਹ ਉਸ ਨੂੰ ਘਰ ਵਿੱਚ ਵੀ ਉਹੀ ਦਰਜਾ ਦਿੰਦਾ ਹੈ। ਪਰ ਸਾਡੇ ਦੇਸ਼ ਵਿੱਚ ਮਰਦ ਅਜੇ ਵੀ ਔਰਤਾਂ ਪ੍ਰਤੀ ਪੂਰੀ ਤਰ੍ਹਾਂ ਉਦਾਰ ਨਹੀਂ ਹਨ।

**ਦੋਹਰੇ ਮਿਆਰੀ ਰਿਸ਼ਤੇ ਨੂੰ ਜੀਉਣਾ**

ਇੱਥੇ, ਮਰਦ ਆਪਣੀ ਪਤਨੀ ਨੂੰ ਘਰ ਤੋਂ ਬਾਹਰ ਸਿਰਫ਼ ਉਨ੍ਹਾਂ ਥਾਂਵਾਂ 'ਤੇ ਮਾਡਰਨ ਦਿਖਾਉਣਾ ਚਾਹੁੰਦੇ ਹਨ ਜਿੱਥੇ ਸੁੰਦਰ ਅਤੇ 'ਹੌਟ' ਹੋਣਾ ਉਨ੍ਹਾਂ ਦਾ ਮਾਣ ਹੈ। ਉਸ ਦਾ ਦਿਲ ਅਜੇ ਘਰ ਦੇ ਅੰਦਰ ਇੰਨਾ ਵੱਡਾ ਨਹੀਂ ਹੋਇਆ ਹੈ। ਪਤਨੀ ਨੂੰ ਭਾਵੇਂ ਘਰ ਵਿੱਚ ਆਧੁਨਿਕ ਕੱਪੜੇ ਪਹਿਨਣ ਦੀ ਇਜਾਜ਼ਤ ਹੋਵੇ, ਪਰ ਉਸ ਨੂੰ ਆਧੁਨਿਕ ਸੋਚਣ ਦਾ ਅਧਿਕਾਰ ਨਹੀਂ ਮਿਲਦਾ। ਘਰ ਵਿੱਚ ਪਤਨੀ ਭਾਵੇਂ ਆਧੁਨਿਕ ਕੱਪੜੇ ਪਹਿਨੇ ਹੋਵੇ ਪਰ ਉਸ ਦਾ ਕੰਮ ਅਤੇ ਵਿਹਾਰ ਇੱਕ ਆਮ ਪਤਨੀ ਵਰਗਾ ਹੋਣਾ ਚਾਹੀਦਾ ਹੈ। ਜਿਸ ਦੇ ਜੀਵਨ ਦਾ ਇੱਕੋ ਇੱਕ ਉਦੇਸ਼ ਆਪਣੇ ਪਤੀ ਅਤੇ ਉਸ ਦੇ ਪਰਿਵਾਰ ਦੀ ਸੇਵਾ ਕਰਨਾ ਚਾਹੀਦਾ ਹੈ।

**ਪਤੀ ਤੋਂ ਇਕ ਕਦਮ ਵੀ ਅੱਗੇ ਹੋਣਾ ਬਰਦਾਸ਼ਤ ਨਹੀਂ ਕਰ ਸਕਦੀ**

ਭਾਵੇਂ ਕੁਝ ਪੁਰਸ਼ ਜੋ 'ਟਰਾਫੀ ਵਾਈਫ਼' ਚਾਹੁੰਦੇ ਹਨ, ਆਪਣੀ ਪਤਨੀ ਨੂੰ ਕੈਰੀਅਰ ਬਣਾਉਣ ਦੀ ਇਜਾਜ਼ਤ ਦਿੰਦੇ ਹਨ, ਫਿਰ ਵੀ ਉਨ੍ਹਾਂ ਦੇ ਮਨ ਵਿੱਚ ਇਹ ਡਰ ਬਣਿਆ ਰਹਿੰਦਾ ਹੈ ਕਿ ਸ਼ਾਇਦ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਪਛਾੜ ਦੇਵੇਗੀ। ਅਜਿਹੇ ਲੋਕ ਇੱਕ ਕਮਾਈ ਕਰਨ ਵਾਲੀ ਪਤਨੀ ਚਾਹੁੰਦੇ ਹਨ, ਪਰ ਉਹ ਉਸ ਨੂੰ ਆਪਣੇ ਤੋਂ ਇੱਕ ਕਦਮ ਵੀ ਅੱਗੇ ਨਹੀਂ ਦੇਖ ਸਕਦੇ ਜੇਕਰ ਪਤਨੀ ਥੋੜ੍ਹੀ ਦੂਰ ਵੀ ਜਾਂਦੀ ਹੈ ਤਾਂ ਪਤੀ ਦਾ ਸੁਭਾਅ ਬਣ ਜਾਂਦਾ ਹੈ ਕਿ ਉਹ ਹਰ ਗੱਲ 'ਤੇ ਉਸ ਨੂੰ ਤਾਅਨੇ ਮਾਰਦਾ ਹੈ, ਬਿਨਾਂ ਕਿਸੇ ਕਾਰਨ ਝਗੜੇ ਨੂੰ ਵਧਾ ਦਿੰਦਾ ਹੈ ਅਤੇ ਉਸ ਨੂੰ ਦੋਸ਼ੀ ਠਹਿਰਾਉਂਦਾ ਹੈ। ਫਿਰ ਹੌਲੀ-ਹੌਲੀ ਰਿਸ਼ਤੇ ਵਿੱਚ ਖਟਾਸ ਆਉਣ ਲੱਗਦੀ ਹੈ ਅਤੇ ਔਰਤਾਂ ਆਪਣੀ ਸਫਲਤਾ ਤੋਂ ਨਿਰਾਸ਼ ਹੋ ਜਾਂਦੀਆਂ ਹਨ।

**ਔਰਤਾਂ ਵੀ ਝੂਠ ਬੋਲਦੀਆਂ ਹਨ**

ਬਹੁਤ ਸਾਰੀਆਂ ਔਰਤਾਂ ਹਨ ਜੋ ਪਰਿਵਾਰ ਵਿੱਚ ਝਗੜੇ ਤੋਂ ਬਚਣ ਲਈ ਆਪਣੀ ਤਨਖਾਹ ਨੂੰ ਘੱਟ ਦੱਸਦੀਆਂ ਹਨ। ਜਦੋਂ ਉਸ ਨੂੰ ਦਫ਼ਤਰ ਵਿੱਚ ਚੰਗੀ ਕਾਰਗੁਜ਼ਾਰੀ ਬਦਲੇ ਕੋਈ ਤਰੱਕੀ ਜਾਂ ਐਵਾਰਡ ਮਿਲਦਾ ਹੈ ਤਾਂ ਉਹ ਖ਼ੁਸ਼ੀ ਜ਼ਾਹਰ ਕਰਨ ਦੀ ਥਾਂ ਇਹ ਕਹਿ ਕੇ ਗੱਲ ਟਾਲ ਦਿੰਦੀ ਹੈ ਕਿ ਇਹ ਤਰੱਕੀ ਸਿਰਫ਼ ਮੇਰੀ ਹੀ ਨਹੀਂ ਹੈ।

***

## ਪੰਜਾਬ ਪੁਲਿਸ ਦੀ ਕਾਰਗੁਜ਼ਾਰੀ

ਕਾਰਗੁਜ਼ਾਰੀ ਵਿੱਚ ਸੁਧਾਰ ਲਿਆਉਣ ਲਈ ਅਤੇ ਪੁਲਿਸ ਦਾ ਚਿਹਰਾ ਲੋਕ-ਪੱਖੀ ਅਤੇ ਇਨਸਾਫ਼ ਵਾਲਾ ਬਣਾਉਣ ਲਈ ਵੱਡੇ ਕਦਮ ਚੁੱਕੇ ਜਾਣ। ਚੰਗੇ ਅਤੇ ਸਾਫ਼-ਸੁਥਰੇ ਅਕਸ ਵਾਲੇ ਅਫ਼ਸਰਾਂ ਅਤੇ ਮੁਲਾਜ਼ਮਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਲੋਕਾਂ ਵਿੱਚ ਪੰਜਾਬ ਪੁਲਿਸ ਪ੍ਰਤੀ ਵਿਸ਼ਵਾਸ ਪੈਦਾ ਹੋਣਾ ਚਾਹੀਦਾ ਹੈ। ਜਲੰਧਰ ਵਿੱਚ ਵਾਪਰੇ ਦੁਖਾਂਤ ਵਰਗੀਆਂ ਘਟਨਾਵਾਂ ਨਾ ਹੋਣ ਇਸ ਲਈ ਵੱਡੇ ਯਤਨਾਂ ਦੀ ਲੋੜ ਹੈ। ਪੁਲਿਸ ਦੀ ਸਿਖਲਾਈ ਸਮੇਂ ਪੁਲਿਸ ਮੁਲਾਜ਼ਮਾਂ ਨੂੰ ਅਤੇ ਅਫ਼ਸਰਾਂ ਨੂੰ ਆਮ ਲੋਕਾਂ ਪ੍ਰਤੀ ਹਮਦਰਦੀ ਰੱਖਣ ਅਤੇ ਮਨੁੱਖੀ ਵਤੀਰਾ ਅਪਨਾਉਣ ਦੀ ਸਿਖਲਾਈ ਦੇਣੀ ਚਾਹੀਦੀ ਹੈ। ਲੋਕਾਂ ਨਾਲ ਦੁਰਵਿਹਾਰ ਕਰਨ ਵਾਲੇ ਥਾਣੇਦਾਰ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਪੁਲਿਸ ਦੇ ਕੰਮ ਵਿੱਚ ਸਿਆਸੀ ਦਖ਼ਲ-ਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ। ਪੁਲਿਸ ਸੁਧਾਰ ਸਮੇਂ ਦੀ ਵੱਡੀ ਲੋੜ ਹੈ। ਇਨ੍ਹਾਂ ਸੁਧਾਰਾਂ ਅਤੇ ਯਤਨਾਂ ਨੂੰ ਜਲਦ ਤੋਂ ਜਲਦ ਅਮਲ ਵਿੱਚ ਲਿਆਉਣਾ ਚਾਹੀਦਾ ਹੈ। ਇਸ ਤਰ੍ਹਾਂ ਹੋਣ ਨਾਲ ਹੀ ਆਮ ਜਨਤਾ ਅਤੇ ਪੁਲਿਸ ਵਿੱਚ ਵਿਸ਼ਵਾਸ ਵਧੇਗਾ ਅਤੇ ਪੰਜਾਬ ਪੁਲਿਸ ਵੀ ਮਨੁੱਖੀ ਵਤੀਰਾ ਧਾਰਨ ਕਰਦੇ ਹੋਏ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰੇਗੀ ਅਤੇ ਅਮਨ-ਕਾਨੂੰਨ ਕਾਇਮ ਰੱਖੇਗੀ।

***

## ਪੰਜਾਬੀਆਂ ਨੂੰ ਦੇਸ਼ ਭਗਤੀ ਦਾ

ਨਾਲ ਜੋੜਿਆ ਜਾਣ ਲੱਗਾ। ਸ਼ੁਭਨੀਤ ਦੇ ਭਗਵੇਂਵਾਦੀਆਂ ਨੇ ਪੋਸਟਰ ਵੀ ਪਾੜ ਦਿੱਤੇ ਸਨ ਅਤੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੌਰਾਨ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਨੇ ਵੀ ਸ਼ੁਬਨੀਤ ਉਰਫ਼ ਸ਼ੁਭ ਨੂੰ ਆਪਣੇ ਸੋਸ਼ਲ ਮੀਡੀਆ ਹੈਂਡਲ ਤੋਂ ਅਨਫਾਲੋ ਕਰ ਦਿੱਤਾ ਸੀ।

ਇਸ ਮਾਮਲੇ ਤੋਂ ਬਾਅਦ ਵੋਟ-ਸਪੀਕਰ ਕੰਪਨੀ ਮੁੰਬਈ ਨੇ ਸਪਾਂਸਰਸ਼ਿਪ ਵਾਪਸ ਲੈ ਲਈ ਸੀ ਅਤੇ 23 ਸਤੰਬਰ ਤੋਂ 25 ਸਤੰਬਰ ਤੱਕ ਸ਼ੋਅ ਨੂੰ ਰੱਦ ਕਰ ਦਿੱਤਾ ਗਿਆ ਸੀ।

ਗਾਇਕ ਸ਼ੁਭ ਦਾ ਟੂਰ ਸਿਰਫ਼ ਮੁੰਬਈ ਹੀ ਨਹੀਂ ਬਲਕਿ ਪੂਰੇ ਭਾਰਤ ਦਾ ਦੌਰਾ ਰੱਦ ਕਰ ਦਿੱਤਾ ਗਿਆ ਹੈ। ਜਿਸ 'ਚ ਦਿੱਲੀ, ਹੈਦਰਾਬਾਦ, ਬੈਂਗਲੁਰੂ ਸਮੇਤ ਵੱਖ-ਵੱਖ 12 ਸ਼ਹਿਰਾਂ ਵਿੱਚ ਸ਼ੋਅ ਕੀਤੇ ਜਾਣੇ ਸਨ। ਬੁੱਕ ਮਾਈ ਸ਼ੋਅ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇਕ ਪੋਸਟ ਵਿੱਚ ਇਹ ਜਾਣਕਾਰੀ ਦਿੱਤੀ ਹੈ ਕੰਪਨੀ ਨੇ ਕਿਹਾ ਕਿ ਗਾਹਕਾਂ ਨੂੰ 7-10 ਦਿਨਾਂ ਦੇ ਅੰਦਰ ਟਿਕਟਾਂ ਦਾ ਪੂਰਾ ਰਿਫੰਡ ਮਿਲ ਜਾਵੇਗਾ। ਇਹ ਸ਼ੋਅ ਕੋਰਡੇਲੀਆ ਕਰੂਜ਼ 'ਤੇ ਆਯੋਜਿਤ ਕੀਤਾ ਜਾਣਾ ਸੀ। ਸ਼ੁਭ ਨੇ 23 ਤੋਂ 25 ਸਤੰਬਰ ਤੱਕ ਮੁੰਬਈ ਵਿੱਚ ਆਪਣਾ ਸ਼ੋਅ ਕਰਨਾ ਸੀ।

***

## ਚੀਨ ਨੇ ਅਰੁਣਾਚਲ ਪ੍ਰਦੇਸ਼ ਦ

ਅੰਤਰਿਮ ਪ੍ਰਧਾਨ ਰਣਧੀਰ ਸਿੰਘ ਨੇ ਕਿਹਾ ਕਿ ਅਸੀਂ ਵਰ ਕਿੰਗ ਕਮੇਟੀ ਨਾਲ ਮੀਟਿੰਗ ਕੀਤੀ ਸੀ ਅਤੇ ਇਸ ਮੁੱਦੇ ਨੂੰ ਸਰਕਾਰ ਦੇ ਸਾਹਮਣੇ ਵੀ ਉਠਾ ਰਹੇ ਹਾਂ। ਦੂਜੇ ਪਾਸੇ, ਓ. ਸੀ. ਏ. ਦੇ ਉਪ ਪ੍ਰਧਾਨ ਵੇਈ ਜਿਜਹੋਂਗ ਨੇ ਦਾਅਵਾ ਕੀਤਾ ਕਿ ਚੀਨ ਪਹਿਲਾਂ ਹੀ ਭਾਰਤੀ ਖਿਡਾਰੀਆਂ ਲਈ ਵੀਜ਼ਾ ਜਾਰੀ ਕਰ ਚੁੱਕਾ ਹੈ, ਜਿਸ ਨੂੰ ਖਿਡਾਰੀਆਂ ਨੇ ਲੈਣ ਤੋਂ ਮਨਾ ਕਰ ਦਿੱਤਾ ਸੀ।

***

## ਗਿਆਨ ਅਤੇ ਸਿੱਖਿਆ ਦਾ

ਦ੍ਰਿਸ਼ ਕੱਟਣ ਦਾ ਡਰਾਮਾ ਕੀਤਾ ਜਾਂਦਾ ਹੈ ਅਤੇ ਫ਼ਿਲਮਾਂ ਦੇ ਰਿਲੀਜ਼ ਹੋਣ ਤੋਂ ਬਾਅਦ ਅਕਸਰ ਅਜਿਹੇ ਵਿਵਾਦ ਦੂਰ ਹੋ ਜਾਂਦੇ ਹਨ।

ਕਈ ਫ਼ਿਲਮਾਂ ਵਿੱਚ ਜਾਣ ਬੁਝ ਕੇ ਕਿਸੇ ਨਾ ਕਿਸੇ ਧਰਮ ਖ਼ਿਲਾਫ਼ ਦਿਖਾਇਆ ਜਾਂਦਾ ਹੈ, ਜਦੋਂ ਵਿਵਾਦ ਪੈਦਾ ਹੋ ਜਾਂਦਾ ਹੈ ਤਾਂ ਉਹਨਾਂ ਦ੍ਰਿਸ਼ਾਂ ਨੂੰ ਕੱਟ ਦਿੱਤਾ ਜਾਂਦਾ ਹੈ। ਇਸ ਤ ਰਾਂ ਆਮ ਫ਼ਿਲਮ ਵੀ ਚਰਚਾ ਵਿੱਚ ਆ ਜਾਂਦੀ ਹੈ। ਇਸ ਤਰਾਂ ਵਿਵਾਦ ਨੂੰ ਫ਼ਿਲਮਾਂ ਹਿੱਟ ਕਰਵਾਉਣ ਦਾ ਫ਼ਾਰਮੂਲਾ ਵੀ ਸਮਝਿਆ ਜਾਂਦਾ ਹੈ। ਜਿਸ ਕਾਰਨ ਅਜਿਹੇ ਵਿਵਾਦਮਈ ਦ੍ਰਿਸ਼ ਫ਼ਿਲਮਾਂ ਵਿੱਚ ਜਾਣ ਬੁਝ ਕੇ ਪਾਏ ਜਾਂਦੇ ਹਨ। ਹਾਲੀਵੁੱਡ ਨੂੰ ਪੂਰੀ ਦੁਨੀਆਂ ਵਿੱਚ ਫ਼ਿਲਮਾਂ ਦੀ ਨਗਰੀ ਕਿਹਾ ਜਾਂਦਾ ਹੈ, ਇਹੋ ਸਥਿਤੀ ਭਾਰਤ ਵਿੱਚ ਮੁੰਬਈ ਦੀ ਹੈ। ਮੁੰਬਈ ਨੂੰ ਫ਼ਿਲਮ ਨਗਰੀ ਕਿਹਾ ਜਾਂਦਾ ਹੈ। ਹਰ ਸਾਲ ਮੁੰਬਈ ਵਿੱਚ ਹਜ਼ਾਰਾਂ ਕਲਾਕਾਰ ਵੱਖ ਵੱਖ ਇਲਾਕਿਆਂ ਵਿੱਚ ਆਪਣੀਆਂ ਫ਼ਿਲਮਾਂ ਵਿੱਚ ਵੱਡੇ ਸਟਾਰ ਬਣਨ ਦੇ ਸੁਪਨੇ ਲੈ ਕੇ ਆਉਂਦੇ ਹਨ, ਜਿਨ੍ਹਾਂ ਨੂੰ ਫ਼ਿਲਮ ਨਗਰੀ ਵਿੱਚ ਆ ਕੇ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ। ਇਹਨਾਂ ਕਲਾਕਾਰਾਂ ਵਿਚੋਂ ਕੁਝ ਕਲਾਕਾਰ ਸਫ਼ਲ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਕੁਝ ਫ਼ਿਲਮਾਂ ਵਿੱਚ ਕੋਈ ਰੋਲ ਮਿਲ ਜਾਂਦਾ ਹੈ ਜਦੋਂ ਕਿ ਬਾਕੀ ਕਲਾਕਾਰ ਸਮੇਂ ਦੀ ਧੂੜ ਵਿੱਚ ਗੁਆਚ ਜਾਂਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਹਿੰਦੀ ਫ਼ਿਲਮਾਂ ਨੂੰ ਗਿਆਨ ਅਤੇ ਸਿੱਖਿਆ ਦਾ ਸਾਧਨ ਬਣਾਇਆ ਜਾਵੇ। ਇਸ ਦੇ ਨਾਲ ਹੀ ਦਰਸ਼ਕਾਂ ਦੇ ਮਨੋਰੰਜਨ ਦਾ ਵੀ ਖਿਆਲ ਰਖਿਆ ਜਾਵੇ। ਫ਼ਿਲਮਾਂ ਵਿਚ ਇਤਰਾਜਯੋਗ, ਵਿਵਾਦ ਪੈਦਾ ਕਰਨ ਵਾਲੇ, ਅਸ਼ਲੀਲ ਦ੍ਰਿਸ਼ ਅਤੇ ਸੰਵਾਦ ਨਾ ਪਾਏ ਜਾਣ। ਹਰ ਫ਼ਿਲਮ ਰਾਹੀਂ ਸਮਾਜ ਨੂੰ ਕੋਈ ਨਾ ਕੋਈ ਸੇਧ ਦੇਣ ਦਾ ਯਤਨ ਕੀਤਾ ਜਾਵੇ।

***

## ਭਾਰਤ ਦੇ ਵੱਖ-ਵੱਖ ਸੂਬਿਆਂ

ਅਨੇਕਾਂ ਸੂਬਿਆਂ 'ਚ ਕਈ ਇਲਾਕੇ ਤਾਂ ਸਿੱਖਾਂ ਦੇ ਗੜ੍ਹ ਹਨ। ਇਹਨਾਂ ਇਲਾਕਿਆਂ ਵਿੱਚ ਪੰਜਾਬ ਅਤੇ ਸਿੱਖ ਧਰਮ ਦੇ ਕਰੀਬ ਸਾਰੇ ਹੀ ਤਿਉਹਾਰ ਮਨਾਏ ਜਾਂਦੇ ਹਨ ਅਤੇ ਇਹਨਾਂ ਵੱਲੋਂ ਆਪਣੇ ਆਪ ਨੂੰ ਸਿੱਖ ਹੋਣ 'ਤੇ ਮਾਣ ਮਹਿਸੂਸ ਕੀਤਾ ਜਾਂਦਾ ਹੈ।

ਆਪਣੀ ਸਖ਼ਤ ਮਿਹਨਤ ਅਤੇ ਯੋਗਤਾ ਕਾਰਨ ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਵੱਡੀ ਗਿਣਤੀ ਸਿੱਖ ਆਰਥਿਕ ਤੌਰ 'ਤੇ ਵੀ ਮਜ਼ਬੂਤ ਹਨ, ਜਿਸ ਕਾਰਨ ਉਹਨਾਂ ਸੂਬਿਆਂ ਦੇ ਮੂਲ ਵਸਨੀਕਾਂ ਵਿੱਚ ਇਹਨਾਂ ਪੰਜਾਬੀਆਂ ਪ੍ਰਤੀ ਈਰਖਾ ਦੀ ਭਾਵਨਾ ਵੀ ਆ ਜਾਂਦੀ ਹੈ। ਇਸ ਕਰਕੇ ਕਈ ਵਾਰ ਦੰਗਈਆਂ ਵੱਲੋਂ ਦੂਜੇ ਸੂਬਿਆਂ 'ਚ ਰਹਿੰਦੇ ਸਿੱਖਾਂ ਦਾ ਆਰਥਿਕ ਨੁਕਸਾਨ ਵੀ ਕੀਤਾ ਜਾਂਦਾ ਹੈ। ਦੂਜੇ ਪਾਸੇ ਹੋਰਨਾਂ ਸੂਬਿਆਂ ਵਿੱਚ ਉਹਨਾਂ ਸਿੱਖਾਂ ਦੀ ਵੀ ਗਿਣਤੀ ਕਾਫ਼ੀ ਹੈ, ਜੋ ਕਿ ਆਰਥਿਕ ਤੌਰ 'ਤੇ ਮਜ਼ਬੂਤ ਨਹੀਂ ਹਨ, ਅਜਿਹੇ ਲੋਕਾਂ ਵਿੱਚ ਸਿਕਲੀਗਰ ਭਾਈਚਾਰਾ ਵੀ ਆ ਜਾਂਦਾ ਹੈ।

ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਸਿੱਖਾਂ ਨੂੰ ਇਹਨਾਂ ਸੂਬਿਆਂ ਵਿੱਚ ਅਕਸਰ ਕਈ ਤਰਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਇਹਨਾਂ ਦੀਆਂ ਸਮੱਸਿਆਵਾਂ ਦੇ ਹਲ ਲਈ ਤਾਂ ਨਾ ਤਾਂ ਉਹਨਾਂ ਸੂਬਿਆਂ ਦੇ ਸਿਆਸੀ ਦਲ ਅੱਗੇ ਆਉਂਦੇ ਹਨ ਤੇ ਨਾ ਹੀ ਪੰਜਾਬ ਵਿੱਚ ਸਰਗਰਮ ਮੁੱਖ ਸਿਆਸੀ ਪਾਰਟੀਆਂ ਦੇ ਆਗੂ ਉਹਨਾਂ ਦੇ ਨਾਲ ਖੜਦੇ ਹਨ, ਇਸ ਕਰਕੇ ਅਜਿਹੇ ਸਿੱਖਾਂ ਨੂੰ ਆਪਣੀ ਹਰ ਸਮੱਸਿਆ ਦਾ ਹਲ ਖੁਦ ਕਰਨਾ ਪੈਂਦਾ ਹੈ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਵਿੱਚ ਸਰਗਰਮ ਸਿਆਸੀ ਪਾਰਟੀਆਂ ਅਤੇ ਹੋਰ ਸੰਸਥਾਵਾਂ ਦੇ ਆਗੂ ਵੱਖ ਵੱਖ ਸੂਬਿਆਂ 'ਚ ਰਹਿੰਦੇ ਸਿੱਖਾਂ ਦੀ ਭਲਾਈ ਲਈ ਉਪਰਾਲੇ ਕਰਨ ਤਾਂ ਕਿ ਇਹਨਾਂ ਸੂਬਿਆਂ 'ਚ ਰਹਿੰਦੇ ਸਿੱਖ ਆਪਣੇ ਆਪ ਨੂੰ ਬੇਗਾਨਾ ਨਾ ਸਮਝਣ।

***

## ਅਰਬਾਂ ਦੀ ਦੌਲਤ, ਪਰ ਵਾਰਸ ਕੌਣ ?

ਭਾਰਤ ਦੀਆਂ ਸਭ ਤੋਂ ਸਫਲ ਮਹਿਲਾ ਉੱਦਮੀਆਂ ਵਿੱਚ ਗਿਣਿਆ ਜਾਂਦਾ ਹੈ। ਕੰਪਨੀ ਨੂੰ ਇਸ ਮੁਕਾਮ ਤੱਕ ਲੈ ਜਾਣ ਲਈ ਉਸ ਨੇ ਕਾਫ਼ੀ ਸੰਘਰਸ਼ ਕੀਤਾ ਹੈ।

**ਨੁਸਲੀ ਵਾਡੀਆ:** ਨੁਸਲੀ ਵਾਡੀਆ ਦੇ ਛੋਟੇ ਬੇਟੇ ਜਹਾਂਗੀਰ ਨੇ ਵਾਡੀਆ ਗਰੁੱਪ ਦੀਆਂ ਕਈ ਕੰਪਨੀਆਂ ਦੇ ਬੋਰਡਾਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਦਾ ਵੱਡਾ ਪੁੱਤਰ ਨੇਸ ਵਾਡੀਆ ਅਜੇ ਵੀ ਗਰੁੱਪ ਨਾਲ ਜੁੜਿਆ ਹੋਇਆ ਹੈ। ਵਾਡੀਆ ਗਰੁੱਪ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਕੰਪਨੀਆਂ ਵਿੱਚੋਂ ਇੱਕ ਹੈ। ਇਹ 1736 ਵਿੱਚ ਸਥਾਪਿਤ ਕੀਤਾ ਗਿਆ ਸੀ. ਕੰਪਨੀ ਦਾ ਕਾਰੋਬਾਰ ਹਵਾਬਾਜ਼ੀ, ਖਪਤਕਾਰ, ਰੀਅਲ ਅਸਟੇਟ, ਪੌਦੇ ਲਗਾਉਣ, ਰਸਾਇਣ ਅਤੇ ਸਿਹਤ ਸੰਭਾਲ ਤੱਕ ਫੈਲਿਆ ਹੋਇਆ ਹੈ।

**ਮੁਕੇਸ਼ ਅੰਬਾਨੀ:** ਦੇਸ਼ ਦੀ ਸਭ ਤੋਂ ਕੀਮਤੀ ਕੰਪਨੀ ਰਿਲਾਇੰਸ ਇੰਡਸਟਰੀਜ਼ ਨੇ ਹਾਲ ਹੀ 'ਚ ਵੱਡਾ ਐਲਾਨ ਕੀਤਾ ਹੈ। ਕੰਪਨੀ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੇ ਤਿੰਨੋਂ ਬੱਚਿਆਂ ਨੂੰ ਬੋਰਡ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਕੰਪਨੀ ਦੀ ਕਮਾਨ ਉਸ ਨੂੰ ਸੌਂਪਣ ਦੀ ਤਿਆਰੀ ਹੈ। 2002 ਵਿੱਚ ਧੀਰੂਭਾਈ ਅੰਬਾਨੀ ਦੀ ਮੌਤ ਤੋਂ ਬਾਅਦ ਮੁਕੇਸ਼ ਅੰਬਾਨੀ ਅਤੇ ਅਨਿਲ ਅੰਬਾਨੀ ਵਿੱਚ ਕਈ ਮਤਭੇਦ ਸਨ। ਅੰਤ ਵਿੱਚ, 2005 ਵਿੱਚ, ਮਾਂ ਕੋਕਿਲਾਬੇਨ ਨੇ ਦੋਵਾਂ ਭਰਾਵਾਂ ਵਿੱਚ ਵਪਾਰਕ ਸਾਮਰਾਜ ਨੂੰ ਵੰਡਣ ਦਾ ਐਲਾਨ ਕੀਤਾ। ਇਹੀ ਕਾਰਨ ਹੈ ਕਿ ਮੁਕੇਸ਼ ਅੰਬਾਨੀ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚਿਆਂ ਵਿਚਾਲੇ ਕਿਸੇ ਤਰ੍ਹਾਂ ਦਾ ਝਗੜਾ ਹੋਵੇ।

**ਯੂਸਫ ਹਮੀਦ:** ਪ੍ਰਮੁੱਖ ਫ਼ਾਰਮਾਂ ਕੰਪਨੀ ਸਿਪਲਾ ਦੇ ਯੂਸਫ ਖਵਾਜਾ ਹਮੀਦ ਹੁਣ ਸਰਗਰਮ ਨਹੀਂ ਹਨ। ਪਰਿਵਾਰ ਦੀ ਅਗਲੀ ਪੀੜ੍ਹੀ ਕੰਪਨੀ ਚਲਾਉਣ ਵਿੱਚ ਦਿਲਚਸਪੀ ਨਹੀਂ ਰੱਖਦੀ। ਇਸ ਲਈ ਉਹ ਇਸ ਨੂੰ ਵੇਚਣ ਦੀ ਯੋਜਨਾ ਬਣਾ ਰਿਹਾ ਹੈ। ਹਾਲ ਹੀ 'ਚ ਖ਼ਬਰ ਆਈ ਸੀ ਕਿ ਬਲੈਕਸਟੋਨ ਕੰਪਨੀ 'ਚ ਪ੍ਰਮੋਟਰ ਦੀ 33.47 ਫੀਸਦੀ ਹਿੱਸੇਦਾਰੀ ਖਰੀਦਣ ਜਾ ਰਹੀ ਹੈ। ਇਸ ਨਾਲ ਸਿਪਲਾ ਦਾ 88 ਸਾਲ ਪੁਰਾਣਾ ਇਤਿਹਾਸ ਵੀ ਨਵਾਂ ਮੋੜ ਲੈਣ ਜਾ ਰਿਹਾ ਹੈ। ਸਿਪਲਾ ਉਨ੍ਹਾਂ ਕੁਝ ਕੰਪਨੀਆਂ ਵਿੱਚੋਂ ਇੱਕ ਹੈ ਜੋ ਦੇਸ਼ ਦੀਆਂ ਉਮੀਦਾਂ ਅਤੇ ਸੰਘਰਸ਼ਾਂ ਦੀਆਂ ਗਵਾਹ ਹਨ।

ਇਸ ਤੋਂ ਇਲਾਵਾ ਕਈ ਹੋਰ ਕੰਪਨੀਆਂ ਦੇ ਸੀਨੀਅਰਾਂ ਨੂੰ ਆਪਣੇ ਉੱਤਰਾਧਿਕਾਰੀ ਦੀ ਚੋਣ ਕਰਨੀ ਪੈਂਦੀ ਹੈ। ਇਨ੍ਹਾਂ ਵਿੱਚ ਸਨ ਫ਼ਾਰਮਾਂ ਦੇ ਦਿਲੀਪ ਸੰਘਵੀ (67), ਮੈਰੀਕੋ ਦੇ ਹਰਸ਼ ਮਾਰੀਵਾਲਾ (72), ਭਾਰਤ ਫੋਰਜ ਦੇ ਬਾਬਾ ਕਲਿਆਣੀ (74), ਅਪੋਲੋ ਹਸਪਤਾਲ ਦੇ ਪ੍ਰਤਾਪ ਰੈਡੀ (91), ਵੇਦਾਂਤਾ ਦੇ ਅਨਿਲ ਅਗਰਵਾਲ (69) ਅਤੇ ਅਪੋਲੋ ਦੇ ਓਮਕਾਰ ਸਿੰਘ ਸ਼ਾਮਲ ਹਨ।

***

## ਬਾਬਾ ਫ਼ਰੀਦ ਆਗਮਨ ਪੁਰਬ ਦੇ ਮੌਕੇ ਮਿਸਲ ਸਤਲੁਜ

10 ਮੀਟਰ ਏਅਰ ਰਾਈਫਲ ਓਪਨ ਸਾਈਟ ਲੜਕੀਆਂ( ਏਐਸਟੀਈਯੂਆਰ/ਸ਼ੁਕੀਨ)

(1.) ਹਰਮਨਪ੍ਰੀਤ ਕੌਰ - ਡੀ. ਸੀ. ਮਾਡਲ ਸਕੂਲ ਫਿਰੋਜ਼ਪੁਰ 24/100

(2.) ਰੁਖਸਾਨਾ - ਸੀ. ਐਸ. ਐਸ. ਗੁਰੂਕਾਸ਼ੀ ਸਕੂਲ ਭਗਤ ਭਾਈਕਾ 12/100

(3.) ਖੁਸ਼ਪ੍ਰੀਤ ਕੌਰ - ਸੀ. ਐਸ. ਐਸ. ਗੁਰੂ ਕਾਸ਼ੀ ਸਕੂਲ ਭਗਤਾ ਭਾਈਕਾ 1/100

ਇਨਾਮ ਵੰਡ ਸਮਾਗਮ ਵਿੱਚ ਮਾਣਯੋਗ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਤਰਫੋਂ ਸ. ਸ਼ਿਵਜੀਤ ਸਿੰਘ ਸੰਘਾ ਨੇ ਸ਼ਿਰਕਤ ਕੀਤੀ ਅਤੇ ਮਿਸਲ ਸਤਲੁਜ ਨੂੰ ਵਧਾਈ ਦਿੰਦਿਆਂ ਅਜਿਹੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਬਾਬਾ ਫ਼ਰੀਦ ਸਕੂਲ ਮੈਨੇਜਮੈਂਟ ਤਰਫੋਂ ਡਾ. ਗੁਰਿੰਦਰ ਮੋਹਨ ਸਿੰਘ ਨੇ ਬੱਚਿਆਂ ਨੂੰ ਇਨਾਮ ਵੰਡੇ। ਮਿਸਲ ਸਤਲੁਜ ਦੇ ਪ੍ਰਧਾਨ ਸ. ਅਜੇਪਾਲ ਸਿੰਘ ਬਰਾੜ ਨੇ ਬੱਚਿਆਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਵੱਡੇ ਘੱਲੂਘਾਰੇ ਵੇਲੇ ਸ. ਚੜ੍ਹਤ ਸਿੰਘ ਦੇ ਨਿਸ਼ਾਨੇਬਾਜ਼ੀ ਦੇ ਹੁਨਰ ਬਾਬਤ ਦੱਸਿਆ।

ਇਸ ਮੌਕੇ 'ਤੇ ਸ. ਦਲੇਰ ਸਿੰਘ ਡੋਡ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ , ਗੁਰਜਾਬ ਸਿੰਘ ਸੇਖੋਂ , ਰਾਜਪਾਲ ਸਿੰਘ ਸੰਧੂ ਕੋਰ ਕਮੇਟੀ ਮਿਸਲ ਸਤਲੁਜ, ਦਵਿੰਦਰ ਸਿੰਘ ਸੇਖੋਂ ਜਰਨਲ ਸਕੱਤਰ ਮਿਸਲ ਸਤਲੁਜ , ਅਮਰ ਸਿੰਘ ਖਜਾਨਚੀ ਮਿਸਲ ਸਤਲੁਜ , ਮੱਘਰ ਸਿੰਘ ਪ੍ਰਧਾਨ ਗੱਤਕਾ ਕਮੇਟੀ , ਸ. ਜਗਤਾਰ ਸਿੰਘ ਗਿੱਲ ਮੈਂਬਰ ਭਾਈ ਘਨਈਆ ਕੈਂਸਰ ਰੋਕੋ ਕਮੇਟੀ , ਸ. ਗੁਰਸੇਵਕ ਸਿੰਘ ਚਹਿਲ, ਰਮਨਦੀਪ ਸਿੰਘ ਬਠਿੰਡਾ , ਗੈਰੀ ਸੰਧੂ , ਮਿੰਟੂ ਦੀਪ ਸਿੰਘ ਵਾਲਾ, ਗੁਰਪ੍ਰੇਮ ਸਿੰਘ , ਭੁਪਿੰਦਰ ਸਿੰਘ ਸਰਾਂ ਆਦਿ ਹਾਜ਼ਰ ਸਨ।

***

## ਅਕਾਲ ਤਖ਼ਤ ਸਾਹਿਬ ਦੇ

ਭਾਰਤੀ ਕਾਨੂੰਨ ਵਿੱਚ 2 ਕੁੜੀਆਂ ਦੇ ਵਿਆਹ ਨੂੰ ਨਹੀਂ ਮਾਨਤਾ : ਭਾਰਤ ਵਿੱਚ ਇੱਕੋ ਲਿੰਗ ਦੇ ਵਿਆਹ ਨੂੰ ਹੁਣ ਤੱਕ ਮਾਨਤਾ ਨਹੀਂ ਮਿਲੀ ਹੈ। 2 ਮੁੰਡੇ ਜਾਂ ਫਿਰ 2 ਕੁੜੀਆਂ ਆਪਸ ਵਿੱਚ ਵਿਆਹ ਨਹੀਂ ਕਰਵਾ ਸਕਦੇ ਹਨ। ਆਈ.ਪੀ.ਸੀ. ਦੀ ਧਾਰਾ 377, ਜਿਸ ਵਿੱਚ ਸਮਲਿੰਗੀ ਸੰਬੰਧਾਂ ਨੂੰ ਅਪਰਾਧਿਕ ਬਣਾਇਆ ਸੀ ਉਸ ਨੂੰ ਸੁਪਰੀਮ ਕੋਰਟ ਨੇ ਹਾਲਾਂ ਕਿ 2018 ਵਿੱਚ ਰੱਦ ਕਰ ਦਿੱਤਾ ਸੀ। ਜੋ ਦੇਸ਼ ਵਿੱਚ ਸਮਲਿੰਗੀ ਅਧਿਕਾਰਾਂ ਲਈ ਵੱਡੀ ਜਿੱਤ ਸੀ। ਹਾਲਾਂ ਕਿ ਹੁਣ ਵੀ ਸਮਲਿੰਗੀ ਵਿਆਹ ਨੂੰ ਕਾਨੂੰਨੀ ਤੌਰ 'ਤੇ ਮਨਜ਼ੂਰੀ ਨਹੀਂ ਮਿਲੀ ਹੈ। ਹਾਲਾਂ ਕਿ 2017 ਵਿੱਚ ਦਿੱਲੀ ਹਾਈਕੋਰਟ ਨੇ ਇਹ ਜ਼ਰੂਰ ਕਿਹਾ ਸੀ ਕਿ ਸਮਲਿੰਗੀ ਜੋੜੇ ਇੱਕ ਰਿਸ਼ਤੇ ਵਿੱਚ ਰਹਿਣ ਦੇ ਹੱਕਦਾਰ ਜ਼ਰੂਰ ਹਨ ਪਰ ਇਸ ਨੂੰ ਫ਼ਿਲਹਾਲ ਕਾਨੂੰਨ ਦੇ ਦਾਇਰੇ ਵਿੱਚ ਨਹੀਂ ਲਿਆਇਆ ਜਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਜਸਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਜਾਂਚ ਮੁਕੰਮਲ ਕਰਕੇ ਰਿਪੋਰਟ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੂੰ ਭੇਜ ਦਿੱਤੀ ਹੈ।

***

## ਗੈਰ ਗੋਰੇ ਮੂਲ ਦੀ ਮਹਿਲਾ ਨੇ ਨਿਊਯਾਰਕ

ਜੌਨ ਬੇਨੋਇਟ ਨੇ ਇੱਕ ਬਿਆਨ ਵਿੱਚ ਕਿਹਾ ਕਿ ਅਸੀਂ ਵਿਭਾਗ ਦੇ 178 ਸਾਲਾਂ ਦੇ ਇਤਿਹਾਸ ਵਿੱਚ ਪਹਿਲੀ ਗੈਰ ਗੋਰੀ ਮਹਿਲਾ ਪੁਲਿਸ ਸਰਜਨ ਦੀ ਇਸ ਇਤਿਹਾਸਕ ਨਿਯੁਕਤੀ ਨੂੰ ਲੈ ਕੇ ਬਹੁਤ ਉਤਸ਼ਾਹਿਤ ਅਤੇ ਖੁਸ਼ ਹਾਂ। ਡਾ. ਓ ਕੌਨਰ ਸਾਰੇ ਕਰਮਚਾਰੀਆਂ ਲਈ ਇੱਕ ਪ੍ਰੇਰਣਾ ਹੈ ਅਤੇ ਉਸ ਦੀ ਮੁਹਾਰਤ ਸਾਡੇ ਮੈਂਬਰਾਂ ਲਈ ਕੀਮਤੀ ਸਾਬਤ ਹੋਵੇਗੀ। ਖ਼ਾਸ ਤੌਰ 'ਤੇ ਉਹਨਾਂ ਲਈ ਜੋ ਕੋਲੋਰੈਕਟਲ ਕੈਂਸਰ ਤੋਂ ਪ੍ਰਭਾਵਿਤ ਹੋਏ ਹਨ।

***

## 10 ਸਾਲਾਂ 'ਚ ਕੰਗਾਲ ਹੋ

ਆਪਣੀ ਕਮਾਈ ਨਾਲ ਨਹੀਂ ਚੱਲ ਰਹੀ ਭਗਵੰਤ ਮਾਨ ਨੂੰ ਹਵਾਈ ਮੁੱਖ ਮੰਤਰੀ ਦੱਸਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਸਾਡੀ ਆਵਾਜ਼ ਨੂੰ ਬੰਦ ਨਹੀਂ ਕਰ ਸਕਦੇ। ਭਾਵੇਂ ਉਨ੍ਹਾਂ ਨੂੰ ਜੇਲ੍ਹ ਵਿੱਚ ਹੀ ਡੱਕ ਦਿੱਤਾ ਜਾਵੇ। ਕਾਂਗਰਸੀ ਆਗੂ ਨੇ ਕਿਹਾ ਕਿ ਅੱਜ ਰੇਤ ਦੇ ਟਰੱਕਾਂ ਤੋਂ 5000 ਤੋਂ 7000 ਰੁਪਏ ਤੱਕ ਦਾ ਗੁੰਡਾ ਟੈਕਸ ਵਸੂਲਿਆ ਜਾ ਰਿਹਾ ਹੈ। ਜੋ ਸਰਕਾਰੀ ਖ਼ਜ਼ਾਨੇ ਵਿੱਚ ਨਹੀਂ ਸਗੋਂ ਉਨ੍ਹਾਂ ਦੀਆਂ ਜੇਬਾਂ ਵਿੱਚ ਜਾ ਰਿਹਾ ਹੈ।

## ਬਾਬਿਆਂ, ਡੇਰਿਆਂ ਦੇ

ਬਹੁਤ ਸਾਰੀਆਂ ਸੰਸਥਾਵਾਂ ਇਨ੍ਹਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ ਪਰ ਉਨ੍ਹਾਂ ਉੱਪਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਮੜ ਦਿੱਤੇ ਜਾਂਦੇ ਹਨ। ਜੋ ਲੋਕ ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਤੇ ਪਾਖੰਡਾਂ ਤੋਂ ਲੋਕਾਂ ਨੂੰ ਮੁਕਤ ਕਰਵਾਉਣ ਲਈ ਤਤਪਰ ਹਨ, ਉਨ੍ਹਾਂ ਨੂੰ ਸਹਿਯੋਗ ਕਰਨਾ ਸਾਡੀ ਵੀ ਜ਼ਿੰਮੇਵਾਰੀ ਹੈ। ਅਖ਼ਬਾਰ, ਨਿਊਜ਼ ਚੈਨਲ ਇਨ੍ਹਾਂ ਪਾਖੰਡੀਆਂ ਦੇ ਹੱਥੋਂ ਬਰਬਾਦ ਹੋਏ ਲੋਕਾਂ ਦੀ ਦਾਸਤਾਨ ਤਾਂ ਜ਼ਰੂਰ ਪੇਸ਼ ਕਰਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਨੇ ਹੀ ਉਨ੍ਹਾਂ ਪਾਖੰਡੀਆਂ ਦੇ ਪਾਖੰਡ ਦੇ ਪ੍ਰਚਾਰ-ਪ੍ਰਸਾਰ 'ਚ ਅਹਿਮ ਰੋਲ ਨਿਭਾਇਆ ਹੁੰਦਾ ਹੈ ਤੇ ਨਿਭਾਉਂਦੇ ਹਨ। ਮੰਨਿਆ ਵਪਾਰਕ ਪੱਖ ਤੋਂ ਇਸ਼ਤਿਹਾਰ ਲਾਜ਼ਮੀ ਹਨ ਪਰ ਮੀਡੀਆ ਨੂੰ ਇੰਨਾ ਵੀ ਮਤਲਬੀ ਨਹੀਂ ਹੋਣਾ ਚਾਹੀਦਾ ਕਿ ਸਮਾਜ ਨੂੰ ਜਿਸ ਦਾ ਖ਼ਮਿਆਜ਼ਾ ਭੁਗਤਣਾ ਪਵੇ। ਅਜਿਹੇ ਇਸ਼ਤਿਹਾਰਾਂ 'ਤੇ ਪਾਬੰਦੀ ਜ਼ਰੂਰੀ ਹੈ ਜੋ ਸਮਾਜ ਨੂੰ ਗੁਮਰਾਹ ਕਰਦੇ ਹੋਣ। ਲੋਕਾਂ ਨੂੰ ਜਾਗਰੂਕ ਕਰਨਾ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ, ਜਦੋਂ ਲੋਕ ਜਾਗਰੂਕ ਹੋ ਜਾਣਗੇ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਪਾਖੰਡੀਆਂ ਦਾ ਸਾਮਰਾਜ ਖੇਰੂੰ-ਖੇਰੂੰ ਨਾ ਹੋਵੇ।

***

## ਖੇਤੀ ਖੋਜ ਕੇਂਦਰ ਨੂੰ ਨਿੱਜੀ

ਗਿਆ ਅਤੇ ਕਾਸਮਤੀ ਜਿਸ ਨੂੰ ਇੰਡੀਅਨ ਸਟਾਇਲ ਦੇ ਚੌਲ ਕਿਹਾ ਗਿਆ। ਇਸ 'ਤੇ ਭਾਰਤ ਨੇ 2000 ਵਿੱਚ ਇਤਰਾਜ਼ ਜਤਾਇਆ ਤਾਂ ਤਿੰਨ ਵਰਾਇਟੀਆਂ ਨੂੰ ਪੇਟੈਂਟ ਦੇ ਵਿਚੋਂ ਬਾਹਰ ਕੱਢ ਦਿੱਤਾ ਗਿਆ।

ਕੀ ਸਰਕਾਰ ਨੂੰ ਲੋੜ ਹੈ ਇਸ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਦੀ? ਇਸ ਵੇਲੇ ਜੋ ਸਾਡਾ ਖੇਤੀ ਦਾ ਬਜਟ ਹੈ ਉਹ ਤਕਰੀਬਨ 1,25,036 ਕਰੋੜ ਦਾ ਹੈ, ਜਿਸ ਵਿਚੋਂ 9504 ਕਰੋੜ ਖੇਤੀ ਖੋਜ ਲਈ ਹੈ। ਇਸ ਵਿੱਚ 2014 ਤੋਂ 2022 ਤੱਕ ਤਕਰੀਬਨ 1956 ਨਵੀਆਂ ਵਰਾਇਟੀਆਂ ਭਾਰਤ ਵਿੱਚ ਜਾਰੀ ਕੀਤੀਆਂ ਗਈਆਂ, ਜਿਸ ਵਿਚੋਂ 86 ਫ਼ੀਸਦੀ ਵਰਾਇਟੀਆਂ ਆਈ.ਸੀ.ਏ.ਆਰ. ਵਲੋਂ ਜਾਰੀ ਕੀਤੀਆਂ ਗਈਆਂ ਸਨ, ਜਿਸ 'ਚ 2014-2022 ਤੱਕ 1622 ਵਰਾਇਟੀਆਂ ਸਨ, ਜੋ ਸਾਡੇ ਬਦਲਦੇ ਤਾਪਮਾਨ ਅਤੇ ਵਾਤਾਵਰਨ ਦੀ ਮਾਰ ਝੱਲ ਸਕਣ। ਜੇ ਕਿਸੇ ਕਾਰਪੋਰੇਟ ਨੇ ਕਿਸੇ ਇੰਸਟੀਚਿਊਟ ਜਾਂ ਯੂਨੀਵਰਸਟੀ ਤੋਂ ਕਿਸੇ ਖ਼ਾਸ ਕਿਸਮ ਦੀ ਰਿਸਰਚ (ਖੋਜ) ਕਰਵਾਉਣੀ ਹੈ ਤਾਂ ਉਹ ਪ੍ਰਾਜੈਕਟ ਸਪੋਂਸਰ ਕਰ ਸਕਦਾ ਹੈ ਜਿਵੇਂ ਹੁਣ ਵੀ ਕੰਪਨੀਆਂ ਆਪਣੇ ਪ੍ਰੋਡਕਟ ਟੈਸਟ ਕਰਾਉਣ ਲਈ ਕਰਦੀਆਂ ਹਨ। ਪ੍ਰਾਈਵੇਟ ਕੰਪਨੀਆਂ ਨੂੰ ਖੇਤੀ ਖੋਜ ਸੰਸਥਾਵਾਂ ਵਿਚ ਭਾਈਵਾਲ ਜਾਂ ਹਿੱਸੇਦਾਰ ਦੀ ਕੋਈ ਲੋੜ ਨਹੀਂ ਹੈ।

ਕਿਸਾਨਾਂ 'ਤੇ ਪ੍ਰਭਾਵ:- ਇਸ ਦਾ ਸਿੱਧਾ ਅਸਰ ਕਿਸਾਨਾਂ 'ਤੇ ਹੋਣਾ ਹੈ, ਉਨ੍ਹਾਂ ਦਾ ਲਾਗਤ ਮੁੱਲ ਵਧ ਜਾਣਾ ਹੈ। ਇਕ ਤਾਂ ਬੀਜ ਮਹਿੰਗੇ ਦੂਜਾ ਹਰ ਸਾਲ ਖ਼ਰੀਦਣੇ ਪੈਣਗੇ। ਭਾਵ ਆਮਦਨ ਵਧਣਾ ਤਾਂ ਛੱਡੋ ਓਨੀ ਵੀ ਨਹੀਂ ਰਹਿਣੀ। ਇਸ ਨਾਲ ਕਿਸਾਨਾਂ ਦੀ ਹਾਲਤ ਜੋ ਪਹਿਲਾਂ ਹੀ ਪਤਲੀ ਹੈ, ਉਹ ਹੋਰ ਨਿਘਾਰ ਵੱਲ ਵਧ ਸਕਦੀ ਹੈ, ਜਿਸ ਦੇ ਫਲਸਰੂਪ ਉਹ ਜ਼ਮੀਨ ਜਾਂ ਵੇਚਣਗੇ ਜਾਂ ਫਿਰ ਕੁਰਕ ਹੋਵੇਗੀ। ਇਸ ਨਾਲ ਕਾਰਪੋਰੇਟ ਜਗਤ ਖੇਤੀ 'ਤੇ ਕਬਜ਼ਾ ਕਰ ਸਕੇਗਾ। ਜੋ ਖੇਤੀ ਕਾਨੂੰਨਾਂ ਵਿਚੋਂ ਰਹਿ ਗਿਆ, ਉਹ ਹੁਣ ਹੋਵੇਗਾ। ਇਸ ਦੇ ਪਿੱਛੇ ਇਹ ਨਹੀਂ ਕਿ ਇਕੱਲੇ ਕਿਸਾਨ ਨੂੰ ਫ਼ਰਕ ਪਏਗਾ, ਸਗੋਂ ਖਪਤਕਾਰ ਵੀ ਇਸ ਤੋਂ ਪ੍ਰਭਾਵਿਤ ਹੋਣਗੇ। ਉਪਰਲੇ 10 ਫ਼ੀਸਦੀ ਲੋਕਾਂ ਨੂੰ ਛੱਡ ਕੇ ਬਾਕੀ ਸਭ ਮਹਿੰਗਾਈ ਦੀ ਮਾਰ ਝੱਲਣਗੇ।

ਸਰਕਾਰ ਨੂੰ ਵੀ ਸੋਚਣ ਦੀ ਲੋੜ ਹੈ ਕਿ ਜੇ ਕੋਈ ਮਦਦ ਕਰਨਾ ਚਾਹੁੰਦਾ ਹੈ ਤਾਂ ਕੋਈ ਹੋਰ ਢੰਗ ਲੱਭੋ। ਆਪਣੇ ਖੋਜ ਕੇਂਦਰ ਨਾ ਬੇਗਾਨੇ ਹੱਥਾਂ ਵਿੱਚ ਦਿਓ। ਪਾਰਟਨਰਸ਼ਿਪ (ਭਾਈਵਾਲੀ) ਦੀ ਆੜ ਵਿੱਚ ਉਨ੍ਹਾਂ ਨੇ ਸਾਡੀਆਂ ਬਣੀਆਂ ਬਣਾਈਆਂ ਸੰਸਥਾਵਾਂ ਜਿਨ੍ਹਾਂ 'ਚ ਮਹਿੰਗੇ ਭਾਅ ਦੀ ਜ਼ਮੀਨ 'ਤੇ ਬਣੀਆਂ ਇਮਾਰਤਾਂ ਅਤੇ ਉਨ੍ਹਾਂ 'ਚ ਹਰ ਤਰ੍ਹਾਂ ਦਾ ਅਤਿ ਆਧੁਨਿਕ ਸਾਜ਼ੋ-ਸਾਮਾਨ (ਇਕੁਪਮੈਂਟ) 'ਤੇ ਕਬਜ਼ਾ ਕਰ ਲੈਣਾ ਹੈ।

***

## ਮੰਜੇ ਦੀ ਬਾਹੀ

ਭਿਣਕ ਤਾਂ ਉਹਨੂੰ ਮਹੀਨਾ ਭਰ ਪਹਿਲਾਂ ਹੀ ਪੈ ਗਈ ਸੀ ਜਦੋਂ ਗੱਜੂ ਨੰਦ ਬੰਗਾਲੀ ਕੋਲ ਜਾਣ ਆਉਣ ਲੱਗ ਪਿਆ ਸੀ, ਪਰ ਉਹ ਸੋਚਦੀ ਸੀ, ਐਵੇਂ ਦੋ ਚਾਰ ਦਿਨ ਦਾ ਪਾਲਗਪਣ ਐ, ਆਪੇ ਠੀਕ ਹੋ ਜੂ। ਪਰ ਉਹਨੂੰ ਕੀ ਪਤਾ ਸੀ, ਗੱਜੂ ਆਪਣੀ ਹਿੰਡ ਨੂੰ ਏਨੀ ਦੂਰ ਤਕ ਲੈ ਜਾਵੇਗਾ।

ਹੁਣ ਜਦੋਂ ਗੱਲ ਜਮੀਨ ਵੰਡਣ ਤਕ ਆ ਪਹੁੰਚੀ ਤਾਂ ਸੰਤੋ ਨੂੰ ਲੱਗਿਆ, ਉਸ ਦਾ ਤਾਂ ਬਣਿਆ ਬਣਾਇਆ ਘਰ ਵਰਿ-ਢੇਰੀ ਹੋਣ ਲੱਗਾ ਐ। ਅੱਠਾਂ ਵਿਚੋਂ ਚਾਰ ਕਿਲੇ ਗੱਜੂ ਲੈ ਜੂ ਤਾਂ ਉਹਦੇ ਦੋ ਪੁੱਤਾਂ ਪੱਲੇ ਕੀ ਪਊ? ਅੱਗ ਤੇ ਸੁਆਹ? ਚਾਰ ਕਿੱਲਿਆਂ ਨੂੰ ਤਾਂ ਕਿਸੇ ਧੀ ਵਾਲੇ ਨੇ ਇਸ ਘਰ ਵੱਲ ਮੂੰਹ ਵੀ ਨਹੀਂ ਕਰਨਾ। ਇਕ ਨੂੰ ਤਾਂ ਦੋ ਹੀ ਆਏ? ਫੇਰ ਉਹ ਨਪੁੱਤਿਆਂ ਦੀ ਪਤਾ ਨੀ ਕੇਹੇ ਜੇ ਘਰ ਦੀ ਹੋਊ? ਕਿਸੇ ਮਾੜੀ-ਧੀੜੀ ਦੀ 'ਲਾਦ ਮੇਰੇ ਪੁੱਤਾਂ ਦੀ ਸ਼ਰੀਕ ਬਣੂੰ। ਸ਼ਰੀਕੇ ਦਾ ਦਾਗ ਆਪ ਨੂੰ ਕੇਹੜਾ ਨਹੀਂ ਲੱਗੂ। ਮੈਂ ਬੀ ਐਮੇਂ ਜਿੱਦ ਜਿੱਦ ਵਿਚ ਸਾਰੀ ਖੇਡ ਬਗਾੜ ਲੀ। ਕੋਈ ਬਗਾਨਾ ਤਾਂ ਨੀ ਸੀ, ਸੱਜਣ ਦਾ ਈ ਭਾਈ ਐ! ਉਹ ਵੀ ਤੀਮੀਆਂ ਨੇ ਜਿਹੜੀਆਂ ਸੱਤ ਬਗਾਨਿਆਂ ਨਾਲ ਜਾ ਕੇ ਖੇਹ ਖਾਂਦੀਆਂ ਨੇ। ਇਹ ਤਾਂ ਫਿਰ ਘਰ ਦੀ ਘਰ ਵਿਚ ਗੱਲ ਐ। ਨਾਲੇ ਮਾੜੀ ਗੱਲ ਤੇ ਤਾਂ ਹੋਵੇ, ਜੇ ਘਰ ਦਾ ਬੰਦਾ ਬੁਰੀ ਮੰਨੇ। ਸੱਜਣ ਤਾਂ ਆਪ ਕੈ ਬਾਰ ਆਨੀਂ ਬਹਾਨੀਂ ਕਹਿ ਬੈਠੇ! ਜਾ ਨੀ ਸੰਤੋ ਕਮਲੀਏ, ਆਪਣੇ ਹੱਥੀਂ ਆਪਣੀ ਖੇਡ ਆਪ ਹੀ ਬਗਾੜੀ ਜਾਨੀ ਐਂ। ਜੱਗ ਵਿਚ ਤੈਂਨੂੰ ਕੌਣ ਸਿਆਣੀ ਆਖੂਹ।

ਸੋਚਾਂ ਸੋਚਦੀ ਸੰਤੋ ਨੂੰ ਰਾਤ ਪੈ ਗੀ। ਰੋਟੀ ਦਾ ਰਾੜ੍ਹਾ-ਬੀੜ੍ਹਾ ਕਰ ਕੇ ਉਸ ਨੇ ਗੜਬੀ ਚੁੱਕੀ ਤੇ ਪੰਪ ਤੋਂ ਭਰ ਲਈ। 'ਕੱਲੀ ਹੀ ਬਾਹਰ-ਕੰਨੀਂ ਚੱਲ ਪਈ। ਮੁੜਦੀ ਹੋਈ ਬੇਧੜਕ ਹੋ ਕੇ ਬਾਹਰਲੇ ਘਰ ਜਾ ਵੜੀ। ਗੱਜੂ ਮੰਜੇ 'ਚ ਪਿਆ ਖਊਂ-ਖਊਂ ਕਰ ਰਿਹਾ ਸੀ। ਉਸ ਦੇ ਮੰਜੇ ਦੀ ਬਾਹੀ 'ਤੇ ਬਹਿ ਕੇ ਉਹ ਭਰਜਾਈਆ ਵਾਲੇ ਮਿੱਠੇ ਅੰਦਾਜ਼ ਵਿਚ ਬੋਲੀ, ਮਖਾਂ ਸੌਂ ਗਿਆ ਮਿੱਠੂ ਦੇ ਤਾਇਆ।

ਦੂਜੇ ਦਿਨ ਜਦੋਂ ਸੱਜਣ ਆਪਣੇ ਮਾਮੇ ਨੂੰ ਲੈ ਕੇ ਮੁੜਿਆ ਤਾਂ ਸੰਤੋ ਨੇ ਉਸ ਨੂੰ ਅੰਦਰ ਲਿਜਾ ਕੇ ਕਿਹਾ, ਸਾਰਾ ਕੁਸ਼ ਠੀਕ-ਠਾਕ ਹੋ ਗਿਆ। ਮੈਂ ਡੰਮ੍ਹ ਆਈ ਆਂ ਰਾਤ ਕਾਣੇ-ਬਹੇੜ ਦਾ ਮੱਥਾ।

ਸੁਣ ਕੇ ਸੱਜਣ ਨੂੰ ਜਿਵੇਂ ਪਹਿਲੇ ਤੋੜ ਦੀ ਦਾਰੂ ਅਰਗਾ ਨਸ਼ਾ ਆ ਗਿਆ ਹੋਵੇ। ਓਏ ਨਹੀਂ ਰੀਸਾਂ ਬਸੰਤ ਕੁਰ ਦੀਆਂ ਕਹਿ ਕੇ ਉਸ ਨੇ ਸੰਤੋ ਨੂੰ ਜੱਫੀ ਵਿਚ ਘੁੱਟ ਕੇ ਇਕ ਨਹੀਂ, ਸੌ ਵਾਰੀ ਚੁੰਮਿਆ।

***

## ਸੰਸਦੀ ਚੋਣਾਂ ਦੌਰਾਨ ਬਹੁਜਨ ਸਮਾਜ ਤੇ ਮਾਇਆਵਤੀ

ਅਸੀਂ ਅੱਜ ਦਲਿਤ ਸਮੂਹਾਂ 'ਚ ਆਧਾਰ ਤਲ 'ਤੇ ਉਨ੍ਹਾਂ ਦੀਆਂ ਉਮੀਦਾਂ, ਉਨ੍ਹਾਂ ਦੇ ਬਦਲਦੇ ਪ੍ਰੋਫਾਈਲ ਅਤੇ ਉਨ੍ਹਾਂ ਦੀ ਗਤੀਸ਼ੀਲਤਾ ਨੂੰ ਸਮਝ ਕੇ ਉਨ੍ਹਾਂ ਦੇ ਭਵਿੱਖ ਦੀ ਰਾਜਨੀਤੀ ਅਤੇ ਸਿਆਸੀ ਗੋਲਬੰਦੀ ਦਾ ਮੁਲਾਂਕਣ ਕਰੀਏ।

ਹਾਲਾਂਕਿ ਇਹ ਕਹਿੰਦਾ ਹੋਇਆ ਮੈਂ ਕਿਤੇ ਵੀ ਉਨ੍ਹਾਂ ਅੰਦਰ ਮੌਜੂਦ ਸਨਮਾਨਬੋਧ ਦੀ ਇੱਛਾ ਨੂੰ ਨਕਾਰ ਨਹੀਂ ਰਿਹਾ ਹਾਂ ਪਰ ਜ਼ਰੂਰਤ ਹੈ ਕਿ ਅਸੀਂ ਸਮਝੀਏ ਕਿ ਜੇ ਸਮਾਜਿਕ ਆਧਾਰ 'ਚ ਤਬਦੀਲੀ ਹੋ ਰਹੀ ਹੈ ਤਾਂ ਉਸ ਨਾਲ ਜੁੜੀ ਰਾਜਨੀਤੀ ਅਤੇ ਸਿਆਸੀ ਗੋਲਬੰਦੀ ਦੀ ਪ੍ਰਕਿਰਤੀ 'ਚ ਤਬਦੀਲੀ ਵੀ ਸੁਭਾਵਿਕ ਹੈ। ਜੋ ਇਨ੍ਹਾਂ ਤਬਦੀਲੀਆਂ ਨੂੰ ਨਹੀਂ ਸਮਝੇਗਾ, ਉਸ ਦੇ ਪੈਰਾਂ ਹੇਠੋਂ ਜ਼ਮੀਨ ਦਾ ਖਿਸਕਣਾ ਤੈਅ ਹੈ ਚਾਹੇ ਉਹ ਸਿਆਸੀ ਪਾਰਟੀ ਦੇ ਰਣਨੀਤੀਕਾਰ ਹੋਣ ਜਾਂ ਵਿਸ਼ਲੇਸ਼ਕ। ਸਾਨੂੰ ਇਹ ਮੰਨਣਾ ਹੀ ਹੋਵੇਗਾ ਕਿ ਸਮਾਂ, ਸਮਾਜ ਤੇ ਰਾਜਨੀਤੀ ਤਿੰਨੋਂ ਹੀ ਤੇਜ਼ੀ ਨਾਲ ਬਦਲ ਰਹੇ ਹਨ। ਇਹ ਕਾਫ਼ੀ ਹੱਦ ਤੱਕ ਹਾਂ-ਪੱਖੀ ਹੀ ਹੈ।

***

## ਇਜ਼ਰਾਈਲ ਦੇ ਲੋਕਾਂ ਦੇ

ਪਾਬੰਦੀਆਂ ਲਾਗੂ ਕੀਤੀਆਂ ਹਨ। ਪਿਛਲੇ ਮਹੀਨਿਆਂ ਵਿੱਚ ਇਹ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਆਪਣਾ ਰਸਤਾ ਪ੍ਰਾਪਤ ਕਰਨ ਲਈ

ਕਿੰਨੀ ਉੱਚ ਕੀਮਤ ਅਦਾ ਕਰਨ ਲਈ ਤਿਆਰ ਹੈ। ਵਪਾਰ, ਸੁਰੱਖਿਆ ਅਧਿਕਾਰੀਆਂ ਅਤੇ ਅਮਰੀਕੀ ਰਾਸ਼ਟਰਪਤੀ ਦੀਆਂ ਚਿਤਾਵਨੀਆਂ ਅਤੇ ਕੰਪਨੀਆਂ ਅਤੇ ਡਾਕਟਰਾਂ ਦੁਆਰਾ ਹੜਤਾਲਾਂ ਦੇ ਬਾਵਜੂਦ ਮੰਤਰੀਆਂ ਨੇ ਇੰਨ੍ਹਾਂ ਸੁਧਾਰਾਂ ਨੂੰ ਅੱਗੇ ਵਧਾਇਆ ਹੈ। ਇਹ ਹੈਰਾਨੀਜਨਕ ਹੈ, ਉਹ ਆਰਥਿਕਤਾ, ਸਿਹਤ ਸੰਭਾਲ ਪ੍ਰਣਾਲੀ, ਸਿੱਖਿਆ ਪ੍ਰਣਾਲੀ, ਅਕਾਦਮਿਕਤਾ, ਖੋਜ, ਉੱਚ-ਤਕਨੀਕ ਅਤੇ ਸਾਡੀ ਸੁਰੱਖਿਆ ਦਾ ਬਲੀਦਾਨ ਦੇਣ ਲਈ ਤਿਆਰ ਹਨ, ਉਹ ਕਹਿੰਦੀ ਹੈ ਅਤੇ ਚਿੰਤਤ ਹੈ ਕਿ ਗੱਠਜੋੜ ਦਾ ਨਿਰਵਿਘਨ ਕੰਮ ਕਰਨ ਦੇ ਯੋਗ ਔਰਤਾਂ ਦੇ ਅਧਿਕਾਰਾਂ ਲਈ ਕੀ ਅਰਥ ਹੋਵੇਗਾ।

ਫਲਸਤੀਨੀਆਂ ਅਤੇ ਕੁਝ ਖੱਬੇ ਪੱਖੀ ਇਜ਼ਰਾਈਲੀਆਂ ਲਈ ਗੈਰਹਾਜ਼ਰੀ ਇੱਕ ਅੰਨ੍ਹਾ ਸਥਾਨ ਹੈ: ਇਹ ਇਸ ਗੱਲ ਦਾ ਸੰਕੇਤ ਹੈ ਕਿ ਫਲਸਤੀਨੀਆਂ ਉੱਤੇ ਇਜ਼ਰਾਈਲ ਦਾ ਦਬਦਬਾ ਕਿੰਨਾ ਸਧਾਰਣ ਹੋ ਗਿਆ ਹੈ ਅਤੇ ਜੋ ਲੋਕਤੰਤਰ ਲਈ ਪ੍ਰਦਰਸ਼ਨਕਾਰੀਆਂ ਦੇ ਸੱਦਿਆਂ ਨੂੰ ਇੱਕ ਖੋਖਲਾ ਰਿੰਗ ਪ੍ਰਦਾਨ ਕਰਦਾ ਹੈ। ਬ੍ਰੇਸਲਰ ਜ਼ੋਰ ਦੇ ਕੇ ਕਹਿੰਦੀ ਹੈ ਕਿ ਪ੍ਰਦਰਸ਼ਨਕਾਰੀ ਸਾਰੀਆਂ ਘੱਟ ਗਿਣਤੀਆਂ ਲਈ ਲੜ ਰਹੇ ਹਨ ਪਰ ਉਹ ਮੰਨਦੀ ਹੈ ਕਿ ਸਾਡੀ ਪੁਰਾਣੀ ਜਮਹੂਰੀਅਤ ਨੇ ਭਾਈਚਾਰਿਆਂ ਨੂੰ ਪਿੱਛੇ ਛੱਡ ਦਿੱਤਾ ਹੈ ਅਤੇ ਇਹ ਕਿ ਇਜ਼ਰਾਈਲ ਦੇ ਫਲਸਤੀਨੀ ਨਾਗਰਿਕਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਵਿਰੋਧ ਪ੍ਰਦਰਸ਼ਨਾਂ ਵਿੱਚ ਉਹਨਾਂ ਦੀ ਬਹੁਤ ਘੱਟ ਹਿੱਸੇਦਾਰੀ ਹੈ। ਉਹ ਕਹਿੰਦੀ ਹੈ, ਇਹ ਅਵਿਸ਼ਵਾਸ ਹੈ ਕਿ ਅਸੀਂ ਅਸਲ ਵਿੱਚ ਸਥਿਤੀ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ ਜਿਸਨੇ ਵਿਰੋਧ ਕਰਨ ਵਾਲਿਆਂ ਨਾਲ ਕਦੇ

ਇਨਸਾਫ਼ ਨਹੀਂ ਕੀਤਾ ਅਤੇ ਇਹ ਅਰਥ ਭਾਈਚਾਰੇ ਲਈ ਬਹੁਤ ਸਪੱਸ਼ਟ ਹੈ ਕਿਉਂਕਿ ਇਹ ਇੱਕ ਵੱਡੀ ਘੱਟ ਗਿਣਤੀ ਹੈ ਅਤੇ ਮਤਭੇਦ ਹਰ ਜਗ੍ਹਾ ਹਨ। ਪ੍ਰਦਰਸ਼ਨਕਾਰੀਆਂ ਨੂੰ ਫਲਸਤੀਨੀ ਝੰਡੇ ਮਾਰਚ ਵਿੱਚ ਲਿਆਉਣ ਤੋਂ ਰੋਕਣ ਲਈ ਕੋਈ ਫੈਸਲਾ ਨਹੀਂ ਹੋਇਆ ਹੈ। ਪਰ ਉਹ ਕਹਿੰਦੀ ਹੈ ਕਿ ਇਹ ਦਰਸਾਉਣ ਦਾ ਫੈਸਲਾ ਕੀਤਾ ਗਿਆ ਸੀ ਕਿ ਇਹ ਇੱਥੇ ਮੁੱਖ ਗੱਲ ਨਹੀਂ ਹੈ ਕਿਉਂਕਿ ਕਿੱਤੇ 'ਤੇ ਧਿਆਨ ਕੇਂਦਰਤ ਕਰਨ ਨਾਲ ਵਿਰੋਧ ਅੰਦੋਲਨ ਨੂੰ ਵੰਡਿਆ ਜਾਣਾ ਸੀ। ਤੁਸੀਂ ਸਾਰੀਆਂ ਗੁੰਝਲਾਂ ਨੂੰ ਇੱਕੋ ਵਾਰ ਹੱਲ ਨਹੀਂ ਕਰ ਸਕਦੇ, ਉਹ ਕਹਿੰਦੀ ਹੈ। ਹਾਲਾਂਕਿ ਸਾਨੂੰ, ਕਿਸੇ ਤਰ੍ਹਾਂ, ਇਸ ਸਮੱਸਿਆ ਦਾ ਹੱਲ ਲੱਭਣ ਦੀ ਜ਼ਰੂਰਤ ਹੈ, ਇਹ ਜ਼ਰੂਰੀ ਨਹੀਂ ਕਿ ਵਿਰੋਧ ਪ੍ਰਦਰਸ਼ਨ ਵਿੱਚ ਸਾਰੇ ਲੋਕ ਅਜਿਹਾ ਹੱਲ ਚਾਹੁੰਦੇ ਹਨ। ਸਾਡੇ ਕੋਲ ਉੱਚ- ਦੱਖਣਪੰਥੀ ਵਿਚਾਰ ਅਤੇ ਉੱਚ- ਖੱਬੇਪੱਖੀ ਵਿਚਾਰ ਹਨ, ਇਸ ਲਈ ਤੁਸੀਂ ਇਸ 'ਤੇ ਸਹਿਮਤੀ ਨਹੀਂ ਬਣਾ ਸਕਦੇ ਹੋ। ਬ੍ਰੈਸਲਰ ਇੱਕ ਅਜਿਹੇ ਪਰਿਵਾਰ ਵਿੱਚ ਵੱਡੀ ਹੋਈ ਜੋ ਗੈਰ-ਕਾਰਕੁੰਨ ਸੀ, ਪਰ ਫਿਰ ਵੀ ਰਾਜਨੀਤੀ ਵਿੱਚ ਰੁੱਝਿਆ ਹੋਇਆ ਸੀ। ਉਸਦੀ ਪੀੜ੍ਹੀ ਦੇ ਬਹੁਤ ਸਾਰੇ ਲੋਕ ਓਸਲੋ ਪ੍ਰਕਿਰਿਆ ਦੌਰਾਨ ਵੱਡੀ ਬਹਿਸ ਨੂੰ ਯਾਦ ਕਰਦੇ ਹਨ: 1990 ਦੇ ਦਹਾਕੇ ਦੀ ਕੂਟਨੀਤੀ ਦੀ ਭੜਕਾਹਟ ਜਿਸ ਨੇ ਇਜ਼ਰਾਈਲੀ-ਫਲਸਤੀਨੀ ਸੰਘਰਸ਼ ਦੇ ਦੋ-ਰਾਜ ਹੱਲ ਦੀ ਉਮੀਦ ਜਗਾਈ ਸੀ। ਪਰਿਵਾਰ ਮੂਲ ਰੂਪ ਵਿੱਚ ਕੱਟਿਆ ਗਿਆ ਸੀ, ਉਹ ਵੱਡਾਂ ਨੂੰ ਯਾਦ ਕਰਦੀ ਹੋਈ ਕਹਿੰਦੀ ਹੈ। ਦੁਪਹਿਰ ਦੇ ਖਾਣੇ ਦੇ ਦੌਰਾਨ ਝਗੜੇ ਅਸਲ ਵਿੱਚ ਆਪਸੀ ਤੰਦਾਂ ਨੂੰ ਤੋੜਨ ਤੱਕ ਨਹੀਂ ਪਹੁੰਚੇ। ਪਰ ਗੱਲਬਾਤ ਬਹੁਤ ਸੀ. . . ਅਸੀਂ ਹਮੇਸ਼ਾ ਪਰਵਾਹ ਕੀਤੀ, ਪਰ ਅਸੀਂ ਕਦੇ ਕੁਝ ਨਹੀਂ ਕੀਤਾ। ਆਪਣੀ ਜਵਾਨੀ ਵਿੱਚ, ਬ੍ਰੈਸਲਰ ਨੇ ਬਾਸਕਟਬਾਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਜ਼ਰਾਈਲ ਦੀ ਜੂਨੀਅਰ ਰਾਸ਼ਟਰੀ ਟੀਮ ਵਿੱਚ ਸਥਾਨ ਜਿੱਤਿਆ। ਆਪਣੀ ਰਾਸ਼ਟਰੀ ਸੇਵਾ ਦੇ ਦੌਰਾਨ, ਉਹ ਪ੍ਰਤਿਭਾਸ਼ਾਲੀ ਅਥਲੀਟਾਂ ਲਈ ਇੱਕ ਪ੍ਰੋਗਰਾਮ ਦਾ ਹਿੱਸਾ ਸੀ, ਜਿਸਨੇ ਉਸਨੂੰ ਖੇਡ ਖੇਡਣਾ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ। ਪਰ ਇਸਨੇ ਉਸਨੂੰ ਆਪਣੇ ਸਾਥੀਆਂ ਨਾਲੋਂ ਫੌਜ ਵਿੱਚ ਘੱਟ ਕੰਮ ਕਰਨ ਦੀ ਭਾਵਨਾ ਨਾਲ ਵੀ ਛੱਡ ਦਿੱਤਾ। ਮੈਨੂੰ ਲਗਦਾ ਹੈ . . . ਮੈਂ ਇੱਥੇ ਕਿਉਂ ਹਾਂ ਇਸ ਦਾ ਇੱਕ ਕਾਰਨ ਇਹ ਹੈ ਕਿ ਮੈਂ ਮਹਿਸੂਸ ਕੀਤਾ ਕਿ ਮੈਨੂੰ ਹੋਰ ਕਰਨ ਦੀ ਲੋੜ ਹੈ, ਥੋੜ੍ਹਾ ਹੋਰ ਯੋਗਦਾਨ ਪਾਉਣ ਦੀ ਲੋੜ ਹੈ। ਰਾਜਨੀਤੀ ਵਿੱਚ ਇੱਕ ਕਰੀਅਰ ਉਸ ਲਈ ਦਿਲਚਸਪੀ ਨਹੀਂ ਰੱਖਦਾ, ਅਤੇ ਉਸਦੀ ਲੰਬੇ ਸਮੇਂ ਦੀ ਇੱਛਾ ਆਮ ਜੀਵਨ ਵਿੱਚ, ਲੈਬ ਵਿੱਚ, ਖੋਜ ਵਿੱਚ ਵਾਪਸ ਆਉਣਾ ਹੈ। ਫਿਲਹਾਲ, ਹਾਲਾਂਕਿ, ਉਹ ਵਿਰੋਧ ਪ੍ਰਦਰਸ਼ਨਾਂ 'ਤੇ ਕੇਂਦ੍ਰਿਤ ਹੈ। ਪੋਲੈਂਡ ਵਿੱਚ ਇੱਕ ਪਿਛਲੀ ਨੌਕਰੀ ਵਿੱਚ, ਮੈਂ ਇੱਕ ਹੋਰ ਵਿਵਾਦਪੂਰਨ ਨਿਆਂਇਕ ਸੁਧਾਰ ਦੇ ਵਿਰੁੱਧ ਪ੍ਰਦਰਸ਼ਨਾਂ ਨੂੰ ਸਫਲਤਾ ਤੋਂ ਬਿਨਾਂ ਫਿਸਲਣ ਤੋਂ ਪਹਿਲਾਂ ਸੰਖੇਪ ਵਿੱਚ ਭੜਕਦੇ ਦੇਖਿਆ। ਕੁਝ ਸਾਲਾਂ ਦੇ ਅੰਦਰ, ਉਹ ਸੁਧਾਰ ਇੰਨਾ ਅੱਗੇ ਵਧ ਗਿਆ ਸੀ ਕਿ ਜੱਜਾਂ ਨੂੰ ਉਨ੍ਹਾਂ ਦੇ ਫੈਸਲਿਆਂ ਲਈ ਸਜ਼ਾ ਦਿੱਤੀ ਜਾ ਸਕਦੀ ਸੀ। ਇਜ਼ਰਾਈਲ ਦੇ ਵਿਰੋਧ ਪ੍ਰਦਰਸ਼ਨ ਪਹਿਲਾਂ ਹੀ ਕਿਤੇ ਜ਼ਿਆਦਾ ਬਰਕਰਾਰ ਹਨ। ਪਰ ਹੁਣ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਦੀ ਕੰਧ ਵਿੱਚ ਪਹਿਲੀ ਪਾੜ ਪਾ ਦਿੱਤੀ ਹੈ, ਉਹ ਅਜਿਹੇ ਨਤੀਜੇ ਤੋਂ ਕਿਵੇਂ ਬਚ ਸਕਦੇ ਹਨ? ਵਿਰੋਧ ਅੰਦੋਲਨ ਦੇ ਹੁਣ ਤੱਕ ਦੇ ਸਭ ਤੋਂ ਮਜ਼ਬੂਤ ਕਾਰਡਾਂ ਵਿੱਚੋਂ ਇੱਕ - ਅਤੇ ਅਜਿਹਾ ਕੁਝ ਜੋ ਇਜ਼ਰਾਈਲ ਨੂੰ ਪੋਲੈਂਡ ਤੋਂ ਵੱਖ ਕਰਦਾ ਹੈ - ਇਜ਼ਰਾਈਲੀ ਫੌਜੀ ਰਿਜ਼ਰਵਿਸਟਾਂ ਵੱਲੋਂ ਧਮਕੀ ਦਿੱਤੀ ਗਈ ਹੈ ਕਿ ਜੇ ਸਰਕਾਰ ਇਸ ਦੇ ਸੁਧਾਰ ਨੂੰ ਜਾਰੀ ਰੱਖਦੀ ਹੈ ਤਾਂ ਉਹ ਡਿਊਟੀ ਲਈ ਸਵੈਸੇਵੀ ਨਹੀਂ ਹੋਣਗੇ। ਮਾਰਚ ਵਿੱਚ ਪਹਿਲੀ ਲਹਿਰ ਨੇ ਨੇਤਨਯਾਹੂ ਨੂੰ ਤਿੰਨ ਮਹੀਨਿਆਂ ਲਈ ਸੁਧਾਰਾਂ ਨੂੰ ਫਿਲਹਾਲਰੋਕਣ ਕਰਨ ਲਈ ਮਜ਼ਬੂਰ ਕਰਨ ਵਿੱਚ ਮਦਦ ਕੀਤੀ। ਰੱਖਿਆ ਬਲਾਂ ਦੀਆਂ ਚਿਤਾਵਨੀਆਂ ਦੇ ਵਿਚਕਾਰ ਇਜ਼ਰਾਈਲ ਦੀ ਸੁਰੱਖਿਆ ਦੇ ਕਮਜ਼ੋਰ ਹੋਣ ਦਾ ਖਤਰਾ ਹੈ। ਹੁਣ, ਫੌਜ ਨੂੰ ਇੱਕ ਹੋਰ ਵੀ ਵੱਡੇ ਪੱਧਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਜ਼ਰਾਈਲ ਦੀ ਫੌਜ ਦੇ 10,000 ਤੋਂ ਵੱਧ ਰਿਜ਼ਰਵਿਸਟ ਅਤੇ ਇਸਦੀ ਹਵਾਈ ਸੈਨਾ ਦੇ 1,100 ਤੋਂ ਵੱਧ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਹ ਵਾਲੰਟੀਅਰ ਕਰਨਾ ਬੰਦ ਕਰ ਦੇਣਗੇ। ਬ੍ਰੈਸਲਰ ਯਾਦ ਕਰਦੀ ਹੈ ਕਿ ਇਹ ਅਸਲ ਵਿੱਚ ਇੱਕ ਇਤਿਹਾਸਕ ਚੌਰਾਹਾ ਹੈ। ਜੇਕਰ ਅਸੀਂ ਅਜਿਹਾ ਕਰਦੇ ਹਾਂ ਅਸੀਂ ਜਾਂ ਤਾਂ ਬਹੁਤ ਕਾਲੇ ਦਿਨਾਂ ਵਿੱਚ ਪੈ ਜਾਵਾਂਗੇ, ਜਿਸ ਨੂੰ ਦੂਰ ਕਰਨ ਵਿੱਚ ਦਹਾਕਿਆਂ ਦਾਸਮਾਂ ਲੱਗੇਗਾ।

***

## ਭਾਰਤੀ ਆਰਥਿਕਤਾ 'ਚ

ਇਸ ਸੰਮੇਲਨ 'ਚ ਵੱਡੇ ਮੁੱਦੇ ਵਿਚਾਰੇ ਗਏ, ਪਰ ਇਸ ਸੰਮੇਲਨ 'ਚ ਆਮ ਆਦਮੀ ਤਾਂ ਗਾਇਬ ਹੀ ਸੀ, ਉਸ ਦੇ ਮੁੱਦੇ ਵੀ ਗਾਇਬ ਸਨ। ਉਸ ਦੀ ਆਰਥਿਕ ਹਾਲਤ ਉੱਤੇ ਚਿੰਤਨ ਨਹੀਂ ਕੀਤਾ ਗਿਆ।

ਜਿਵੇਂ ਕਿ ਭਾਰਤ ਨੂੰ ਜੀ-20 ਸੰਮੇਲਨ 'ਚ ਮੌਕਾ ਸੀ, ਕਿਉਂਕਿ ਇਸ ਵੇਰ ਭਾਰਤ ਜੀ-20 ਸੰਮੇਲਨ ਦਾ ਪ੍ਰਧਾਨ ਸੀ, ਪ੍ਰਾਹੁਣਚਾਰੀ ਵੀ ਉਸ ਕੋਲ ਸੀ ਤਾਂ ਭਾਰਤ ਅਤੇ ਇਸ ਵਰਗੇ ਹੋਰ ਕਮਜ਼ੋਰ, ਗਰੀਬ ਦੇਸ਼ਾਂ ਦੇ ਮਸਲਿਆਂ ਨੂੰ ਅੰਤਰਰਾਸ਼ਟਰੀ ਮੰਚ ਉੱਤੇ ਸਾਂਝਾ ਕੀਤਾ ਜਾ ਸਕਦਾ ਸੀ। ਅਮਰੀਕਾ ਵਰਗਾ "ਥਾਣੇਦਾਰ ਦੇਸ਼ ਜਿਸ ਨੂੰ ਦੁਨੀਆ ਭਰ 'ਚ ਧੌਂਸ ਜਮਾਉਣ ਵਾਲੇ ਖੋਰੂ ਪਾਊ ਦੇਸ਼ ਵਜੋਂ ਜਾਣਿਆ ਜਾਂਦਾ ਹੈ, ਉਸ ਅੱਗੇ ਸ਼ੀਸ਼ਾ ਦਿਖਾਉਣਾ ਬਣਦਾ ਸੀ ਤਾਂ ਕਿ ਪਤਾ ਲਗਦਾ ਕਿ ਉਹ ਸਮੁੱਚੇ ਜਗਤ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰਨ ਵਾਲਾ ਦੇਸ਼ ਹੈ, ਜਿਸ ਦਾ ਖਮਿਆਜ਼ਾ ਗਰੀਬ ਜਾਂ ਕੁੱਝ ਤਰੱਕੀ ਕਰ ਰਹੇ ਦੇਸ਼ ਭੁਗਤਦੇ ਹਨ। ਮੰਗ ਹੋਣੀ ਚਾਹੀਦੀ ਸੀ ਕਿ ਅਮਰੀਕਾ ਇਸ ਦਾ ਇਵਜ਼ਾਨਾ ਦੇਵੇ। ਅਫ਼ਰੀਕਣ ਯੂਨੀਅਨ ਨੂੰ ਭਾਰਤ ਦੀ ਪਹਿਲਕਦਮੀ 'ਤੇ ਜੀ-20 'ਚ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿੱਚ 55 ਦੇਸ਼ ਹਨ ਅਤੇ ਬਹੁਤ ਗਰੀਬ ਹਨ ਜੇਕਰ ਭਾਰਤ ਆਪਣੀਆਂ ਅਤੇ ਆਪਣੇ ਵਰਗੇ ਹੋਰ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਸਰਦੇ-ਪੁਜਦੇ ਦੇਸ਼ਾਂ ਸਾਹਮਣੇ ਰੱਖਦਾ, ਬੇਰੁਜ਼ਗਾਰੀ, ਭੁੱਖਮਰੀ ਵਰਗੀਆਂ ਅਲਾਮਤਾਂ ਅਤੇ ਸਿੱਖਿਆ, ਸਿਹਤ ਲਈ ਨਵੇਂ ਪ੍ਰੋਜੈਕਟਾਂ ਤੇ ਉਹਨਾਂ 'ਚ ਵਿਕਸਤ ਦੇਸ਼ਾਂ ਦੀ ਸਾਂਝ ਭਿਆਲੀ ਦੀ ਗੱਲ ਕਰਦਾ ਤਾਂ ਸਮਝਿਆ ਜਾਂਦਾ ਕਿ ਆਮ ਆਦਮੀ ਜੀ-20 ਵਿੱਚ ਵੀ ਸ਼ਾਮਿਲ ਸੀ।

ਜਦੋਂ ਭਾਰਤ ਆਪਣੀ ਆਰਥਿਕ ਤਰੱਕੀ ਦੀਆਂ ਗੱਲਾਂ ਵੱਡੇ ਪੱਧਰ 'ਤੇ ਕਰਦਾ ਹੈ ਤਾਂ ਕੁੱਝ ਕੁ ਦਰਜਨ ਚੋਣਵੇਂ ਮੁਲਕਾਂ ਦੇ ਲੋਕ ਭਾਰਤ ਬਾਰੇ ਨੇਕ ਖਿਆਲ ਰੱਖਦੇ ਹਨ। ਪਰ ਅਜਿਹੇ ਲੋਕਾਂ ਦੀ ਜਿੰਨੀ ਗਿਣਤੀ ਪਹਿਲਾਂ ਸਮਿਆਂ 'ਚ ਸੀ, ਉਹ ਘਟ ਗਈ ਹੈ। ਉਸ ਦਾ ਇਕ ਕਾਰਨ ਨਰੇਂਦਰ ਮੋਦੀ ਦੇ ਅਕਸ ਨੂੰ ਦੇਸ਼ ਦੇ ਅਕਸ ਨਾਲੋਂ ਵੱਧ ਉਭਾਰਨਾ ਵੀ ਹੈ।

ਭਾਰਤ ਵਿਕਾਸਸ਼ੀਲ ਦੇਸ਼ ਹੈ। ਇਸ ਦੀ ਆਰਥਿਕਤਾ, ਹੇਠਲੇ-ਨਿਮਨ ਮੱਧ-ਸ਼੍ਰੇਣੀ ਵਰਗ 'ਚ ਸ਼ਾਮਲ ਹੈ। ਇਸ ਦਾ ਉਦਯੋਗ ਅੱਗੇ ਵੱਧ ਰਿਹਾ ਹੈ। ਬਿਨ੍ਹਾਂ ਸ਼ੱਕ ਖੇਤੀ-ਪ੍ਰਧਾਨ ਦੇਸ਼ ਭਾਰਤ ਦੀ ਵੱਡੀ ਗਿਣਤੀ ਆਬਾਦੀ ਦਾ ਮੁੱਖ ਕਿੱਤਾ ਖੇਤੀ ਹੈ ਅਤੇ ਦੇਸ਼ ਦੀ 67 ਫੀਸਦੀ ਆਬਾਦੀ ਪਿੰਡਾਂ 'ਚ ਵਸਦੀ ਹੈ। ਦੇਸ਼ ਦੀ ਆਰਥਿਕਤਾ ਦਾ ਧੁਰਾ ਵੀ ਖੇਤੀ ਹੈ। ਪਰ ਪਿਛਲੇ ਦਹਾਕਿਆਂ 'ਚ ਆਮ ਆਦਮੀ ਦੇ ਪਾਲਨਹਾਰ ਖੇਤੀ ਕਿੱਤੇ ਨੂੰ ਹਾਕਮਾਂ ਵਲੋਂ ਤਰਜੀਹ ਦੇਣਾ ਬੰਦ ਕਰਨ ਕਾਰਨ, ਇਸ ਆਰਥਿਕਤਾ ਦੀ ਮੁੱਢ ਖੇਤੀ ਨੂੰ ਸਿਉਂਕ, ਸੋਕਾ ਲੱਗਣ ਲੱਗਾ ਹੈ। ਸਿੱਟਾ ਆਮ ਆਦਮੀ ਦੀ ਆਰਥਿਕਤਾ ਡਗਮਗਾਉਣ ਲੱਗੀ ਹੈ।

ਲੋਕ ਖੇਤੀ ਛੱਡ ਕੇ ਹੋਰ ਕਿੱਤਿਆਂ ਵੱਲ ਆਉਣ ਲੱਗੇ ਹਨ। ਮੌਜੂਦਾ ਹਾਕਮ ਵੀ ਸਾਜ਼ਿਸ਼ਨ ਕਿਸਾਨਾਂ ਤੇ ਆਮ ਲੋਕਾਂ ਨੂੰ ਖੇਤੀ ਤੋਂ ਵੱਖ ਕਰਕੇ ਜ਼ਮੀਨ ਕਾਰਪੋਰੇਟਾਂ ਹੱਥ ਫੜਾ ਕੇ ਆਪਣਾ ਮੰਤਵ ਸਾਧਨਾਂ ਚਾਹੁੰਦੇ ਹਨ। ਹਾਕਮਾਂ ਵੱਲੋਂ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਉਦਯੋਗ ਸਥਾਪਿਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਵਿਸ਼ਵ ਦੇ ਵਿਕਸਤ ਮੁਲਕਾਂ ਦੀਆਂ ਕੰਪਨੀਆਂ ਭਾਰਤ ਵਰਗੀ ਮੰਡੀ 'ਚ ਵਪਾਰ ਕਰਨ ਵੱਲ ਸੇਧਿਤ ਹਨ। ਇਹਨਾਂ ਕੰਪਨੀਆਂ ਦਾ ਆਮ ਆਦਮੀ ਨਾਲ ਕੋਈ ਸਰੋਕਾਰ ਨਹੀਂ ਹੋ ਸਕਦਾ, ਕਿਉਂਕਿ ਮੁਨਾਫ਼ਾ ਕਮਾਉਣਾ ਹੀ ਉਹਨਾਂ ਦਾ ਮੁੱਖ ਮੰਤਵ ਹੁੰਦਾ ਹੈ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਹਿੰਗਾਈ, ਬੇਰੁਜ਼ਗਾਰੀ, ਭੈੜੇ ਸਿੱਖਿਆ ਅਤੇ ਸਿਹਤ ਪ੍ਰਬੰਧ ਵਿੱਚ ਆਮ ਆਦਮੀ ਸਬੰਧੀ ਹਾਕਮ ਧਿਰ ਦੀ ਭੂਮਿਕਾ ਕੀ ਹੈ? ਕੀ ਦੇਸ਼ 'ਚ ਉਸ ਲਈ ਸਮਾਜਿਕ ਸੁਰੱਖਿਆ ਹੈ? ਦਹਾਕਿਆਂ ਤੋਂ ਹੀ ਖ਼ਾਸ ਕਰਕੇ ਪਿਛਲੇ ਦਹਾਕੇ ਤੋਂ ਆਮ ਆਦਮੀ ਨੂੰ ਰੁਜ਼ਗਾਰ ਦੇਣ ਦੀ ਥਾਂ ਛੋਟੀਆਂ-ਮੋਟੀਆਂ ਸਹੂਲਤਾਂ, ਮੁਫ਼ਤ ਭੋਜਨ, ਤੁੱਛ ਸਬਸਿਡੀਆਂ ਦੇ ਕੇ ਵਿਹਲੜ ਬਨਣ ਵੱਲ ਤੋਰਿਆ ਜਾ ਰਿਹਾ ਹੈ। ਰੁਜ਼ਗਾਰ ਨਹੀਂ ਹੋਏਗਾ ਤਾਂ ਆਮ ਆਦਮੀ ਆਰਥਿਕ ਤਰੱਕੀ ਕਿਵੇਂ ਕਰੇਗਾ? ਉਸ ਦੀ ਆਰਥਿਕਤਾ ਕਿਵੇਂ ਸੁਧਰੇਗੀ?

ਸਿੱਕੇ ਦੇ ਫੈਲਾਅ ਕਾਰਨ, ਵਧਦੀ ਮਹਿੰਗਾਈ ਦੇ ਮੱਦੇਨਜ਼ਰ ਆਮ ਆਦਮੀ ਦੀ ਜੇਬ ਤਾਂ ਖਾਲੀ ਹੀ ਹੈ, ਬਟੂਆ ਵੀ ਖਾਲੀ ਰਹਿੰਦਾ ਹੈ। ਕਾਮਿਆਂ ਦੀਆਂ ਤਨਖ਼ਾਹਾਂ ਵੱਧ ਨਹੀਂ ਰਹੀਆਂ। ਮਗਨਰੇਗਾ ਸਕੀਮ 'ਚ ਮਿਲਦੀ ਮਜ਼ਦੂਰਾਂ ਦੀ ਦਿਹਾੜੀ ਉਸ ਦਾ ਅਤੇ ਉਸ ਦੇ ਟੱਬਰ ਦਾ ਪਾਲਣ-ਪੋਸ਼ਣ ਕਰ ਨਹੀਂ ਰਹੀ। ਉਸ ਨੂੰ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਕਰਜ਼ਾ ਚੁੱਕਣਾ ਪੈ ਰਿਹਾ ਹੈ। ਵਿੱਤੀ ਸਾਲ 2023 ਦੇ ਅੱਧ ਤੱਕ ਇੱਕ ਪ੍ਰਾਪਤ ਰਿਪੋਰਟ ਅਨੁਸਾਰ ਪਿਛਲੇ 30 ਸਾਲਾਂ 'ਚ ਇਹ ਪਹਿਲਾ ਸਮਾਂ ਹੈ ਜਦੋਂ ਆਮ ਆਦਮੀ ਘੱਟ ਤੋਂ ਘੱਟ ਬੱਚਤ ਕਰ ਸਕਿਆ ਹੈ। ਸਿੱਟਾ ਆਰਥਿਕ ਤੰਗੀ ਕਾਰਨ ਉਸ ਦੀ ਮਾਨਸਿਕ ਤਕਲੀਫ਼ ਅਤੇ ਮਾੜੀ ਸਿਹਤ 'ਚ ਨਿਕਲ ਰਿਹਾ ਹੈ ਅੱਛੇ ਦਿਨਾਂ ਦੀ ਆਸ 'ਚ, ਹਾਸ਼ੀਏ 'ਤੇ ਪਹੁੰਚੇ ਭਾਰਤੀ ਨਾਗਰਿਕਾਂ ਦੀਆਂ ਆਸਾਂ, 'ਮਨ ਕੀ ਬਾਤ' ਦੇ ਭਰਮ ਭਰੇ ਜਾਲ 'ਚ ਫਸੀਆਂ ਕਰਾਹ ਰਹੀਆਂ ਨਜ਼ਰ ਆ ਰਹੀਆਂ ਹਨ। ਪੇਂਡੂ ਇਲਾਕਿਆਂ ਵਿੱਚ ਰਹਿੰਦੇ 20 ਫੀਸਦੀ ਲੋਕਾਂ ਨੂੰ 7.2 ਫੀਸਦੀ ਨੋਟ ਪਸਾਰੇ ਅਤੇ ਸ਼ਹਿਰੀ ਇਲਾਕਿਆਂ ਵਿੱਚ 7.6 ਫੀਸਦੀ ਨੋਟ ਕਾਰਨ ਅੰਤਾਂ ਦੀ ਮਹਿੰਗਾਈ ਨੇ ਹਾਲੋਂ ਬੇਹਾਲ ਕੀਤਾ ਹੋਇਆ ਹੈ।

ਕੀ ਵੱਡੇ ਸੰਮੇਲਨ, ਵੱਡੇ ਵਾਇਦੇ, ਆਮ ਆਦਮੀ ਦੀ ਆਰਥਿਕ ਸਥਿਤੀ ਸੁਧਾਰ ਸਕਦੇ ਹਨ? ਨੋਟ ਬੰਦੀ ਦਾ ਭੈੜਾ ਪ੍ਰਭਾਵ, ਆਮ ਆਦਮੀ ਤੇ ਵੱਧ ਪਿਆ। ਕਰੋਨਾ ਕਾਲ 'ਚ ਜੇਕਰ ਕੋਈ ਸਭ ਤੋਂ ਵੱਧ ਆਰਥਿਕ ਤੌਰ 'ਤੇ ਲੁਟਕਿਆ ਤਾਂ ਆਮ ਆਦਮੀ ਸੀ, ਜਿਸ 'ਚ ਕਰੋੜਾਂ ਲੋਕ ਨੌਕਰੀਆਂ ਗੁਆ ਬੈਠੇ ਤੇ ਗਰੀਬੀ ਰੇਖਾ ਤੋਂ ਨੀਵੇਂ ਚਲੇ ਗਏ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com